SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 7 ISSUE - 17
August 8, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸ਼ਿਕਾਗੋ ਦੀਆਂ ਸੜਕਾਂ ’ਤੇ ਗੈਂਗਵਾਰ, ਬਚਣ ਦੀ ਸਲਾਹ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਮੱਧ ਪੱਛਮੀ ਸ਼ਹਿਰ ਸ਼ਿਕਾਗੋ ਵਿੱਚ ਬੀਤੇ ਦਿਨੀ ਦੁਪਹਿਰ 2 ਵਜੇ ਤਕ ਗੋਲੀਬਾਰੀ ਦੀਆਂ ਵਾਪਰੀਆਂ ਵੱਖ ਵੱਖ ਘਟਨਾਵਾਂ ਵਿੱਚ ਪੰਜ ਜਣੇ ਹਲਾਕ ਅਤੇ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਕ ਗੋਲੀਬਾਰੀ ਦੀਆਂ ਇਨ੍ਹਾਂ ਘਟਨਾਵਾਂ ’ਚੋਂ ਕੁਝ ਨੂੰ ’ਨਿਸ਼ਾਨਾ’ ਬਣਾ ਕੇ ਅੰਜਾਮ ਦਿੱਤਾ ਗਿਆ ਜਦੋਂਕਿ ਕੁਝ ਗਿਰੋਹਾਂ ਦੀ ਆਪਸੀ ਤਕਰਾਰ ਦਾ ਨਤੀਜਾ ਸਨ। ਸ਼ਿਕਾਗੋ ਪੁਲਿਸ ਦੀ ਗਸ਼ਤੀ ਟੁਕੜੀ ਦੇ ਮੁਖੀ ਫਰੈਂਡ ਵਾਲਰ ਨੇ ਮਗਰੋਂ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸ਼ਿਕਾਗੋ ਲਈ ਇਹ ’ਹਿੰਸਾ ਦੀ ਰਾਤ’ ਸੀ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਸੜਕਾਂ ’ਤੇ ਗੋਲੀਬਾਰੀ ਦੀਆਂ ਇਨ੍ਹਾਂ ਘਟਨਾਵਾਂ ਨੂੰ ਕਿਸੇ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੀ ਐਨ ਐਨ ਦੀ ਰਿਪੋਰਟ ਮੁਤਾਬਕ ਸੜਕਾਂ ’ਤੇ ਗੋਲੀਬਾਰੀ ਦਾ ਇਹ ਸਿਲਸਿਲਾ ਅੱਧੀ ਰਾਤ ਤੋਂ ਬਾਅਦ ਸ਼ੁਰੂ ਹੋਇਆ। ਤੜਕੇ ਡੇਢ ਵਜੇ ਤੋਂ ਤਿੰਨ ਘੰਟਿਆਂ ਦੇ ਅਰਸੇ ਦੌਰਾਨ ਦਸ ਥਾਈਂ ਗੋਲੀਆਂ ਚੱਲੀਆਂ। ਬੰਦੂਕਧਾਰੀਆਂ ਨੇ ਅੰਤਿਮ ਰਸਮਾਂ ਲਈ ਜੁੜੇ ਲੋਕਾਂ ਸਮੇਤ ਕਈ ਸਮੂਹਾਂ ਨੂੰ ਨਿਸ਼ਾਨਾ ਬਣਾਇਆ। ਰਿਪੋਰਟਾਂ ਮੁਤਾਬਕ ਜ਼ਖ਼ਮੀਆਂ ’ਚ ਇਕ ਗਿਆਰਾ ਸਾਲ ਦਾ ਲੜਕਾ ਵੀ ਸ਼ਾਮਲ ਹੈ। ਯਾਦ ਰਹੇ ਕਿ ਸ਼ਿਕਾਗੋ ਵਿੱਚ ਸਾਲ 2016 ਵਿੱਚ ਰਿਕਾਰਡ 20 ਕਤਲਾਂ ਮਗਰੋਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਸ ਸ਼ਹਿਰ ਨੂੰ ਨਿਯਮਤ ਆਪਣੀ ਆਲੋਚਨਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਉਧਰ ਪੁਲੀਸ ਮੁਖੀ ਵਾਲਰ ਨੇ ਕਿਹਾ ਕਿ ਇਸ ਸਾਲ ਸ਼ਿਕਾਗੋ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ 30 ਫ਼ੀਸਦ ਜਦੋਂਕਿ ਕਤਲਾਂ ’ਚ 25 ਫੀਸਦ ਦੀ ਕਮੀ ਆਈ ਹੈ।





ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ (ਕੈਲੇਫੋਰਨੀਆ) ਨੇ 5 ਅਗਸਤ ਨੂੰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਕਮਿਸ਼ਨਰ ਦੀ ਯਾਦ ਵਿਚ ਹਰ ਸਾਲ ਵਾਂਗ ਇਸ ਸਾਲ ਵੀ ਐਲਕ ਗ੍ਰੋਵ ਰੀਜਨਲ ਪਾਰਕ, ਐਲਕ ਗ੍ਰੋਵ (ਕੈਲੇਫੋਰਨੀਆ) ਵਿਖੇ ਸਲਾਨਾ 10ਵੀਂ ਪਿਕਨਿਕ ਆਯੋਜਿਤ ਕੀਤੀ। ਇਸ ਸਬੰਧਤ ਵਿਸਥਾਰਿਤ **ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ**

## ਇਰਾਨ ਨਾਲ ਕਾਰੋਬਾਰ ਕਰੋ ਜਾਂ ਅਮਰੀਕਾ ਨਾਲ: ਰਾਸ਼ਟਰਪਤੀ ਟਰੰਪ ਦੀ ਧਮਕੀ



**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ’ਤੇ ਨਵੇਂ ਸਿਰਿਓਂ ਪਾਬੰਦੀਆਂ ਆਇਦ ਕਰ ਦਿੱਤੀਆਂ। ਹਾਲਾਂਕਿ ਅਮਰੀਕੀ ਸਦਰ ਨੇ ਸਾਫ਼ ਕਰ ਦਿੱਤਾ ਕਿ ਤਹਿਰਾਨ ਨਾਲ ਨਵਾਂ ਪਰਮਾਣੂ ਸਮਝੌਤਾ ਕਰਨ ਲਈ ਉਨ੍ਹਾਂ ਦੇ ਦਰ ਖੁੱਲ੍ਹੇ ਹਨ। ਯਾਦ ਰਹੇ ਕਿ ਟਰੰਪ ਨੇ ਇਸ ਸਾਲ ਮਈ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਵਿੱਚ ਸਾਲ 2015 ਵਿੱਚ ਇਰਾਨ ਨਾਲ ਹੋਏ ਪਰਮਾਣੂ ਕਰਾਰ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ। ਉਂਜ ਇਰਾਨ ’ਤੇ ਆਇਦ ਸੱਜਰੀਆਂ ਪਾਬੰਦੀਆਂ ਭਾਰਤ ਜਿਹੇ ਮੁਲਕਾਂ ਨੂੰ ਮੁੱਖ ਤੌਰ ’ਤੇ ਅਸਰਅੰਦਾਜ਼ ਕਰਨਗੀਆਂ। ਟਰੰਪ ਨੇ ਕਿਹਾ ਹੈ ਕਿ ਜੋ ਇਰਾਨ ਨਾਲ ਕਾਰੋਬਾਰ ਕਰ ਰਿਹਾ ਹੈ, ਅਮਰੀਕਾ ਉਸ ਨਾਲ ਕਾਰੋਬਾਰ ਨਹੀਂ ਕਰੇਗਾ। ਟਰੰਪ ਦਾ ਇਹ ਬਿਆਨ ਇਰਾਨ ਉੱਤੇ ਦੁਬਾਰਾ ਪਾਬੰਦੀਆਂ ਲਗਾਉਣ ਤੋਂ ਕੁਝ ਘੰਟੇ ਬਾਅਦ ਆਇਆ ਹੈ। ਰਾਸ਼ਟਰਪਤੀ ਟਰੰਪ ਨੇ ਟਵੀਟ ਕਰਕੇ ਕਿਹਾ ਹੈ, ’ਇਹ ਹੁਣ ਤੱਕ ਲਗਾਈਆਂ ਗਈਆਂ ਸਭ ਤੋਂ ਘਾਤਕ ਪਾਬੰਦੀਆਂ ਹਨ ਅਤੇ ਮੈਂ ਸਿਰਫ਼ ਵਿਸ਼ਵ ਸਾਂਤੀ ਤੋਂ ਬਿਨ੍ਹਾਂ ਹੋ ਕੁਝ ਨਹੀਂ ਮੰਗਿਆ।’

ਦਰਅਸਲ ਪਰਮਾਣੂ ਸਮਝੌਤੇ ਤੋਂ ਹੱਥ **(ਬਾਕੀ ਸਫਾ 9 ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Independently Owned & Operated
Jiwan Rattu
Jiwan.realtor@gmail.com
Realtor 2081 Arena Boulevard Suite # 100 Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
LIC# 01959890
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



**KASH FABRICS**
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

**Super Eyebrow Threading Now Open**
Eyebrow Threading & Henna Tattoo
7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA BAZAAR




**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਤਿੰਨ ਸਾਲਾਂ ਦੌਰਾਨ ਬੈਂਕਾਂ ਨਾਲ ਹੋਇਆ 70,000 ਕਰੋੜ ਦਾ ਫਰਾਡ

**ਨਵੀਂ ਦਿੱਲੀ (ਬਿਊਰੋ)–** ਮਾਰਚ 2018 ਤੱਕ ਪਿਛਲੇ ਤਿੰਨ ਵਿੱਤੀ ਸਾਲਾਂ ਦੌਰਾਨ ਧੋਖਾਧੜੀਆਂ ਕਾਰਨ ਭਾਰਤੀ ਬੈਂਕਾਂ ਨੂੰ ਕਰੀਬ 70,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਜਾਣਕਾਰੀ ਵਿੱਤ ਰਾਜ ਮੰਤਰੀ ਸ਼ਿਵ ਪ੍ਰਤਾਪ ਸ਼ੁਕਲਾ ਨੇ ਆਰਬੀਆਈ ਦੇ ਅੰਕੜਿਆਂ ਦੇ ਹਵਾਲੇ ਨਾਲ ਰਾਜ ਸਭਾ ਵਿੱਚ ਦਿੱਤੀ। ਮੰਤਰੀ ਨੇ ਦੱਸਿਆ ਕਿ 2015-16, 2016-17 ਅਤੇ 2017-18 ਵਿੱਚ ਸ਼ਡਿਊਲਡ ਕਮਰਸ਼ੀਅਲ ਬੈਂਕਾਂ (ਐਸ ਸੀ ਬੀਜ਼) ਨੂੰ ਫਰਾਡ ਦੇ ਕੇਸਾਂ ਕਾਰਨ ਕ੍ਰਮਵਾਰ 16409 ਕਰੋੜ ਰੁਪਏ, 16652 ਕਰੋੜ ਰੁਪਏ ਅਤੇ 36694 ਕਰੋੜ ਰੁਪਏ ਦਾ ਨੁਕਸਾਨ ਉਠਾਉਣਾ ਪਿਆ। ਉਨ੍ਹਾਂ ਕਿਹਾ ਕਿ ਐਸਸੀਬੀਜ਼ ਵੱਲੋਂ ਕੁੱਲ ਕਰਜ਼ਿਆਂ ਦੀ ਦਰ 31 ਮਾਰਚ 2008 ਵਿੱਚ 25.03 ਲੱਖ ਕਰੋੜ ਰੁਪਏ ਸੀ ਜੋ 31 ਮਾਰਚ 2014 ਤੱਕ ਵਧ ਕੇ 68.75 ਕਰੋੜ ਰੁਪਏ ਹੋ ਗਏ ਸਨ। ਬੈਂਕਿੰਗ ਖੇਤਰ ਵਿੱਚ ਅਣਮੁੜੇ ਕਰਜ਼ਿਆਂ ਦਾ ਜ਼ਿਕਰ ਕਰਦਿਆਂ ਸ੍ਰੀ ਸ਼ੁਕਲਾ ਨੇ ਜ਼ਾਰਿਹਾਨਾ ਕਰਜ਼ ਵਿਧੀਆਂ, ਕਰਜ਼ੇ ਮੋੜਨ ਤੋਂ ਟਾਲਮਟੋਲ , ਲੋਨ ਫਰਾਡ ਤੇ ਕੁਝ ਕੇਸਾਂ ਵਿੱਚ ਭ੍ਰਿਸ਼ਟਾਚਾਰ




ਇਸ ਰੁਝਾਨ ਦੇ ਕਾਰਨ ਗਿਣਾਏ।

ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਆਰਬੀਆਈ ਡੇਟਾ ਅਨੁਸਾਰ ਅਜਿਹੇ ਕੁੱਲ 139 ਕਰਜ਼ਦਾਰ ਹਨ ਜਿਨ੍ਹਾਂ ਵੱਲੋਂ 1000 ਕਰੋੜ ਰੁਪਏ ਤੋਂ ਵੱਧ ਐਨਪੀਏਜ਼ (ਅਣਮੁੜੇ ਕਰਜ਼ੇ ਦੇ ਬਕਾਏ) ਹਨ। ਆਰਬੀਆਈ ਨੇ ਜੂਨ 2017 ਵਿਚ ਬੈਂਕਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਕਿ 12 ਕਰਜ਼ਦਾਰਾਂ ਦੇ ਮਾਮਲੇ ਵਿੱਚ ਇਨਸੋਲਵੈਂਸੀ ਐਂਡ ਬੈਂਕਰਪਸੀ ਕੋਡ ਆਈਪੀਸੀ ਤਹਿਤ ਕਾਰਪੋਰੇਟ ਰੈਜ਼ੋਲੂਸ਼ਨ ਪ੍ਰਾਸੈਸ ਤਹਿਤ ਕਾਰਵਾਈ ਸ਼ੁਰੂ ਕੀਤੀ ਜਾਵੇ। ਇਨ੍ਹਾਂ 12 ਕਰਜ਼ਦਾਰਾਂ ਵੱਲੋਂ 31 ਮਾਰਚ 2017 ਤੱਕ 197769 ਕਰੋੜ

# ਡੀ ਐਮ ਕੇ ਆਗੂ ਕਰੁਣਾਨਿਧੀ ਦਾ ਦੇਹਾਂਤ

**ਚੇਨੱਈ (ਬਿਊਰੋ)–** ਡੀਐਮਕੇ ਦੇ ਮੁਖੀ ਅਤੇ ਉੱਘੇ ਦ੍ਰਾਵਿੜ ਸਿਆ-ਸਤਦਾਨ ਐਮ ਕਰੁਣਾਨਿਧੀ ਦਾ ਅੱਜ ਇਥੇ ਦੇਹਾਂਤ ਹੋ ਗਿਆ। ਉਹ 94 ਵਰ੍ਹਿਆਂ ਦੇ ਸਨ। ਚੇਨੱਈ ਦੇ ਇਕ ਹਸਪਤਾਲ ਵਿੱਚ ਉਹ ਪਿਛਲੇ 11 ਦਿਨਾਂ ਤੋਂ ਦਾਖ਼ਲ ਸਨ। ਅੱਜ ਸ਼ਾਮ 6:10 ਵਜੇ ਉਨ੍ਹਾਂ ਆਖ਼ਰੀ ਸਾਹ ਲਿਆ। ਤਾਮਿਲਨਾਡੂ ਸਰਕਾਰ ਨੇ ਕਰੁਣਾਨਿਧੀ ਦੀ ਮੌਤ 'ਤੇ ਸੱਤ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਤਕਰੀਬਨ ਸੱਤ ਦਹਾਕੇ ਤਕ ਤਾਮਿਲਨਾਡੂ ਦੀ ਸਿਆਸਤ ਵਿੱਚ ਸਰਗਰਮ ਰਹੇ ਐਮ ਕਰੁਣਾਨਿਧੀ ਆਪਣੇ ਪਿੱਛੇ ਦੋ ਪਤਨੀਆਂ ਅਤੇ ਛੇ ਬੱਚੇ ਛੱਡ ਗਏ ਹਨ। ਕਾਰਵੇ ਹਸਪਤਾਲ ਦੇ ਐਗਜ਼ੀਕਿਊਟਿਵ ਡਾਇਰੈਕਟਰ ਡਾ. ਅਰਵਿੰਦਨ ਸੇਲਵਰਾਜ ਨੇ ਕਿਹਾ ਕਿ ਡਾਕਟਰਾਂ ਦੀ ਟੀਮ ਵੱਲੋਂ ਬਹੁਤ ਯਤਨ ਕਰਨ ਦੇ ਬਾਵਜੂਦ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਤਕਰੀਬਨ ਸੱਤ ਦਹਾਕੇ ਤਕ ਤਾਮਿਲਨਾਡੂ ਦੀ ਸਿਆਸਤ ਵਿੱਚ ਸਰਗਰਮ ਰਹੇ ਐਮ ਕਰੁਣਾਨਿਧੀ ਆਪਣੇ ਪਿੱਛੇ ਦੋ ਪਤਨੀਆਂ ਅਤੇ ਛੇ ਬੱਚੇ ਛੱਡ ਗਏ ਹਨ। ਕਾਰਵੇ ਹਸਪਤਾਲ ਦੇ ਐਗਜ਼ੀਕਿਊਟਿਵ ਡਾਇਰੈਕਟਰ ਡਾ. ਅਰਵਿੰਦਨ ਸੇਲਵਰਾਜ ਨੇ ਕਿਹਾ ਕਿ ਡਾਕਟਰਾਂ ਦੀ ਟੀਮ ਵੱਲੋਂ ਬਹੁਤ ਯਤਨ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਕਰੁਣਾਨਿਧੀ ਦੇ ਪਰਿਵਾਰ ਨਾਲ ਸ਼ੋਕ ਜਤਾਇਆ। ਕਰੁਣਾਨਿਧੀ ਦੀ ਮੌਤ ਮਗਰੋਂ ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਪ੍ਰਗਟਾਇਆ। ਸ੍ਰੀ ਕੋਵਿੰਦ ਨੇ ਟਵੀਟ ਕੀਤਾ, ''ਅੱਜ ਸਾਡੇ ਦੇਸ਼ ਨੂੰ ਵੱਡਾ ਘਾਟਾ ਪਿਆ ਹੈ। ਮੇਰੀ ਪਰਿਵਾਰ ਨਾਲ ਅਤੇ ਲੱਖਾਂ ਪ੍ਰਸੰਸਕਾਂ ਨਾਲ ਹਮਦਰਦੀ ਹੈ।'' ਸ੍ਰੀ ਮੋਦੀ ਨੇ ਕਿਹਾ ਕਿ ਦੇਸ਼ ਦੇ ਵਿਕਾਸ ਵਿੱਚ ਸ੍ਰੀ ਕਰੁਣਾਨਿਧੀ ਦੇ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਕਰੁਣਾਨਿਧੀ ਦੇਸ਼ ਦੇ ਸਭ ਤੋਂ ਸੀਨੀਅਰ ਆਗੂਆਂ 'ਚੋਂ ਇਕ ਸਨ। ਉਨ੍ਹਾਂ ਟਵੀਟ ਕੀਤਾ, ''ਅੱਜ ਅਸੀਂ ਅਜਿਹੇ ਆਗੂ ਨੂੰ ਗੁਆ ਦਿੱਤਾ ਹੈ ਜਿਸ ਨੇ ਸਾਰੀ ਉਮਰ ਗਰੀਬਾਂ ਦੀ ਭਲਾਈ ਲਈ ਕੰਮ ਕੀਤਾ।'' ਇਸੇ ਦੌਰਾਨ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਐਮ. ਕਰੁਣਾਨਿਧੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਸਪਤਾਲ ਦੇ ਬਾਹਰ ਸੈਂਕੜਿਆਂ ਦੀ ਗਿਣਤੀ ਇਕੱਠੇ ਹੋਏ ਲੋਕ ਹੰਝੂ ਵਹਾ ਰਹੇ ਸਨ ਕਈ ਔਰਤਾਂ ਆਪਣੀਆਂ ਛਾਤੀਆਂ ਪਿੱਟ ਰਹੀਆਂ ਸਨ। ਕਰੁਣਾਨਿਧੀ ਦੀ ਮੌਤ ਦੀ ਖ਼ਬਰ ਤੋਂ ਬਾਅਦ ਇਲਾਕੇ ਵਿੱਚ ਸਾਰੀਆਂ ਦੁਕਾਨਾਂ ਬੰਦ ਹੋ ਗਈਆਂ। ਸ੍ਰੀ ਕਰੁਣਾਨਿਧੀ ਦੀ ਮੌਤ ਜੇ. ਜੈਲਲਿਤਾ ਦੀ ਮੌਤ ਤੋਂ 20 ਮਹੀਨਿਆਂ ਬਾਅਦ ਹੋਈ ਹੈ।



# ਕੁੱਟਮਾਰ ਦਾ ਕਾਰਨ ਬਣੀ ਪੱਗ ਨੇ ਹੀ ਸਿੱਖ ਨੂੰ ਬਚਾਇਆ

**ਨਿਊਯਾਰਕ (ਬਿਊਰੋ)–** ਦੋ ਗੋਰਿਆਂ ਦੀਆਂ ਨਸਲੀ ਟਿੱਪਣੀਆਂ ਅਤੇ ਹਮਲੇ ਦਾ ਸ਼ਿਕਾਰ ਬਣੇ 50 ਸਾਲਾ ਸਿੱਖ ਨੇ ਕਿਹਾ, "ਮੇਰੀ ਪੱਗ ਨੇ ਮੈਨੂੰ ਬਚਾਅ ਲਿਆ।'' ਸੁਰਜੀਤ ਸਿੰਘ ਮੱਲ੍ਹੀ ਨੇ ਕਿਹਾ ਕਿ ਉਹ ਕੈਲੀਫੋਰਨੀਆ ਵਿੱਚ ਆਪਣੇ ਘਰ ਨੇੜੇ ਜੈਫ ਡੈਨਹਮ ਲਈ ਪੋਸਟਰ ਚਿਪਕਾ ਰਿਹਾ ਸੀ ਜੋ ਬਤੌਰ ਰਿਪਬਲਿਕਨ ਉਮੀਦਵਾਰ ਫਿਰ ਤੋਂ ਚੋਣਾਂ ਲੜ ਰਹੇ ਹਨ। ਇਸੇ ਦੌਰਾਨ ਦੋ ਵਿਅਕਤੀ ਆਏ ਅਤੇ ਚੀਕਦੇ ਹੋਏ ਕਿਹਾ, ''ਤੁਹਾਡੀ ਇਥੇ ਲੋੜ ਨਹੀਂ, ਆਪਣੇ ਦੇਸ਼ ਵਾਪਸ ਜਾਓ।'' ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪੱਗ ਨੇ ਹੈਲਮਟ ਦੀ ਤਰ੍ਹਾਂ ਜਾਂ ਉਸ ਤੋਂ ਵੀ ਜ਼ਿਆਦਾ ਮਜ਼ਬੂਤੀ ਨਾਲ ਕੰਮ ਕੀਤਾ। ਉਸ ਨੇ ਦੱਸਿਆ ਕਿ ਹਮਲਾਵਰਾਂ ਨੇ ਉਸ ਦੀਆਂ ਅੱਖਾਂ ਵਿੱਚ ਰੇਤਾ ਪਾ ਦਿੱਤਾ ਤਾਂ ਜੋ ਉਹ ਉਨ੍ਹਾਂ ਨੂੰ ਦੇਖ ਨਾ ਸਕੇ। ਉਨ੍ਹਾਂ ਨੇ ਉਸ ਦਾ ਸਿਰ ਫੜਿਆ ਅਤੇ ਡਾਂਗ ਅਤੇ ਬੈਲਟ ਨਾਲ ਉਸ ਦੀ ਕੁੱਟਮਾਰ ਕੀਤੀ। ਮੱਲ੍ਹੀ ਨੇ ਦੱਸਿਆ, ''ਜਿਸ ਤਰ੍ਹਾਂ ਉਹ ਮੈਨੂੰ ਮਾਰ ਰਹੇ ਸਨ, ਮੈਨੂੰ ਲੱਗਿਆ ਮੈਂ ਮਰ ਜਾਵਾਂਗਾ। ਉਹ ਕਹਿ ਰਹੇ ਸਨ, ''ਤੁਸੀਂ ਇਥੋਂ ਦੇ ਨਹੀਂ ਹੋ।''ਸ੍ਰੀ ਮੱਲ੍ਹੀ 1992 ਵਿੱਚ ਅਮਰੀਕਾ ਆਏ ਸਨ ਅਤੇ ਹੁਣ ਉਥੋਂ ਦੇ ਪੱਕੇ ਨਿਵਾਸੀ ਹਨ। ਉਹ ਪੱਗ ਬੰਨ੍ਹਦੇ ਹਨ, ਹੋ ਸਕਦਾ ਹੈ ਕਿ ਇਸੇ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ ਪਰ ਇਸੇ ਪੱਗ ਕਾਰਨ ਉਨ੍ਹਾਂ ਦੀ ਜਾਨ ਵੀ ਬਚ ਗਈ।




## SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਅਗਸਤ ਮਹੀਨੇ ਦੇ ਸਮਾਗਮ

**ਗੁਰੂ ਪਿਆਰ ਸਾਧ ਸੰਗਤ ਜੀਓ**

10 ਅਗਸਤ ਦਿਨ ਸ਼ੁੱਕਰਵਾਰ- ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ।
12 ਅਗਸਤ ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।
ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਸ਼ਿੰਗਾਰਾ ਸਿੰਘ ਰੱਲੂ ਜੀ (ਜਨਰਲ ਸੈਕਟਰੀ ਗੁਰੂ ਘਰ), ਬੀਬੀ ਪੁਸ਼ਪਾ ਰੱਲੂ ਜੀ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਮਿਤੀ 17, 18, 19 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ।

ਗੁਰਪੁਰਬ ਗੁਰੂ ਹਰਿਕ੍ਰਿਸ਼ਨ ਮਹਾਰਾਜ ਮਿਤੀ 10, 11, 12 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ
10 ਅਗਸਤ 2018 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
12 ਅਗਸਤ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

17 ਅਗਸਤ ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
19 ਅਗਸਤ ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।
ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।
ਸੰਗਰਾਂਦ 17 ਅਗਸਤ ਸ਼ਾਮੀ 6 ਵਜੇ ਤੋਂ 8 ਵਜੇ ਤੱਕ
ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ, ਮਿਤੀ 10, 11, 12 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ

ਗੁਰੂ ਘਰ ਦੇ ਜਨਰਲ ਸੈਕਟਰੀ ਸ੍ਰੀ ਸ਼ਿੰਗਾਰਾ ਸਿੰਘ ਰੱਲੂ ਬੀਬੀ ਪੁਸ਼ਪਾ ਰੱਲੂ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਮਿਤੀ 17, 18, 19 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ
17 ਅਗਸਤ 2018 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
19 ਅਗਸਤ 2018 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

## Matrimonials

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com

---

Punjabi (Ramdasia Sikh) Clean shave boy age 27 yrs. 5' 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar Contact: 408.528.4489 Email: tsumman@yahoo.com

# ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਂਨਸਿਨ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ







**ਵਿਸਕਾਨਸਿਨ (ਓਕ ਕ੍ਰੀਕ)–** ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕ੍ਰੀਮ ਵਿਖੇ 5 ਅਗਸਤ 2012 ਦੇ ਦਰਦਨਾਕ ਖ਼ੂਨੀ ਕਾਂਡ 'ਚ ਚਲਾਣਾ ਕਰ ਗਏ ਗੁਰੂ ਘਰ ਦੇ ਸ਼ਰਧਾਲੂਆਂ ਦੀ ਛੇਵੀਂ ਬਰਸੀ 'ਤੇ ਸ਼ਰਧਾਂਜਲੀ ਸਮਾਗਮ ਬੀਤੀ 3 ਤੋਂ5 ਅਗਸਤ 2018 ਨੂੰ ਹੋਇਆ। ਸ਼ਰਧਾਂਜਲੀ ਸਮਾਗਮ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ 3 ਅਗਸਤ ਨੂੰ ਸਵੇਰੇ 10:30 ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 5 ਅਗਸਤ ਨੂੰ ਸਵੇਰੇ 10.30 ਵਜੇ ਪਾਏ ਗਏ। ਉਪਰੰਤ ਸ਼ਬਦ ਕੀਰਤਨ ਅਤੇ ਵਿਛੜੀਆਂ ਰੂਹਾਂਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਭਾਈ ਗੁਰਮੇਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਬੁਲਾਰਿਆਂ ਨੇ ਕਿਹਾ ਕਿ ਇਹ ਇਕੱਲਾ ਸਿੱਖਾਂ ਦਾ ਹੀ ਦੁਖਾਂਤ ਨਹੀਂ ਸਗੋਂ ਇਕ ਅਮਰੀਕੀ ਦੁਖਾਂਤ ਹੈ। ਸਾਨੂੰ ਨਿਮਰਤਾ ਅਤੇ ਪਿਆਰ ਸਹਿਤ ਇਕੱਠੇ ਹੋ ਕੇ ਜਨੂੰਨੀ ਹਿੰਸਾ ਵਿਰੁੱਧ ਡਟਣਾ ਚਾਹੀਦਾ ਹੈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

# ਸਿਆਟਲ ਵਿਚ ਦਸਤਾਰ ਦਿਵਸ ਮਨਾਇਆ- ਮੱਖਣ ਬਰਾੜ ਸਨਮਾਨਿਤ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿੱਖ ਯੂਥ ਸੰਸਥਾ ਵਲੋਂ ਸਿਆਟਲ ਸੈਂਟਰ ਤੇ ਫਿਰ ਕੈਂਟ ਦੇ ਵਿਲਸਨ ਪਲੇਅ ਫੀਲਡਜ਼ ਦੇ ਖੁੱਲ੍ਹੇ ਮੈਦਾਨ ਵਿਚ ਛੋਟੇ-ਛੋਟੇ ਬੱਚਿਆਂ ਨੂੰ ਦਸਤਾਰਾਂ ਸਜਾ ਕੇ ਦਸਤਾਰ ਦਿਵਸ ਮਨਾਇਆ ਗਿਆ, ਜਿਥੇ ਟੋਰਾਂਟੋ ਤੋਂ ਪਹੁੰਚੇ ਨਾਮਵਰ ਲੇਖਕ ਤੇ ਗਾਇਕ ਮੱਖਣ ਬਰਾੜ ਨੇ ਦਸਤਾਰ ਦੀ ਮਹਾਨਤਾ 'ਤੇ ਗੀਤ ਗਾ ਕੇ ਬੱਚਿਆਂ ਵਿਚ ਜੋਸ਼ ਭਰ ਦਿੱਤਾ।

ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਮਾਣ-ਮੱਤੀਆਂ ਸ਼ਖ਼ਸੀਅਤਾਂ ਦੀ ਅਗਵਾਈ ਕਰਦਿਆਂ ਲੈਕਚਰਾਰ ਰਹੇ ਕਰਤਾਰ ਸਿੰਘ ਪੰਨੂੰ ਨੇ ਸਿਰੋਪਾਓ ਪਾ ਕੇ ਮੱਖਣ ਬਰਾੜ ਦਾ ਸਨਮਾਨ ਕੀਤਾ। ਮੱਖਣ ਬਰਾੜ ਨੇ ਦਸਤਾਰ ਦੀ ਮਹਾਨਤਾ ਬਾਰੇ ਦੱਸਿਆ। ਸਿਆਟਲ ਵਿਚ ਵੀ ਗੋਰਿਆਂ, ਕਾਲਿਆਂ ਤੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਦਸਤਾਰਾਂ ਸਜਾਈਆਂ ਗਈਆਂ।

## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
www.deshdoaba.com www.ambedkartimes.com

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
www.deshdoaba.com www.ambedkartimes.com

# ਰੋਜ਼ਵਿਲ ਵਿੱਚ "ਸਹਾਇਤਾ" ਲਈ ਹੋਇਆ "ਫੰਡ ਰੇਜ਼ਰ"ਸਮਾਗਮ





**ਰੋਜ਼ਵਿਲ (ਬਿਊਰੋ)** ਲੰਘੀ 21 ਜੁਲਾਈ ਨੂੰ ਸਮਾਜ ਸੇਵੀ ਸੰਸਥਾ"ਸਹਾਇਤਾ" ਲਈ ਕੈਲੇਫੋਰਨੀਆਂ ਦੇ ਸ਼ਹਿਰ ਰੋਜ਼ਵਿਲ ਵਿੱਚ ਗੁਰੀ ਕੰਗ, ਅਨੂਪਇੰਦਰ ਕੌਰ ਅਤੇ ਅਮਰਜੀਤ ਸਿੰਘ ਦੇ ਉੱਦਮ ਨਾਲ ਇੱਕ ਫੰਡ ਰੇਜ਼ਰ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਡੇਢ ਕੁ ਸੌ ਮਹਿਮਾਨਾਂ ਨੇ ਹਿੱਸਾ ਲਿਆ। ਸੰਸਥਾ ਵਲੋਂ ਪੰਜਾਬ (ਇੰਡੀਆ) ਵਿੱਚ ਲੋੜਵੰਦਾਂ ਲਈ ਸ਼ੁਰੂ ਕੀਤੇ ਸੇਵਾ ਕਾਰਜਾਂ ਬਾਰੇ ਸ. ਦਲਜੀਤ ਸਿੰਘ ਖਹਿਰਾ, ਅਨੂਪਇੰਦਰ ਕੌਰ ਅਤੇ ਡਾ. ਹਰਕੇਸ਼ ਸਿੰਘ ਸੰਧੂ ਨੇ ਵਿਸਥਾਰਤ ਜਾਣਕਾਰੀ ਦਿੱਤੀ। ਸੰਸਥਾ ਵਲੋਂ ਅਤਿ ਦੀ ਗਰੀਬੀ ਦੇ ਝੰਬੇ ਹੋਏ ਤੇ ਬੇਸਹਾਰਾ ਲੋਕਾਂ ਲਈ ਜਿੱਥੇ ਸਿਰ ਢੱਕਣ ਜੋਗੀ ਥਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਉੱਥੇ ਦੁਖੀਆਂ ਤੇ ਰੋਗੀਆਂ ਲਈ ਦਵਾ ਦਾਰੂ ਦਾ ਪ੍ਰਬੰਧ ਅੱਖਾਂ ਦੇ ਇਲਾਜ ਲਈ ਕੈਂਪ ਅਤੇ ਬੱਚਿਆਂ ਦੀ ਪੜ੍ਹਾਈ ਲਈ ਕਿਤਾਬਾਂ ਅਤੇ ਕੱਪੜਿਆਂ ਦਾ ਬੰਦੋਬਸਤ ਵੀ ਕੀਤਾ ਜਾਂਦਾ ਹੈ।

ਪੰਜਾਬ ਵਿੱਚ ਕੋਈ 1000 ਤੋਂ ਉੱਪਰ ਬੱਚੇ ਸੰਸਥਾ







ਦੀ ਮੱਦਦ ਨਾਲ ਪੜ੍ਹ ਲਿਖ ਰਹੇ ਹਨ ਅਤੇ ਕਈ ਚੰਗੀਆਂ ਨੌਕਰੀਆਂ ਲੈਣ ਵਿੱਚ ਕਾਮਯਾਬ ਹੋਏ ਹਨ। ਡਾ. ਸੰਧੂ ਨੇ ਦੱਸਿਆ ਕਿ ਇੱਕ ਆਮ ਬੱਚੇ ਦੀ ਸਾਲ ਦੀ ਪੜ੍ਹਾਈ ਦਾ ਖਰਚਾ ਸਿਰਫ $180.00 ਡਾਲਰ, ਅਸਧਾਰਨ ਬੱਚੇ ਦੀ ਪੜ੍ਹਾਈ ਦਾ ਖਰਚਾ ਸਿਰਫ $360.00 ਡਾਲਰ ਅਤੇ ਖੁਦਕਸ਼ੀ ਕਰ ਗਏ ਕਿਸਾਨ ਦੇ ਪਰਿਵਾਰ ਦੀ ਦੇਖਭਾਲ ਦਾ ਖਰਚਾ $500.00 ਡਾਲਰ ਹੈ। ਕੋਈ ਵੀ ਸੱਜਣ ਇਹ ਸਹਾਇਤਾ ਕਰਨੀ ਚਾਹੇ ਤਾਂ ਸੰਸਥਾ ਨਾਲ 916-246-6088 ਜਾਂ sahaita.org ਉੱਤੇ ਜਾ ਕੇ ਸੰਪਰਕ ਕਰ ਸਕਦਾ ਹੈ।

ਸਮਾਗਮ ਵਿੱਚ "ਸਹਾਇਤਾ"ਦੇ ਸੰਸਥਾਪਕ ਡਾ. ਹਰਕੇਸ਼ ਸਿੰਘ ਸੰਧੂ ਤੋਂ ਇਲਾਵਾ ਸੰਸਥਾ ਦੇ ਨਿਸ਼ਕਾਮ ਤੇ ਅਣਥੱਕ ਸੇਵਾਦਾਰ (ਪ੍ਰਬੰਧਕ) ਸ. ਸਰੂਪ ਸਿੰਘ ਝੱਜ, ਦਲਜੀਤ ਸਿੰਘ ਖਹਿਰਾ, ਅਮ੍ਰਿਤਪਾਲ ਸਿੰਘ ਸਰਾਂ ਤੇ ਲਵੀ ਸਰਾਂ ਤੋਂ ਇਲਾਵਾ ਹੋਰ ਵਰਕਰ ਵੀ ਪਹੁੰਚੇ ਹੋਏ ਸਨ। ਸਹਾਇਕ ਸੱਜਣਾਂ ਵਿੱਚ ਸ. ਪ੍ਰੀਤਮ ਸਿੰਘ ਜੋਗਾ, ਹਰਦੀਪ ਸਿੰਘ ਹੇਅਰ, ਦਲਵੀਰ ਦਿਲ ਨਿੱਝਰ ਅਤੇ ਕੈਨੀ ਵਿਰਕ ਖਾਸ ਤੌਰ ਉੱਤੇ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਪਰਨੀਤ ਕੌਰ ਸਿੱਧੂ ਦੁਆਰਾ ਤਿਆਰ ਕਰਵਾਈਆਂ ਭੰਗੜਾ ਤੇ ਗਿੱਧਾ ਟੀਮਾਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ।

ਜੀਵਨ ਰੱਤੂ ਅਤੇ ਗੋਗੀ ਸੰਧੂ ਨੇ ਇੱਕ ਇੱਕ ਗੀਤ ਗਾ ਕੇ ਰੌਣਕਾਂ ਲਾ ਦਿੱਤੀਆਂ। ਸ਼ਾਇਰ ਅਤੇ ਰਿਐਲਟਰ ਦਿਲ ਨਿੱਝਰ ਨੇ ਆਪਣੇ ਭਾਵਪੂਰ ਸ਼ੇਅਰਾਂ ਨਾਲ ਸਭ ਦੇ ਮਨ ਮੋਹ ਲਏ। ਰੋਟੀ ਪਾਣੀ ਦੀ ਸੇਵਾ ਮਹਿਫਿਲ ਰੈਸਟੋਰੈਂਟ ਵਾਲਿਆਂ ਨੇ ਬੜੀ ਰੂਹ ਨਾਲ ਨਿਭਾਈ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਨਿਭਾਇਆ।

# ਫਰਿਜ਼ਨੋ ਸਿਟੀ ਕੌਂਸਲ ਲਈ ਉਮੀਦਵਾਰ ਪਾਲਾ ਯੈਂਗ ਨੇ ਪੰਜਾਬੀ ਕਮਿਊਨਟੀ ਤੋਂ ਮਦਦ ਮੰਗੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ)**– ਪਰਦੇਸਾਂ ਵਿੱਚ ਵਸਦੇ ਪੰਜਾਬੀ ਜਿੱਥੇ ਪੰਜਾਬ ਦੀ ਰਾਜਨੀਤੀ ਵਿੱਚ ਦਿਲਚਸਪੀ ਰੱਖਦੇ ਨੇ ਓਥੇ ਹੀ ਅਮਰੀਕਾ ਦੀਆਂ ਮਿੱਡ ਟਰਮ ਇਲੈਕਸ਼ਨਾਂ ਵੀ ਸਿਰਤੇ ਹੋਣ ਕਰਕੇ ਹਰਕੋਈ ਉਹਨਾਂ ਨੂੰ ਲੁਭਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਫਰਿਜ਼ਨੋ ਸਿਟੀ ਦੀ ਕੌਂਸਲ ਸੀਟ 5 ਲਈ ਚੋਣ ਲੜ ਰਹੀ ਮੌਂਗ ਕਮਿਊਂਨਟੀ ਨਾਲ ਸੰਬੰਧਿਤ ਪਾਲਾ ਯੈਂਗ ਵੀ ਪੰਜਾਬੀਆਂ ਦੀਆਂ ਵੋਟਾਂ ਖਿੱਚਣ ਲਈ ਪੂਰਾ ਤਾਣ ਲਾ ਰਹੀ ਹੈ। ਪਾਲਾ ਯੈਂਗ ਜਿਹੜੀ ਕਿ 1980 ਦੇ ਦਹਾਕੇ ਤੋਂ ਫਰਿਜ਼ਨੋ ਵਿਖੇ ਰਹਿਕੇ ਕਮਿਊਂਨਟੀ ਦੀ ਸੇਵਾ ਕਰਦੀ ਆ ਰਹੀ ਹੈ। ਪਾਲਾ ਯੈਂਗ ਨੇ ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਨ ਦੱਸਿਆ ਕਿ ਉਹ ਹਿੰਦੁਸਤਾਨ ਦੇ ਗੁਆਢੀ ਦੇਸ਼ ਲਾਊਸ ਨੂੰ ਬਲੌਂਗ ਕਰਦੀ ਹੈ, ਅਤੇ ਉਹ ਚਹੁੰਦੀ ਹੈ ਕਿ ਕੋਈ ਸਾਊਥ ਏਸੀਅਨ ਅਵਾਜ਼ ਫਰਿਜ਼ਨੋ ਸਿਟੀ ਹਾਲ ਵਿੱਚ ਗੂੰਜੇ ਅਤੇ ਇਸੇ ਕਰਕੇ ਘੱਟ ਗਿਣਤੀ ਲੋਕਾਂ ਦੀ ਨੁਮਾਇੰਦਗੀ ਨੂੰ ਮੁੱਖ ਰੱਖਕੇ ਉਹ ਫਰਿਜ਼ਨੋ




ਸਿਟੀ ਕੌਂਸਲ ਦੀ ਚੋਣ ਲੜ ਰਹੀ ਹੈ। ਪਾਲਾ ਯੈਂਗ ਨੇ ਦੱਸਿਆ ਕਿ ਫਰਿਜ਼ਨੋ ਸਿਟੀ ਡਿਸਟਰਿੱਕ 5 ਜਿੱਥੇ ਕਿ ਲੋਕ ਕਾਫ਼ੀ ਸਾਰੀਆਂ ਸਮੱਸਿਆਵਾਂ ਫੇਸ ਕਰ ਰਹੇ ਹਨ ਅਤੇ ਉਹ ਇਸ ਇਲਾਕੇ ਨੂੰ ਰੀਬਿਲਡ ਕਰਨਾ ਚਹੁੰਦੀ ਹੈ। ਉਹਨਾਂ ਕਿਹਾ ਕਿ ਅੱਛੇ ਰੈਸਟੋਰੈਂਟ ਵਿੱਚ ਖਾਣ ਲਈ ਵੀ ਸਾਨੂੰ ਨੌਰਥ ਵਿਸਟ ਫਰਿਜ਼ਨੋ ਵਿੱਖੇ ਜਾਣਾ ਪੈਂਦਾ ਹੈ, ਸਾਡੀਆਂ ਸਟ੍ਰੀਟ ਲਾਈਟਾਂ ਟੁਟੀਆ ਹੋਈਆ ਹਨ, ਸਾਨੂੰ ਅੱਛੇ ਸਕੂਲਾਂ ਦੀ ਜ਼ਰੂਰਤ ਹੈ। ਪੁਲਿਸ ਵਿੱਚ ਸਭ ਕੁਝ ਚੰਗਾ ਨਹੀਂ। ਉਹਨਾਂ ਕਿਹਾ ਕਿ ਇਹਨਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਉਹਨਾ ਨੂੰ ਪੰਜਾਬੀ ਕਮਿਊਂਨਟੀ ਦੇ ਸਾਥ ਦੀ ਲੋੜ ਹੈ ਤਾਂ ਜੋ ਮੈਂ ਤੁਹਾਡੀ ਅਵਾਜ਼ ਨੂੰ ਗੌਰਮਿੰਟ ਦੇ ਕੰਨਾ ਤੱਕ ਪਹੁੰਚਾ ਸਕਾ। ਉਹਨਾ ਕਿਹਾ ਕਿ ਉਹ ਇੱਕ ਫ਼ੌਜੀ ਫੈਮਲੀ ਨੂੰ ਬਲੌਂਗ ਕਰਦੇ ਹਨ ਅਤੇ ਉਹ ਸੱਚੇ ਸਿਪਾਹੀ ਵਾਂਗ ਤੁਹਾਡੇ ਸਾਰਿਆ ਦੇ ਹੱਕਾਂ ਲਈ ਲੜਨਗੇ। ਉਹਨਾਂ ਇਸ ਲੜਾਈ ਵਿੱਚ ਪੰਜਾਬੀ ਕਮਿਊਂਨਟੀ ਤੋਂ ਵੋਟ ਰਾਹੀਂ ਸਾਥ ਦੀ ਮੰਗ ਕੀਤੀ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ- ਏਰੀਆ ਦੀ ਮਾਸਿਕ ਇਕੱਤਰਤਾ ਫੇਵਰੱਟ ਇੰਡੀਆ ਹੇਵਰਡ ਵਿਖੇ ਹੋਈ

**ਹੇਵਰਡ (ਬਿਊਰੋ)** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ-ਏਰੀਆ ਦੀ ਮਾਸਿਕ ਇਕੱਤਰਤਾ ਦਿਨ ਐਤਵਾਰ ਨੂੰ ਫੇਵਰੱਟ ਇੰਡੀਆ ਹੇਵਰਡ ਵਿਖੇ ਹੋਈ। ਸਭਾ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਕਾਰਵਾਈ ਆਰੰਭ ਕੀਤੀ । ਸਭ ਤੋਂ ਪਹਿਲਾਂ ਸ਼ੋਕ ਮਤਾ ਪਾਇਆ ਗਿਆ।

ਚਰਚਿਤ ਕਵਿਤਰੀ ਸੁਰਜੀਤ ਸਖੀ ਜੀ ਦੇ ਪਤੀ ਦਲੀਪ ਸਿੰਘ ਜੀ ਦੀ ਅਚਾਨਕ ਹਾਦਸੇ ਵਿੱਚ ਹੋਈ ਮੌਤ ਉੱਤੇ ਅਫਸੋਸ ਪਰਗਟ ਕੀਤਾ ਗਿਆ। ਜਗਤਾਰ ਗਿੱਲ ਜੀ ਦੀ ਮਾਤਾ ਦੇ ਅਕਾਲ ਚਲਾਣੇ ਉੱਤੇ ਸ਼ੋਕ ਮਤਾ ਪਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਸਨ ਦਰਸ਼ਨ ਨੱਤ, ਪ੍ਰੋਫੈਸਰ ਅਮਰਜੀਤ ਪੰਨੂ, ਪ੍ਰਿੰਸੀਪਲ ਹਜੂਰਾ ਸਿੰਘ।

ਸਭਾ ਦੀ ਕਾਰਵਾਈ ਨੂੰ ਜਾਰੀ ਰੱਖਦਿਆਂ ਕੁਲਵਿੰਦਰ ਨੇ ਸ਼੍ਰੀ ਦਰਸ਼ਨ ਨੱਤ ਜੀ ਨਾਲ ਰੂਬਰੂ ਸ਼ੁਰੂ ਕੀਤਾ। ਦਰਸ਼ਨ ਨੱਤ ਜੀ ਨੇ ਦੱਸਿਆ ਕੇ ਲਿਖਣ ਦੀ ਚੇਟਕ ਉਸਨੂੰ ਪੰਦਰਾਂ ਸਾਲ ਦੀ ਉਮਰ ਵਿੱਚ ਹੀ ਲੱਗ ਗਈ ਸੀ। ਉਨ੍ਹਾਂ ਨੇ ਆਪਣੀ ਲਿਖਣ ਪ੍ਰਕਿਰਿਆ ਬਾਰੇ ਕਾਫੀ ਵਿਸਥਾਰ ਨਾਲ ਚਰਚਾ ਕੀਤੀ । ਲੇਖਕ ਦੋਸਤਾਂ ਵਲੋਂ ਕੀਤੇ ਸਵਾਲਾਂ ਦੇ ਜਵਾਬ ਬੜੇ ਨਾਪ ਤੋਲ ਕੇ ਦਿੱਤੇ। ਦਰਸ਼ਨ ਨੱਤ ਨੇ ਆਪਣੇ ਜੀਵਨ ਦੇ ਖੱਟੇ ਮਿੱਠੇ ਤਜ਼ਰਬੇ ਵੀ ਸਾਂਝੇ ਕੀਤੇ। ਦਰਸ਼ਨ ਨੱਤ ਨੇ ਇਕ ਕਵਿਤਾ ਅਤੇ ਇਕ ਕਹਾਣੀ ਨਾਲ ਆਪਣੀ ਹਾਜ਼ਰੀ ਲਗਵਾਈ।

ਅਖੀਰ ਵਿੱਚ ਕੁਲਵਿੰਦਰ ਨੇ ਆਏ ਸਭ ਲੇਖਕਾਂ ਨੂੰ ਆਪਣੇ ਆਪਣੇ ਕਲਾਮ ਪੜ੍ਹਨ ਦਾ ਸੱਦਾ ਦਿੱਤਾ। ਸਭ ਤੋਂ ਪਹਿਲਾਂ ਸੁਖਦੇਵ ਸਾਹਿਲ ਨੇ ਹਾਜ਼ਰੀ ਲਗਵਾਈ। ਫਿਰ ਤਾਰਾ ਸਾਗਰ, ਹਜੂਰਾ ਸਿੰਘ , ਗੁਰਦੀਪ ਸਿੰਘ, ਮਲੂਕ ਦੁਸਾਂਝ, ਰੇਸ਼ਮ ਸਿੰਘ, ਹਰਭਜਨ ਢਿੱਲੋਂ, ਸੁਖਪਾਲ, ਨੀਲਮ ਸੈਣੀ, ਪ੍ਰੋਫੈਸਰ ਅਮਰਜੀਤ ਕੌਰ ਪਨੂੰ, ਸੁਰਿੰਦਰ ਸੀਰਤ, ਕਮਲ ਦੇਵ ਪਾਲ, ਕੁਲਵਿੰਦਰ ਅਮਰਜੀਤ ਸਿੰਘ ਜੌਹਲ ਅਤੇ ਸੁਖਵਿੰਦਰ ਕੰਬੋਜ ਨੇ ਆਪੋ ਆਪਣੇ ਕਲਾਮ ਪੜ੍ਹੇ।

ਸਟੇਜ ਦੀ ਕਾਰਵਾਈ ਕੁਲਵਿੰਦਰ ਨੇ ਬਹੁਤ ਖੂਬਸੂਰਤ ਨਿਭਾਈ। ਕਾਫੀ ਅਰਸੇ ਬਾਅਦ ਜਨਾਬ ਕੁੰਦਨ ਲਾਲ ਜੀ ਨੇ ਵੀ ਆਪਣੀ ਹਾਜ਼ਰੀ ਲਗਵਾਈ । ਨੀਲਮ ਸੈਣੀ ਦੀ ਪੁਸਤਕ "ਤੀਆਂ ਤੀਜ ਦੀਆਂ" ਗੋਲਡਨ ਕਲੱਬ ਪੰਜਾਬ ਵਲੋਂ ਵਿਪਸਾਅ ਦੇ ਸਹਿਯੋਗ ਨਾਲ ਲੋਕ ਅਰਪਤ ਕਰਨ ਦਾ ਫੈਸਲਾ ਕੀਤਾ ਗਿਆ। ਸਭ ਤੋਂ ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਪਰੀਤੀ ਭੋਜਨ ਵਾਸਤੇ ਦਾਅਵਤ ਦਿੱਤੀ।

# ਪੰਜਾਬੀ ਸਾਹਿਤ ਸਭਾ ਦੀ ਇਕ ਵਿਸ਼ੇਸ਼ ਮੀਟਿੰਗ ਹੋਈ

**ਸਿਆਟਲ (ਬਿਊਰੋ)**– ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਸਭਾ ਦੇ ਪ੍ਰਧਾਨ, ਜਸਵੰਤ ਜੱਸੀ ਸ਼ੀਮਾਰ ਨੇ ਸਾਰੇ ਹਾਜਰ ਮੈਂਬਰਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਦੀ ਗੈਰ ਹਾਜਰੀ ਵਿਚ ਹਰਬੰਸ ਸਿੰਘ ਜਗਿਆਸੂ ਤੇ ਹਰਭਜਨ ਸਿੰਘ ਢੇਰੀ ਦਾ ਇਕ ਜੁਲਾਈ ਨੂੰ ਯੂਬਾ ਸਿਟੀ ਵਿਖੇ ਮਿਲਣੀ ਦਾ ਚੰਗਾ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ। ਦੇਵ ਥਰੀਕੇਵਾਲੇ ਦੀ ਧਰਮ ਪਤਨੀ ਦੇ ਸਦੀਵੀ ਵਿਛੋੜੇ ਤੇ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਇਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ ਤੇ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਉਨ੍ਹਾਂ ਨੂੰ ਵਾਹਿਗੂਰੁ ਚਰਨਾਂ 'ਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਲਿਖਾਰੀ ਸਭਾ ਸਿਆਟਲ ਦੇ ਮੈਂਬਰ ਤੇ ਉੱਘੇ ਲੇਖਕ, ਬਲਹਾਰ ਸਿੰਘ ਲਹਿਲ ਨੂੰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਦੀ ਸੈਕਰਾਮੈਂਟੋ ਵਿਖੇ ਮਹੀਨਾਵਾਰ ਇਕੱਤਰਤਾ ਵਿਚ ਰੂ-ਬਰੂ ਕੀਤਾ ਗਿਆ। ਬਲਹਾਰ ਜੀ ਨੇ ਹੋਰ ਸਾਹਿਤਕ ਚਰਚਾ ਤੋਂ ਛੁੱਟ ਆਪਣੀਆਂ ਦੋ ਬਹੁਤ ਰੋਚਕ ਕਵਿਤਾਵਾਂ, ਜੁਗਨੀ ਤੇ ਘਰੇਲੂ ਨੋਕ ਝੋਕ ਵਧੀਆ ਢੰਗ ਨਾਲ ਪੇਸ਼ ਕੀਤੀਆਂ ਬਲਹਾਰ ਜੀ ਨੇ ਹੋਰ ਸਾਹਿਤਕ ਚਰਚਾ ਤੋਂ ਛੁੱਟ ਆਪਣੀਆਂ ਦੋ ਬਹੁਤ ਰੋਚਕ ਕਵਿਤਾਵਾਂ, ਜੁਗਨੀ ਤੇ ਘਰੇਲੂ ਨੋਕ ਝੋਕ ਵਧੀਆ ਢੰਗ ਨਾਲ ਪੇਸ਼ ਕੀਤੀਆਂ। ਜਿਸ ਦਾ ਸਾਰਿਆਂ ਨੇ ਖੂਬ ਆਨੰਦ ਮਾਣਿਆ। ਸਭਾ ਦੇ ਸਥਾਈ ਡਾਇਰੈਕਟਰ, ਹਰਬੰਸ ਸਿੰਘ ਜਗਿਆਸੂ ਨੇ ਪਹਿਲੀ ਜੁਲਾਈ ਨੂੰ ਸਭਾ ਵਲੋਂ ਯੂਬਾ ਸਿਟੀ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ 179ਵੀਂ ਬਰਸੀ ਮਨਾਈ ਜਾਣ ਬਾਰੇ ਸੰਖੇਪ ਰਿਪੋਰਟ ਪੇਸ਼ ਕੀਤੀ ਅਤੇ ਆਪਣੀਆਂ ਦੋ ਤਾਜ਼ਾ ਰਚਨਾਵਾਂ, "ਸਿਕੰਦਰ ਮੋਇਆ", "ਰੱਬ ਨੇ ਦੁਨੀਆ ਚਲਦੀ ਰੱਖਣ ਲਈ ਸਭ ਨੂੰ ਢਿੱਡ ਲਾ ਦਿੱਤਾ" ਪੇਸ਼ ਕੀਤੀਆਂ। ਸਭਾ ਦੇ ਉਪ ਪ੍ਰਧਾਨ, ਹਰਭਜਨ ਸਿੰਘ ਢੇਰੀ ਨੇ ਇਕ ਕਹਾਣੀ, "ਮਾਂ" ਤੇ ਇਕ ਕਵਿਤਾ, ਪੇਸ਼ ਕੀਤੀਆਂ। ਸਾਬਕਾ ਸਕੱਤਰ, ਇੰਦਰਜੀਤ ਸਿੰਘ ਗਰੇਵਾਲ ਨੇ ਇਕ ਬੜੀ ਰੋਚਕ ਬਾਲ ਕਹਾਣੀ ਤੇ ਇਕ ਕਵਿਤਾ ਤਰੰਨਮ ਵਿਚ ਸੁਣਾਈ। ਸਾਬਕਾ ਪ੍ਰਧਾਨ, ਦਲਬੀਰ ਦਿਲ ਨਿਜਰ ਨੇ ਦੋ ਗਜ਼ਲਾਂ ਸੁਣਾਈਆਂ। ਗਜ਼ਲਗੋ ਇਕਵਿੰਦਰ ਸਿੰਘ ਨੇ ਇਕ ਗਜ਼ਲ ਪੇਸ਼ ਕੀਤੀ। ਕਮਲ ਬੰਗਾ ਨੇ ਆਪਣੇ ਗਜ਼ਲਾਂ ਦੇ ਵੱਡੇ ਖ਼ਜ਼ਾਨੇ ਚੋਂ ਇਕ ਗਜ਼ਲ ਹਾਜ਼ਰ ਕੀਤੀ। ਬਿਕਰ ਸਿੰਘ ਐਸ਼ੀ ਕੰਮਿਆਣਾ ਨੇ ਵੀਹ ਸਾਲ ਪਹਿਲਾਂ ਆਪਣੀ ਜਵਾਨੀ ਦੇ ਰੰਗ ਚ ਰੰਗੀ ਕਵਿਤਾ ਤਰੰਨਮ ਵਿਚ ਪੇਸ਼ ਕੀਤੀ। ਰਮੇਸ਼ ਬੰਗੜ ਜੋ ਹੁਣ ਗੁਰਦਵਾਰਾ ਸਾਹਿਬ ਦੀ ਪ੍ਰਧਾਨਗੀ ਦੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਹੋ ਗਏ ਹਨ ਨੇ ਨਵੀਂ ਲਿਖੀ ਕਵਿਤਾ ਸੁਣਾ ਕੇ ਵਾਹ ਵਾਹ ਖੱਟੀ। ਪਰਮਿੰਦਰ ਸਿੰਘ ਰਾਏ ਨੇ ਆਪਣੀ ਧਾਰਮਿਕ ਕਵਿਤਾ ਆਪਣੀ ਮਿੱਠੀ ਅਵਾਜ਼ ਚ ਗਾ ਕੇ ਸੁਣਾ ਸਭ ਨੂੰ ਨਿਹਾਲ ਕਰ ਦਿੱਤਾ। ਖੁਸ਼ੀ ਰੱਤੂ, ਸਪੁਤਰੀ ਜੀਵਣ ਰੱਤੂ ਜਿਸ ਨੇ ਅੱਜ ਫੋਟੋਆਂ ਖਿੱਚਣ ਦੀ ਸੇਵਾ ਵੀ ਕੀਤੀ ਨੇ ਇਕ ਕਵਿਤਾ ਅੰਗਰੇਜ਼ੀ ਵਿਚ ਸੁਣਾਈ।






ਫਤਿਹ ਸਿੰਘ ਮੱਲ੍ਹੀ ਨੇ ਆਪਣੇ ਭਾਵਪੂਰਤ ਸ਼ਬਦਾਂ ਨਾਲ ਸਾਂਝ ਪਾਈ। ਜੀਵਣ ਰੱਤੂ ਜੋ ਇਕ ਵਧੀਆ ਐਂਕਰ ਹਨ ਨੇ ਅੱਜ ਦੀ ਸਟੇਜ ਨੂੰ ਚਲਾਇਆ ਨੇ ਕੁਝ ਸ਼ੇਅਰ ਤੇ ਇਕ ਕਵਿਤਾ ਸੁਣਾ ਕੇ ਸਭ ਨੂੰ ਖੁਸ਼ ਕਰ ਦਿੱਤਾ। ਹੁਣ ਪ੍ਰਧਾਨ ਜਸਵੰਤ ਸ਼ੀਮਾਰ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਤਰੰਨਮ ਵਿਚ ਆਪਣੀ ਕਵਿਤਾ ਸੁਣਾ ਕੇ ਰਸ ਘੋਲ ਦਿੱਤਾ।ਉਹਨਾਂ ਨੇ ਅੱਜ ਦੀ ਮਿਲਨੀ ਵਿਚ ਭਾਗ ਲੈਣ ਵਾਲੇ ਸਾਰੇ ਸਾਥੀ ਮਿੱਤਰਾਂ ਦਾ ਧੰਨਵਾਦ ਕੀਤਾ ਤੇ ਸਾਰਿਆਂ ਨੂੰ ਪੀਜ਼ਾ ਛਕ ਕੇ ਜਾਣ ਲਈ ਬੇਨਤੀ ਕੀਤੀ। ਅਗਲੀ ਮੀਟਿੰਗ ਅਗਲੇ ਮਹੀਨੇ, 26 ਅਗਸਤ, 2018, ਦਿਨ ਐਤਵਾਰ ਨੂੰ 2 ਤੋਂ 5 ਵਿਚਕਾਰ ਹੋਵੇਗੀ। ਸਾਰੇ ਸਾਹਿਤ ਪ੍ਰੇਮੀਆਂ ਨੂੰ ਵਿਚ ਭਾਗ ਲੈਣ ਲਈ ਖੁੱਲ੍ਹਾ ਸਦਾ ਦਿੱਤਾ ਜਾਂਦਾ ਹੈ।

**ਜਸਵੰਤ ਜੱਸੀ ਸ਼ੀਮਾਰ, ਪ੍ਰਧਾਨ, ਪਸਸਕ,**
**(916) 293-6030.**
**ਹਰਭਜਨ ਸਿੰਘ ਢੇਰੀ, ਉਪ ਪ੍ਰਧਾਨ, ਪਸਸਕ**
**(530) 755-6011**
**ਹਰਬੰਸ ਸਿੰਘ ਜਗਿਆਸੂ, ਸਥਾਈ ਡਾਇਰੈਕਟਰ,**
**(530) 933-2204**

ਦੇਸ਼ ਦੁਆਬਾ

# ਫਿਰ ਵੀ ਇਹ ਭਾਰਤ ਦੇਸ਼ ਹੈ ਮੇਰਾ!

ਭਾਰਤ ਨੇ ਹਾਲ ਹੀ ਵਿਚ ਆਪਣੀ ਆਜ਼ਾਦੀ ਦਾ 71ਵਾਂ ਦਿਹਾੜਾ ਮਨਾਉਣ ਜਾ ਰਿਹਾ ਹੈ। 71 ਸਾਲਾ ਦੀ ਆਜ਼ਾਦੀ ਦੇ ਇਸ ਸਮੇਂ ਦਰਮਿਆਨ ਭਾਰਤ ਨੇ ਦੁਨੀਆਂ ਨੂੰ ਆਜ਼ਾਦੀ ਦਾ ਮਤਲਬ ਸਮਝਾਇਆ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਿਰਜੇ ਸੰਵਿਧਾਨ ਕਰਕੇ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਬਣਨ ਦਾ ਮਾਣ ਹਾਸਲ ਕਰਦਾ ਹੈ। ਭਾਰਤ ਦੀ ਲੋਕਤੰਤਰੀ ਵਿਵਸਥਾ ਤੋਂ ਸਾਰਾ ਵਿਸ਼ਵ ਕਾਇਲ ਹੈ। ਭਾਰਤ ਨੇ 70 ਸਾਲਾਂ ਦੀ ਆਜ਼ਾਦੀ ਦੇ ਸਮੇਂ ਦਰਮਿਆਨ ਅਨਾਜ ਉਤਪਾਦਨ ਵਿਚ ਆਤਮ ਨਿਰਭਰਤਾ ਹਾਸਲ ਕੀਤੀ ਹੈ, ਦੂਰ-ਦੁਰਾਡੇ ਪਿੰਡਾਂ ਤੱਕ ਸੜਕ ਅਤੇ ਬਿਜਲੀ ਦੀ ਪਹੁੰਚ ਯਕੀਨੀ ਬਣਾਈ ਹੈ। ਵੱਡੀਆਂ-ਵੱਡੀਆਂ ਹਾਈਵੇਜ਼ ਦਾ ਨਿਰਮਾਣ ਕੀਤਾ ਹੈ, ਰੇਲਵੇ ਦਾ ਆਧੁਨਿਕੀਕਰਨ ਕੀਤਾ ਹੈ। ਕੱਚੇ ਘਰਾਂ ਤੋਂ ਪੱਕੀਆਂ ਬਿਲਡਿੰਗਾਂ ਅਤੇ ਕੋਠੀਆਂ ਕਾਰਾਂ ਤੱਕ ਦਾ ਸਫਰ ਤਹਿ ਕੀਤਾ ਹੈ। ਅੱਜ ਭਾਰਤ ਦੀਆਂ ਸਸਤੀਆਂ ਕਾਰਾਂ ਸਾਰੀ ਦੁਨੀਆਂ ਵਿਚ ਘੁੰਮ ਰਹੀਆਂ ਹਨ। ਅੱਜ ਭਾਰਤ ਸੂਚਨਾ ਤਕਨੀਕ ਦਾ ਮੋਹਰੀ ਹੈ। ਵਿਗਿਆਨ ਪੱਖੋਂ ਭਾਰਤ ਮੰਗਲ ਗ੍ਰਹਿ ਤੱਕ ਪਹੁੰਚ ਗਿਆ ਹੈ। ਆਰਥਿਕ ਅਤੇ ਸੈਨਿਕ ਮੋਰਚੇ ਤੇ ਭਾਰਤ ਦੁਨੀਆਂ ਦੀ ਚੌਥੀ ਵੱਡੀ ਮਹਾਂਸ਼ਕਤੀ ਬਣ ਗਿਆ ਹੈ। ਇਹ ਸਭ ਗੱਲਾਂ ਸਾਡੀ ਲਈ ਮਾਣ ਅਤੇ ਸਤਿਕਾਰ ਦਾ ਵਿਸ਼ਾ ਹਨ।

ਪਰ ਅਸੀਂ ਅੱਜ ਗੱਲ ਭਾਰਤ ਦੇ ਅੰਦਰੂਨੀ ਮਸਲਿਆਂ ਬਾਰੇ ਕਰਾਂਗੇ। ਡਾ. ਸਾਹਿਬ ਬਾਬਾ ਸਾਹਿਬ ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਡਰਾਫਟਿੰਗ ਕਰਕੇ ਭਾਰਤ ਨੂੰ ਇਸ ਦਿਸ਼ਾ ਵਿਚ ਵਧਣ ਲਈ ਮੌਕਾ ਦਿੱਤਾ। ਭਾਰਤ ਵਿਚ ਗਰੀਬ, ਪੱਛੜੇ ਅਤੇ ਧਿਰਕਾਰੇ ਲੋਕਾਂ ਲਈ ਜੋ ਵੰਡੀਆਂ ਸਦੀਆਂ ਪੁਰਾਣੀ ਵਰਣ ਵਿਵਸਥਾ ਨੇ ਪੈਦਾ ਕੀਤੀ ਸੀ, ਉਹ ਅੱਜ ਵੀ ਮੁਸ਼ਕਿਲ ਖੜ੍ਹੀ ਕਰ ਰਹੀ ਹੈ। ਅੱਜ ਵੀ ਐਸ. ਸੀ., ਐਸ. ਟੀ., ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸਮਾਜਿਕ ਪੱਧਰ ਤੇ ਬਰਾਬਰੀ ਦਾ ਦਰਜਾ ਨਹੀਂ ਮਿਲ ਰਿਹਾ। ਰਿਜ਼ਰਵੇਸ਼ਨ, ਜਿਸ ਦੇ ਜ਼ਰੀਏ ਇਹਨਾਂ ਵਰਗਾਂ ਨੂੰ ਆਰਥਿਕ ਤੌਰ ਤੇ ਉਚਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ, ਰਾਜਨੀਤੀ ਦਾ ਸ਼ਿਕਾਰ ਹੋ ਗਈ ਹੈ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਪਲਾਨ 2017-2024 ਲਈ ਜੋ ਵਿਕਾਸ ਦਾ ਨਾਅਰਾ ਬੁਲੰਦ ਕੀਤਾ ਹੈ, ਪਰ ਇਹ ਨਾਅਰਾ ਕੀ ਭਾਰਤ ਦੇ ਸਮਾਜ ਵਿਚ ਫੈਲੀ ਅਸਮਾਨਤਾ ਨੂੰ ਖਤਮ ਕਰ ਸਕੇਗਾ। ਛੂਤਛਾਤ ਅੱਜ ਵੀ ਭਾਰਤ ਦੇ ਸਮਾਜਿਕ ਪੱਧਰ ਦੇ ਕਾਇਮ ਹੈ, ਇਸ ਦੇ ਕਾਰਨ ਭਾਰਤ ਵਿਚ ਸਮਾਜਿਕ ਕਲੇਸ਼ ਵਧਦੇ ਜਾ ਰਹੇ ਹਨ। ਇਹ ਸਮਾਜਿਕ ਸਮੱਸਿਆ ਦਾ ਹੱਲ ਕਾਨੂੰਨ ਨਹੀਂ ਕਰ ਪਾ ਰਹੇ ਹਨ। ਸਮਾਜ ਇਸ ਸਮੱਸਿਆ ਦਾ ਹੱਲ ਕੱਢਣ ਲਈ ਤਿਆਰ ਨਹੀਂ। ਰਿਜ਼ਰਵੇਸ਼ਨ ਅੱਜ ਸਿਆਸੀ ਮੁੱਦਾ ਬਣ ਚੁੱਕੀ ਹੈ। ਇਹਨਾਂ ਸਾਰੀਆਂ ਮੁਸ਼ਕਿਲਾਂ ਵਿਚਕਾਰ ਭਾਰਤ ਇਕ ਪੂਰਨ ਰਾਸ਼ਟਰ ਬਣਨ ਦਾ ਰਾਹ ਵਿਚ ਦਿੱਕਤਾਂ ਮਹਿਸੂਸ ਕਰ ਰਿਹਾ ਹੈ।

ਭਾਰਤ ਦਾ ਹਰ ਨਾਗਰਿਕ ਭਾਰਤੀ ਕਹਾਉਣ ਲਈ ਤਿਆਰ ਹੈ ਪਰ ਜਦੋਂ ਗੱਲ ਜਾਤੀਵਾਦ ਦੀ ਆ ਜਾਂਦੀ ਹੈ ਤਾਂ ਪੂਰਨ ਤੌਰ ਤੇ ਵੰਡਿਆ ਮਹਿਸੂਸ ਕਰਦਾ ਹੈ। ਜਦੋਂ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਨਿਕਲਦਾ, ਭਾਰਤ ਇਕ ਤਾਕਤਵਰ ਸਮਾਜ ਅਤੇ ਮੁਲਕ ਵਜੋਂ ਨਹੀਂ ਉਭਰ ਸਕੇਗਾ। ਆਸ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਇਸ ਦਿਸ਼ਾ ਵਿਚ ਇਮਾਨਦਾਰੀ ਨਾਲ ਕੰਮ ਕਰਨਗੀਆਂ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-75

## ਗੁਰਬਾਣੀ ਚਾਨਣ ਚ ਕੀ ਰੱਬ ਕੇਸਾਂ ਵਾਲਾ ਕੇਸ਼ੋ ਜਾਂ ਕੇਸ਼ਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਅਰਜਨ ਸਾਹਿਬ ਨੇ ਪ੍ਰਭੂ ਨੂੰ ਸੁਹਣੇ ਨੱਕ ਤੇ ਲੰਬੜੇ ਵਾਲਾਂ ਵਾਲਾ ਕਿਹਾ ਹੈ ਕਿਉਂਕਿ ਸਰਗੁਣ ਸਰੂਪ ਚ ਉਸ ਦਾ ਬਾਹਰੀ ਰੂਪ ਬਨਸਪਤੀ ਅਤੇ ਜੀਵਾਂ ਦੇ ਰੂਪ ਚ ਮਾਨੋ ਸੁਹਣੇ ਕੇਸਾਂ ਵਾਲਾ ਹੈ-ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੁਹਣੇ ਨੱਕ ਜਿਤ ਲੰਬੜੇ ਵਾਲਾ॥(੫੬੭) ਕਬੀਰ ਸਾਹਿਬ ਜੀ ਵੀ ਇਸ ਬਾਰੇ ਕਹਿ ਰਹੇ ਹਨ ਕਿ ਐਸੇ ਸੁੰਦਰ ਸਰੂਪ ਕੇਸ਼ੋ ਨੂੰ ਸਦਾ ਯਾਦ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਕਦੇ ਤਾਂ ਉਹ ਪਿਆਰ ਭਰੀ ਪੁਕਾਰ ਸੁਣੇਗਾ ਹੀ-ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕਿ ਸੁਨੂ ਪੂਕਾਰ॥(੧੩੭੬)

ਪੱਤਲਾਂ ਤੇ ਪਿੰਡ ਭਰੌਣੇ ਦੀ ਕਿਰਿਆ ਕਰਮ ਕਰਨਾ ਮੇਰੇ ਵਾਸਤੇ ਕਰਤਾਰ ਦਾ ਸੱਚਾ ਨਾਮ (ਨਿਯਮ) ਹੀ ਕੇਸ਼ੋ ਹੈ ਜੋ ਲੋਕ ਪ੍ਰਲੋਕ ਚ ਭਾਵ ਹਰ ਥਾਂ ਮੇਰਾ ਆਸਰਾ ਹੈ-ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮ ਕਰਤਾਰੁ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਅਧਾਰੁ॥੨॥ ਉਹ ਸੁੰਦਰ ਕੇਸ਼ਾਂ ਵਾਲਾ ਅਹਾਰ ਰਹਿਤ ਤੇ ਨਿਰਵੈਰ ਹੈ-ਨਿਰਾਹਾਰੀ ਕੇਸ਼ਵ ਨਿਰਵੈਰਾ॥(੯੮) ਉਹ ਕੇਸ਼ਵ ਵਿਲੱਖਣ ਕੌਤਕ ਕਰਦਾ ਤੇ ਉਸ ਦੇ ਨਿਯਮਾਂ ਚ ਚੱਲਣ ਵਾਲੇ ਉਸ ਦੀ ਰਜਾ ਚ ਜੋ ਕਰਮ ਕਰਣਗੇ ਉਹ ਹੋ ਜਾਵੇਗਾ-ਕੇਸਵ ਚਲਤ ਕਰਹਿ ਨਿਰਾਲੇ॥ ਕੀਤਾ ਲੋੜਹਿ ਸੋ ਹੋਇਗਾ (੧੦੯੨)

ਜਦ ਰੱਬ ਨਿਰੰਕਾਰ ਹੈ, ਫਿਰ ਉਸ ਨੂੰ ਕੇਸਾਂ ਵਾਲਾ ਕਿਉਂ ਕਿਹਾ ਹੈ? ਕਿਉਂਕਿ ਬਹੁਤੇ ਪੁਰਾਤਨ ਮੱਤ ਉਸ ਨੂੰ ਅਵਤਾਰਾਂ ਦੇ ਰੂਪ ਚ ਦੇਹਧਾਰੀ ਮੰਨਦੇ ਸਨ ਤੇ ਹਨ। ਵੇਖਣ ਤੇ ਵਿਚਾਰਨ ਦੀ ਗੱਲ ਹੈ ਕਿ ਕੇਸਾਂ ਨਾਲ ਕੇਵਲ ਸੁਹੱਪਣ ਦੀ ਤਸ਼ਬੀਹ ਦਿੱਤੀ ਗਈ ਹੈ। ਗੁਰਮਤਿ ਨੇ ਰੱਬ ਦੇ ਦੋ ਰੂਪ ਮੰਨੇ ਇੱਕ ਸਰਗੁਣ ਤੇ ਦੂਜਾ ਨਿਰਗੁਣ। ਗੁਰਬਾਣੀ ਚ ਜਿੱਥੇ ਵੀ ਉਸ ਨੂੰ ਕੇਸੋ, ਕੇਸ਼ਵ ਜਾਂ ਕੇਸਾ ਵਾਲਾ ਕਿਹਾ ਹੈ ਓਥੇ ਉਸ ਦਾ ਸਰਗੁਣ ਸਰੂਪ ਬਿਆਨ ਕੀਤਾ ਹੈ। ਸਰਗੁਣ ਵਿੱਚ ਸਾਰਾ ਦਿਸਦਾ ਸੰਸਾਰ ਆ ਜਾਂਦਾ ਹੈ- ਜੋ ਦੀਸੈ ਸੋ ਤੇਰਾ ਰੂਪੁ॥ਗੁਣ ਨਿਧਾਨ ਗੋਵਿੰਦ ਅਨੂਪ॥(੭੨੪) ਜਿੰਨੇ ਵੀ ਜੀਵਾਂ ਦੇ ਕੇਸ ਜਾਂ ਬਨੱਸਪਤੀ ਹੈ ਹੇ ਪ੍ਰਭੂ ਇਹ ਤੇਰੇ ਸੁੰਦਰ ਸਰੂਪ ਕੇਸ ਹਨ। ਉਂਝ ਨਿਰਗੁਣ ਸਰੂਪ ਚ ਤੇਰਾ ਇਕ ਵੀ ਕੇਸ ਨਹੀਂ। ਸੋ ਕੇਸ ਜਾਂ ਕੇਸਵ ਲਫਜ ਅਲੰਕਾਰਕ ਤੋਰ ਵਰਤੇ ਹਨ। ਸਿੱਖਾਂ ਵਿੱਚ ਕੇਸਾਂ ਦੀ ਮਹਾਨਤਾ ਡਸਿਪਲਨ ਕਰਕੇ ਹੈ ਵਰਨਾ ਬਹੁਤੇ ਕੇਸਧਾਰੀ ਵੀ ਬਹੁਤ ਪੁੱਠੇ ਸਿੱਧੇ ਗਲਤ ਕੰਮ ਕਰਦੇ ਰਹਿੰਦੇ ਹਨ। ਸੋ ਸਾਨੂੰ ਆਪਣੇ ਜੀਵਨ ਨੂੰ ਵੀ ਕੇਸ਼ਵ-ਸੁੰਦਰ ਬਨਾਉਣਾ ਚਾਹੀਦਾ ਹੈ ਨਿਰਾ ਬਾਹਰੀ ਕੇਸਾਂ ਵਾਲਾ ਰੂਪ ਹੀ ਸੁੰਦਰ ਨਹੀਂ ਸਮਝਣਾ ਚਾਹੀਦਾ। ਜੇ ਤੁਸੀ ਪ੍ਰਮਾਤਮਾਂ ਨੂੰ ਕੇਸੋ ਜਾਂ ਕੇਸਵ ਕਹਿੰਦੇ ਹੋ ਤਾਂ ਉਸ ਦੇ ਸੁੰਦਰ-ਸੁਹਣੇ ਸਦਗੁਣ ਵੀ ਜੀਵਨ ਚ ਧਾਰਨ ਕਰੋ, ਤਾਂ ਹੀ ਜੀਵਨ ਸਫਲਾ ਹੋਵੇਗਾ। ਕੇਸ ਵੀ ਦੁਨਿਆਵੀ ਸਰੀਰਕ ਅੰਗ ਹਨ ਜੋ ਸਰੀਰ ਦੇ ਬਿਨਸਨ ਨਾਲ ਹੀ ਘਾਹ ਦੇ ਪੂਲੇ ਵਾਂਗ ਸੜ ਜਾਂਦੇ ਹਨ-ਹਾਡ ਜਲੇ ਜੈਸੇ ਲਕਰੀ ਕਾ ਤੂਲਾ॥ ਕੇਸ ਜਲੇ ਜੈਸੇ ਘਾਸ ਕਾ ਪੂਲਾ॥(੮੭੦) ਸੋ ਪ੍ਰਮਾਤਮਾਂ ਨੂੰ ਕੇਸਾਂ ਵਾਲਾ ਕਹੇ ਕੇ ਅਲੰਕਾਰਕ ਤੌਰ ਤੇ ਉਸ ਦੇ ਸਰਗੁਣ ਸਰੂਪ ਦੀ ਸੁੰਦਰਤਾ ਬਿਆਨ ਕੀਤੀ ਹੈ ਨਾ ਕਿ ਕੇਵਲ ਕੇਸਾਂ ਵਾਲਾ ਕੋਈ ਇੱਕ ਮਨੁੱਖ ਰੱਬ ਹੈ!

# ਭਾਰਤੀ ਰਾਜਨੀਤੀ, ਤਾਂ ਇਉਂ ਹੀ ਚਲੇਗੀ!



ਜਸਵੰਤ ਸਿੰਘ 'ਅਜੀਤ'

ਹਿੰਦੀ ਦੇ ਇੱਕ ਲੇਖਕ ਰਾਜੇਂਦਰ ਘੋੜਪਕੜ ਦੀ ਮਾਨਤਾ ਹੈ ਕਿ ਕੋਈ ਵੀ ਆਦਮੀ ਬਿਨਾ ਦ੍ਰਿੜ੍ਹ ਆਤਮ-ਵਿਸ਼ਵਾਸ ਦੇ ਨੇਤਾ ਨਹੀਂ ਬਣ ਸਕਦਾ, ਇਸਦਾ ਕਾਰਣ ਉਹ ਇਹ ਦਸਦਾ ਹੈ ਕਿ ਆਤਮ-ਵਿਸਵਾਸ ਹੀ ਉਹ ਬੁਨਿਆਦੀ ਅਧਾਰ ਹੈ, ਜਿਸਦੇ ਸਹਾਰੇ ਇਨਸਾਨ ਨੇਤਾ ਬਣ ਸਕਦਾ ਹੈ। ਕਿਸੇ ਵੀ ਇਨਸਾਨ ਦੇ ਦਿਲ ਵਿੱਚ ਇਹ ਵਿਚਾਰ ਕਿ ਉਸਨੂੰ ਲੋਕਾਂ ਦੀ ਅਗਵਾਈ ਕਰਨੀ ਚਾਹੀਦੀ ਹੈ, ਲੋੜੋਂ ਵੱਧ ਆਤਮ-ਵਿਸ਼ਵਾਸ ਦੇ ਬਿਨਾਂ ਨਹੀਂ ਆ ਸਕਦਾ ਅਤੇ ਇਤਨਾ ਆਤਮ-ਵਿਸ਼ਵਾਸ ਬਿਨਾਂ ਅਥਾਹ ਅਗਿਆਨਤਾ ਦੇ ਨਹੀਂ ਆ ਸਕਦਾ। ਕਈ ਵਿਦਵਾਨਾਂ ਦਾ ਕਹਿਣਾ ਹੈ ਕਿ ਆਤਮ-ਵਿਸ਼ਵਾਸ ਅਗਿਆਨਤਾ ਦਾ ਹੀ ਸਮਾਨੁਪਾਤੀ ਹੁੰਦਾ ਹੈ, ਅਰਥਾਤ ਅਗਿਆਨ ਜਿਤਨਾ ਜ਼ਿਆਦਾ ਹੋਵੇਗਾ, ਉਤਨਾ ਹੀ ਜ਼ਿਆਦਾ ਆਤਮ-ਵਿਸ਼ਵਾਸ ਹੋਵੇਗਾ। ਜਿਉਂ-ਜਿਉਂ ਗਿਆਨ ਵਧਦਾ ਜਾਂਦਾ ਹੈ, ਤਿਉਂ-ਤਿਉਂ ਇਨਸਾਨ ਵਿੱਚ ਆਪਣੇ ਵਿੱਚ ਕਮੀਆਂ 'ਕਮਜ਼ੋਰੀਆਂ' ਹੋਣ ਦਾ ਅਹਿਸਾਸ ਵਧਦਾ ਅਤੇ ਆਤਮ-ਵਿਸ਼ਵਾਸ ਘਟਦਾ ਜਾਂਦਾ ਹੈ। ਜਿਤਨਾ ਹੀ ਵਧੇਰੇ ਗਿਆਨ ਪੈਦਾ ਹੋਵੇਗਾ ਉਤਨਾ ਹੀ ਵਧੇਰੇ ਕਨਫਿਊਜ਼ਨ ਪੈਦਾ ਹੋ ਜਾਇਗਾ। ਮਤਲਬ ਇਹ ਕਿ ਜਿਤਨਾ ਘਟ ਗਿਆਨ, ਉਤਨਾ ਹੀ ਘਟ ਕਨਫਿਊਜ਼ਨ। ਇਸ ਲਈ ਸਾਨੂੰ ਨੇਤਾਵਾਂ ਦੇ ਬੇ-ਤੁਕੇ ਬਿਆਨਾਂ ਦੀ ਅਲੋਚਨਾ ਨਹੀ ਕਰਨੀ ਚਾਹੀਦੀ। ਜਦਕਿ ਅਸੀਂ ਜਾਣਦੇ ਹਾਂ ਕਿ ਉਹ ਲੋੜੋਂ ਵੱਧ ਪੈਦਾ ਹੋਏ ਅਗਿਆਨ ਦੇ ਆਤਮ-ਵਿਸ਼ਵਾਸ ਦੇ ਕਾਰਣ ਹੀ ਨੇਤਾ ਬਣੇ ਹੋਏ ਹਨ।

ਇਸ ਹਾਲਤ ਵਿੱਚ ਅਸੀਂ ਉਨ੍ਹਾਂ ਪਾਸੋਂ ਸਮਝਦਾਰੀ ਭਰੇ ਬਿਆਨਾਂ ਦੀ ਆਸ ਕਿਵੇਂ ਤੇ ਕਿਉਂ ਰਖੀਏ? ਜੇ ਅਜਿਹਾ ਨਾ ਹੁੰਦਾ ਤਾਂ ਆਇੰਨਸਟਾਈਨ ਅਤੇ ਰਾਹੁਲ ਸਾਂਸਕ੍ਰਿਤਿਆਇਨ ਜਿਹੇ ਵਿਦਵਾਨ ਸਾਡੇ ਨੇਤਾ ਹੁੰਦੇ। ਉਨ੍ਹਾਂ ਨੂੰ ਤਾਂ ਅਸਾਂ ਆਪਣਾ ਨੇਤਾ ਬਣਇਆ ਹੀ ਨਹੀਂ। ਇਸ ਹਾਲਤ ਵਿੱਚ ਜਿਨ੍ਹਾਂ ਨੂੰ ਅਸਾਂ ਆਪਣਾ ਨੇਤਾ ਬਣਾਇਆ ਹੈ, ਉਨ੍ਹਾਂ ਵਿੱਚ ਗਿਆਨ ਤੇ ਵਿਦਵਤਾ ਦੀ ਚਮਕ ਕਿਉਂ ਢੂੰਡੀਏ? ਅਜਿਹਾ ਸੋਚਣ ਅਤੇ ਸਮਝਣ ਦੀ ਸਾਡੀ ਆਦਤ ਬਹੁਤ ਹੀ ਖਰਾਬ ਹੈ, ਕਿਉਂਕਿ ਅਜ਼ਾਦੀ ਦੇ ਅੰਦੋਲਣ ਵਿੱਚ ਸਾਨੂੰ ਅਜਿਹੇ ਲੋਕੀ ਮਿਲ ਗਏ ਸਨ, ਜੋ ਨੇਤਾ ਵੀ ਸਨ ਅਤੇ ਪੜ੍ਹੇ-ਲਿਖੇ ਵੀ। ਤਿਲਕ, ਗਾਂਧੀ, ਨਹਿਰੂ, ਮੌਲਾਨਾ ਅਜ਼ਾਦ, ਅੰਬੇਡਕਰ ਆਦਿ ਅਜਿਹੇ ਨੇਤਾ ਸਨ, ਜੋ ਪੜ੍ਹੇ-ਲਿਖੇ ਤੇ ਨੇਤਾ ਵੀ ਸਨ। ਉਸ ਦੌਰ ਵਿੱਚ ਜੋ ਅਗਿਆਨੀ ਅਤੇ ਆਤਮ-ਵਿਸ਼ਵਾਸ ਵਿੱਚ ਭਰੇ ਲੋਕੀ ਸਨ, ਉਹ ਅੰਗ੍ਰੇਜ਼ਾਂ ਦੇ ਡਰੋਂ ਨੇਤਾ ਬਣਨ ਦਾ ਖਤਰਾ ਉਠਾਣਾ ਨਹੀਂ ਸੀ ਚਾਹੁੰਦੇ। ਇਸੇ ਲਈ ਇਨ੍ਹਾਂ ਪੜ੍ਹੇ-ਲਿਖੇ ਲੋਕਾਂ ਨੂੰ ਹੀ ਨੇਤਾ ਬਣਾਉਣਾ ਪਿਆ। ਇਨ੍ਹਾਂ ਦੇ ਕਾਰਣ ਹੀ ਗਲਤਫਹਿਮੀ ਪੈਦਾ ਹੋ ਗਈ ਕਿ ਨੇਤਾ ਲੋਕੀ ਵਿਦਵਾਨ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਮਝਦਾਰੀ ਦੀਆਂ ਗਲਾਂ ਕਰਨੀਆਂ ਚਾਹੀਦੀਆਂ ਹਨ। ਇਹੀ ਕਾਰਣ ਹੈ ਕਿ ਅੱਜਕਲ ਦੇ ਨੇਤਾ ਗਾਂਧੀ-ਨਹਿਰੂ ਦੇ ਨਾਂ ਤੋਂ ਚਿੜ੍ਹਦੇ ਹਨ। ਇਸਲਈ ਦੇਸ਼ ਵਾਸੀਆਂ ਨੂੰ 'ਨਿਮਰਤਾ' ਸਹਿਤ ਬੇਨਤੀ ਹੈ ਕਿ ਉਹ ਅੱਜ ਦੇ ਨੇਤਾਵਾਂ ਦੇ ਬੇ-ਤੁਕੇ ਬਿਆਨਾਂ ਦੀ ਅਲੋਚਨਾ ਨਾ ਕਰਨ। ਜੇ ਉਨ੍ਹਾਂ ਨੂੰ ਸਮਝਦਾਰੀ ਦੀਆਂ ਗਲਾਂ ਸੁਣਨ ਦਾ ਸ਼ੌਕ ਹੈ ਤਾਂ ਉਹ ਰਾਜਨੀਤੀ ਛੱਡ ਕਿਸੇ ਦੂਜੇ ਖੇਤ੍ਰ ਵਿੱਚ ਚਲੇ ਜਾਣ! ਸਾਡੀ ਰਾਜਨੀਤੀ ਤਾਂ ਇਸੇ ਹੀ ਤਰ੍ਹਾਂ ਚਲੇਗੀ।

ਰਣਨੀਤਕ ਬਿਆਨ : ਕੁਝ ਲੋਕਾਂ ਦਾ ਕਹਿਣਾ ਹੈ ਕਿ ਕਾਂਗ੍ਰਸ ਪ੍ਰਧਾਨ ਰਾਹੁਲ ਅਤੇ ਉਸਦੀ ਮਾਂ ਸੋਨੀਆ ਗਾਂਧੀ ਪੁਰ ਇਹ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਉਨ੍ਹਾਂ ਵਿੱਚ ਪ੍ਰਧਾਨ ਮੰਤਰੀ ਬਣਨ ਦੀ ਚਾਹਤ ਹੈ। ਸੰਨ-2004 ਦੀਆਂ ਆਮ ਚੋਣਾਂ ਵਿੱਚ ਯੂਪੀਏ ਨੂੰ ਮਿਲੇ ਬਹੁਮਤ ਦੇ ਬਾਅਦ, ਜਦੋਂ ਕਈ ਪਾਰਟੀਆਂ ਨੇ ਆਪਣੇ ਸਮਰਥਨ ਦੀ ਚਿੱਠੀ ਸੋਨੀਆ ਗਾਂਧੀ ਦੇ ਨਾਂ ਪੁਰ ਦੇ ਦਿੱਤੀ ਅਤੇ ਜਦੋਂ ਭਾਜਪਾ ਦੀਆਂ ਸੁਸ਼ਮਾ ਸਵਰਾਜ ਅਤੇ ਉਮਾ ਭਾਰਤੀ ਜਿਹੀਆਂ ਨੇਤਾਵਾਂ ਸੋਨੀਆ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਸਿਰ ਮੁੰਡਾਣ ਤਕ ਦੀਆਂ ਗਲਾਂ ਕਰ ਰਹੀਆਂ ਸਨ, ਉਸ ਸਮੇਂ ਸੋਨੀਆ ਨੇ ਉਹ ਅਹੁਦਾ ਛੱਡ, ਉਸ ਸਮੇਂ ਦੀ ਚਲ ਰਹੀ ਸਾਰੀ ਰਾਜਨੀਤੀ ਨੂੰ ਅੰਗੂਠਾ ਅਤੇ ਸ਼ੀਸ਼ਾ ਵਿਖਾ ਦਿੱਤਾ ਸੀ। ਸਾਲ 2009 ਵਿੱਚ ਜਦੋਂ ਕਾਂਗਰਸ ਦੁਬਾਰਾ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਆਈ, ਤਾਂ ਕਈ ਉਤਸਾਹੀ ਕਾਂਗ੍ਰਸੀਆਂ ਨੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਦੀ ਮੰਗ ਰੱਖ ਦਿੱਤੀ ਸੀ, ਤਾਂ ਉਸ ਸਮੇਂ ਰਾਹੁਲ ਗਾਂਧੀ ਨੇ ਬਹੁਤ ਹੀ ਸ਼ਾਲੀਨਤਾ ਨਾਲ ਇਸ ਪ੍ਰਸਤਾਵ ਨੂੰ ਅਸਵੀਕਾਰ ਕਰ ਦਿੱਤਾ ਸੀ। ਇਸਲਈ ਕਰਨਾਟਕ ਵਿੱਚ ਰਾਹੁਲ ਨੇ ਜਦੋਂ ਕਾਂਗਰਸ ਦੇ ਸਭ ਤੋਂ ਵੱਡੀ ਪਾਰਟੀ ਬਣਨ ਦੀ ਸਥਿਤੀ ਵਿੱਚ ਪ੍ਰਧਾਨ ਮੰਤਰੀ ਬਣਨ ਦੀ ਗਲ ਕੀਤੀ, ਤਾਂ ਇਸਨੂੰ ਉਨ੍ਹਾਂ ਦੀ ਨਿਜੀ ਚਾਹਤ ਤੋਂ ਜ਼ਿਆਦਾ ਰਾਜਨੈਤਿਕ ਰਣਨੀਤੀ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ। ਲੀਡਰਸ਼ਿਪ ਪਹਿਲਾਂ ਤੋਂ ਹੀ ਤੈਅ ਨਾ ਹੋਣ ਦੀ ਸਥਿਤੀ ਵਿੱਚ ਕੀ ਹੁੰਦਾ ਹੈ? ਬੀਤੇ ਵਿੱਚ ਇਹ ਅਸੀਂ ਕਈ ਵਾਰ ਵੇਖ ਚੁਕੇ ਹਾਂ। ਰਾਹੁਲ ਦੇ ਬਿਆਨ ਨੇ ਇਹ ਦੁਬਿੱਧਾ ਦੂਰ ਕਰ ਦਿੱਤੀ ਹੈ। ਵਿਰੋਧੀ ਗਠਜੋੜ ਦੇ ਸਾਹਮਣੇ ਇਹ ਗਲ ਸਾਫ ਹੈ ਕਿ ਉਸਨੂੰ ਭਾਜਪਾ ਦੇ ਵਿਰੁਧ ਰਾਹੁਲ ਨੂੰ ਹੀ ਚੁਣਨਾ ਹੋਵੇਗਾ। ਪ੍ਰੰਤੂ ਰਾਹੁਲ ਦੇ ਇਸ ਬਿਆਨ ਨਾਲ ਉਸਦੀ ਇਹ ਚੁਨੌਤੀ ਵੀ ਸ਼ੁਰੂ ਹੋ ਜਾਂਦੀ ਹੈ ਕਿ ਉਹ ਲੋਕਸਭਾ ਚੋਣਾਂ ਵਿੱਚ ਕਾਂਗ੍ਰਸ ਦੀਆਂ 100 ਤੋਂ ਵੱਧ ਸੀਟਾਂ ਲੈ ਜਾਏ।

**ਇਤਿਹਾਸ ਕਿਸਦਾ :** ਹਿੰਦੀ ਦੇ ਇੱਕ ਵਿਅੰਗ ਲੇਖਕ ਅਲੋਕ ਪੁਰਾਣਿਕ ਅਨੁਸਾਰ ਇਤਿਹਾਸ ਉਥਲ-ਪੁਥਲ ਮਚਾਣ ਵਾਲਾ ਹੀ ਵਿਸ਼ਾ ਹੈ। ਇਸਦਾ ਕਾਰਣ ਉਹ ਇਹ ਦਸਦਾ ਹੈ ਕਿ ਇਤਿਹਾਸ ਬਨਾਣ ਵਾਲੇ ਤਾਂ ਚਲੇ ਜਾਂਦੇ ਹਨ, ਉਨ੍ਹਾਂ ਦੇ ਪਿਛੇ ਰੋਣ ਵਾਲੇ ਰੌਂਦੇ ਰਹਿੰਦੇ ਹਨ। ਜਿਨਹਾ ਆਪ ਤਾਂ ਪਾਕਿਸਤਾਨ ਚਲਿਆ ਗਿਆ, ਪਰ ਆਪਣੀ ਤਸਵੀਰ ਇਥੇ ਹੀ ਛੱਡ ਗਿਆ। ਜਿਸਦੇ ਚਲਦਿਆਂ ਇਥੇ ਹੁਣ ਉਸਦੇ ਨਾਂ ਪੁਰ ਮਾਰ-ਧਾੜ ਹੋ ਰਹੀ ਹੈ। ਉਹ ਕਹਿੰਦੇ ਹਨ ਕਿ ਅੱਜਕਲ ਲੋੜ ਇਸ ਗਲ ਦੀ ਹੈ ਕਿ ਇਤਿਹਾਸ ਨੂੰ ਵੀ ਆਈਪੀਐਲ ਦੀ ਤਰਜ਼ ਤੇ ਪੜ੍ਹਾਇਆ ਜਾਏ। ਇਸਦੇ ਨਾਲ ਹੀ ਉਹ ਆਈ ਪੀ ਐਲ ਅਤੇ ਉਸ ਨਾਲ ਸੰਬੰਧਤ ਅਰਥਸ਼ਾਸਤ੍ਰ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਅਰਥਸ਼ਾਸਤ੍ਰ ਇੱਕ ਬਹੁਤ ਪਿਆਰਾ ਵਿਸ਼ਾ ਹੈ, ਉਸ ਵਿੱਚ ਸਭ ਕੁਝ ਸਪਸ਼ਟ ਹੈ ਵੱਧ ਤੋਂ ਵੱਧ ਪੈਸਾ ਕਮਾ ਲਉ। ਇਹੀ ਕਾਰਣ ਹੈ ਕਿ ਜਿਥੇ ਅਰਥਸ਼ਾਸਤ੍ਰ ਚਲਦਾ ਹੈ, ਉਥੇ ਕੋਈ ਮਾਰ-ਧਾੜ ਨਹੀਂ ਹੁੰਦੀ। ਆਈਪੀਐਲ ਨੂੰ ਹੀ ਵੇਖੋ। ਖਿਡਾਰੀਆਂ ਦੀ ਨਿਲਾਮੀ ਹੋ ਜਾਂਦੀ ਹੈ। ਦਿੱਲੀ ਦੇ ਵਿਰਾਟ ਕੋਹਲੀ ਨਿਲਾਮੀ ਵਿੱਚ ਬੇਂਗਲੂਰ ਦੇ ਅਤੇ ਸ਼ਿਖਰ ਧਵਨ ਹੈਦਰਾਬਾਦ ਦੇ ਹੋ ਜਾਂਦੇ ਹਨ। ਕੌਣ ਕਿਥੋਂ ਦਾ? ਜਿਥੋਂ ਬਹੁਤਾ ਪੈਸਾ ਆਏ, ਉਥੋਂ ਦਾ! ਇਸੇ ਤਰਜ਼ ਤੇ ਜਿਨਹਾ ਚੋਟੀ ਦੇ ਨੇਤਾ ਬਣਨ ਦੇ ਚਕੱਰ ਵਿੱਚ ਭਾਰਤ ਤੋਂ ਨਿਕਲ ਚਲ ਦਿੱਤਾ ਸੀ। ਉਹ ਹੋਰ ਕਹਿੰਦੇ ਹਨ ਕਿ ਆਈਪੀਐਲ ਵਿੱਚ ਜਿਵੇਂ ਹਰ ਸਾਲ ਖਿਡਾਰੀਆਂ ਦੀ ਨਿਲਾਮੀ ਹੁੰਦੀ ਹੈ, ਉਸੇ ਹੀ ਤਰ੍ਹਾਂ ਇਤਿਹਾਸ ਦੀ ਵੀ ਹਰ ਸਾਲ ਨਿਲਾਮੀ ਹੋਇਆ ਕਰੇ, ਜਿਵੇਂ 'ਇਸ ਵਾਰ ਤਾਜ ਮਹੱਲ ਕਿਸਦਾ ਹੈ'? ਜੇ ਕੋਈ ਚਵਨਪ੍ਰਾਸ਼ ਵਾਲਾ ਸਭ ਤੋਂ ਵੱਧ ਬੋਲੀ ਲਾ ਦੇਵੇ, ਤਾਂ ਉਸ ਸਾਲ ਇਹ ਪੜ੍ਹਾਇਆ ਜਾਏ ਕਿ ਇਸ ਚਵਨਪ੍ਰਾਸ਼ ਵਾਲੇ ਨੇ ਤਾਜ ਮਹੱਲ ਬਣਵਾਇਆ ਸੀ। ਇਸ ਤੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਸਨੂੰ ਸਾਫ ਦਸ ਦਿੱਤਾ ਜਾਏ ਕਿ ਜੇ ਇਸ ਨਾਲ ਤੇਰੇ ਪੇਟ ਵਿੱਚ ਦਰਦ ਉਠਦਾ ਹੈ ਤਾਂ ਇਸ ਤਾਜਮਹੱਲ ਨੂੰ ਤੂੰ ਖ੍ਰੀਦ ਲੈ। ਇਸ ਤਰ੍ਹਾਂ ਤਾਜਮਹੱਲ 'ਬਨਾਣ' ਵਾਲੇ ਹਰ ਸਾਲ ਹੀ ਬਦਲਦੇ ਰਹਿਣਗੇ ਤੇ ਸਰਕਾਰ ਦਾ ਖਜ਼ਾਨਾ ਵੀ ਭਰਦਾ ਰਹੇਗਾ। ਇਸ ਲਈ ਇਸ ਨਾਲੋਂ ਕਿ ਇਤਿਹਾਸ ਦੇ ਨਾਂ ਤੇ ਖ਼ੂਨ ਡੁਲ੍ਹੇ, ਇਹੀ ਚੰਗਾ ਹੈ ਕਿ ਸਰਕਾਰ ਦਾ ਖਜ਼ਾਨਾ ਭਰਦਾ ਰਹੇ!

ਇਸੇ ਕੜੀ ਵਿੱਚ ਇਕ ਹੋਰ ਕਾਲਮਨਵੀਸ ਲਿਖਦੇ ਹਨ ਕਿ ਭਾਰਤ ਵਿੱਚ ਆਰ ਐਸ ਐਸ ਅਤੇ ਉਸ ਨਾਲ ਜੁੜੇ ਸਹਿਯੋਗੀ ਸੰਗਠਨ ਇਸ ਤਰ੍ਹਾਂ ਦੀ ਕੌਸ਼ਿਸ਼ ਕਰਦੇ ਰਹਿੰਦੇ ਹਨ ਕਿ ਭਾਰਤੀ ਇਤਿਹਾਸ ਦੀ ਅਜਿਹੀ ਤਸਵੀਰ ਪੇਸ਼ ਹੋਵੇ, ਜਿਹੋ-ਜਿਹੀ ਉਹ ਚਾਹੁੰਦੇ ਹਨ। ਅਜਿਹਾ ਉਹ ਚਿਰਕਾਲ ਤੋਂ ਆਪਣੀਆਂ ਕਿਤਾਬਾਂ ਅਤੇ ਇੰਟਰਨੈਂਟ ਪੁਰ ਤਾਂ ਖੂਬ ਕਰਦੇ ਚਲੇ ਆ ਰਹੇ ਹਨ। ਪਰ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈਆਂ ਜਾਂਦੀਆਂ ਅਧਿਕਾਰਤ ਪਾਠ-ਪੁਸਤਕਾਂ ਵਿੱਚ ਅਜਿਹਾ ਹੇਰ-ਫੇਰ ਸ਼ਾਇਦ ਪਹਿਲੀ ਵਾਰ ਹੋਇਆ ਹੈ।

ਉਹ ਮੰਨਦੇ ਹਨ ਕਿ ਅਜਿਹਾ ਕਰਨਾ ਆਪਣੇ ਗੁਆਂਢੀ ਦੇਸ਼, ਪਾਕਿਸਤਾਨ ਦੀ ਨਕਲ ਕਰਨ ਵਾਂਗ ਹੈ, ਜਿਥੇ ਵਿਦਿਆਰਥੀਆਂ ਲਈ ਤਿਆਰ ਕੀਤੀਆਂ ਜਾਂਦੀਆਂ ਪਾਠ-ਪੁਸਤਕਾਂ ਵਿੱਚ ਇਤਿਹਾਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਵਿਦਿਆਰਥੀਆਂ ਵਿੱਚ ਭਾਰਤ-ਵਿਰੋਧੀ ਅਤੇ ਫਿਰਕੂ ਵਿਚਾਰਧਾਰਾ ਫੈਲ ਸਕੇ। ਇਹ ਗਲ ਭਾਰਤ ਦੇ ਲੋਕਤਾਂਤ੍ਰਿਕ, ਧਰਮ-ਨਿਰਪੇਖ ਅਤੇ ਬਹੁਲਤਾਵਾਦੀ ਸਮਾਜ ਲਈ ਕਿਸੇ ਵੀ ਕੀਮਤ ਤੇ ਚੰਗੀ ਗਲ ਨਹੀਂ ਕਿ ਇਥੋਂ ਦੀ ਕੋਈ ਸਰਕਾਰ ਏਕਾਧਿਕਾਰਵਾਦੀ ਜਾਂ ਫਿਰਕੂ ਅਧਾਰ ਤੇ ਚਲ ਰਹੀਆਂ ਸਰਕਾਰਾਂ ਦੀ ਨਕਲ ਕਰੇ। ਇਹ ਉਨ੍ਹਾਂ ਵਿਦਿਆਰਥੀਆਂ ਨਾਲ ਵੀ ਅਨਿਆਇ ਹੈ, ਜਿਨ੍ਹਾਂ ਨੂੰ ਪੜ੍ਹਾਉਣ ਦੀ ਜ਼ਿਮੇਂਦਾਰੀ ਸਰਕਾਰ ਦੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰੰਗ-ਬਰੰਗੇ ਸੂਟਾਂ ਨਾਲ 'ਤੀਆਂ ਫਰਿਜ਼ਨੋ ਦੀਆ' ਸਜਿਆ ਕਾਰਨੀ ਪਾਰਕ ਪੰਜਾਬੀ ਰੰਗਾਂ 'ਚ





**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸ਼ੱਕ ਪੰਜਾਬ 'ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ 22 ਸਾਲਾ ਤੋਂ ਵਧੀਕ ਸਮਾਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ ਅਤੇ ਸੁਖਮਿੰਦਰ ਮਾਨ ਨੇ ਸਮੂੰਹ ਪੰਜਾਬੀ ਔਰਤਾ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ ਤੀਆਂ ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ ਤਰੀਕੇ ਲੱਗੀਆ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾਂ ਵਿੱਚ ਗੀਤ ਗਾ ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਇਸ ਸਾਲ ਤੀਆਂ ਦੌਰਾਨ ਪੰਜਾਬੀ ਔਰਤਾਂ ਤਾਂ ਇਲਾਵਾ ਅਮਰੀਕਨ ਮੂਲ ਦੀਆਂ ਔਰਤਾਂ ਨੇ ਵੀ ਸਿਰਕਤ ਕੀਤੀ। ਇਨ੍ਹਾਂ ਤੀਆਂ ਦੌਰਾਨ ਸਮਾਪਤੀ 'ਤੇ ਪਾਈ ਗਈ ਬੱਲੋਂ ਵੀ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀ ਸੀ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ ਅਤੇ ਘੱਘਰੇ ਪੰਜਾਬੀਅਤ ਦੇ ਮਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾ ਵੱਲੋਂ ਸਮਾਪਤੀ 'ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਮੇਂ ਜੀਤ ਗਿੱਲ ਮੋਗਾ ਵੀਡੀਉ ਵੱਲੋਂ ਫਰੀ ਫੋਟੋਆ ਖਿੱਚਣ ਲਈ ਬੂਥ ਵੀ ਲਾਇਆ ਗਿਆ ਸੀ। ਇਸ ਸਮੇਂ ਦੇ ਯਾਦਗਾਰੀ ਪਲਾਂ ਨੂੰ www.Mogavideo.com ਮੁਫਤ ਡਾਊਨਲੋਡ ਕੀਤਾ ਜਾ ਸਕਦਾ ਹੈ। ਿ ੱਥੇ 'ਇੰਡੀਅਨ ਅਵਨ' ਰੈਸਟੋਰੈਂਟ ਵੱਲੋਂ ਵੰਨ ਸੰਵੰਨੇ ਖਾਣਿਆ ਦੇ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇੰਨ੍ਹਾਂ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ, ਸੁਖਮਿੰਦਰ ਕੌਰ ਮਾਨ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਦਾ ਹੈ।

# ਲੜਾਈ ਦਿੱਲੀ ਤੇ ਪੰਜਾਬ ਦੀ ਨਹੀ ਸਗੋਂ ਖਹਿਰੇ ਦੀ ਕੁਰਸੀ ਜਾਣ ਦੀ: ਭਗਵੰਤ ਮਾਨ

**ਚੰਡੀਗੜ੍ਹ (ਬਿਊਰੋ)–** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸੰਧੂ-ਖਹਿਰਾ ਜੋੜੀ ਵੱਲੋਂ ਪੈਦਾ ਕੀਤਾ ਵਿਵਾਦ ਦਿੱਲੀ ਤੇ ਪੰਜਾਬ ਵਿਚਕਾਰ ਨਹੀਂ, ਸਗੋਂ ਸੁਖਪਾਲ ਸਿੰਘ ਖਹਿਰਾ ਦੀ ਵਿਰੋਧੀ ਧਿਰ ਦੇ ਆਗੂ ਦੀ ਕੁਰਸੀ ਖੁੱਸਣ ਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸੁਖਪਾਲ ਖਹਿਰਾ ਵਿਰੋਧੀ ਧਿਰ ਦੇ ਆਗੂ ਸਨ, ਉਸ ਵੇਲੇ ਤਕ ਪੰਜਾਬ ਦੀ ਖ਼ੁਦਮੁਖਤਿਆਰੀ ਬਰਕਰਾਰ ਸੀ ਪਰ ਜਦੋਂ ਉਨ੍ਹਾਂ ਹੱਥੋਂ ਅਹੁਦਾ ਖੁੱਸਿਆ ਤਾਂ ਉਨ੍ਹਾਂ ਨੂੰ ਪੰਜਾਬ ਦੀ ਯਾਦ ਆ ਗਈ ਹੈ। ਉਨ੍ਹਾਂ ਕਿਹਾ ਵਿਧਾਇਕ ਕੰਵਰ ਸੰਧੂ ਅਤੇ ਸ੍ਰੀ ਖਹਿਰਾ ਕਥਿਤ ਤੌਰ ਉਤੇ ਮੌਕਾਪ੍ਰਸਤ ਆਗੂ ਹਨ, ਇਸ ਲਈ ਉਹ ਉਨ੍ਹਾ ਨਾਲ ਜੁੜੇ 7 ਵਿਧਾਇਕਾਂ ਨੂੰ ਅਪੀਲ ਕਰਦੇ ਹਨ ਕਿ ਇਨ੍ਹਾਂ ਤੋਂ ਬਚਣ ਕਿਉਂਕਿ ਕਿ ਉਹ ਕਿਸੇ ਵੇਲੇ ਵੀ ਉਨ੍ਹਾਂ ਦਾ ਮੁੱਲ ਵੱਟ ਸਕਦੇ ਹਨ। ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਹਾਲੇ ਪੰਜਾਬ ਦੇ ਪ੍ਰਧਾਨ ਦਾ ਅਹੁਦਾ ਵਾਪਸ ਨਹੀਂ ਲਿਆ ਪਰ ਇਨ੍ਹਾਂ ਦੋਵਾਂ ਵਿਧਾਇਕਾਂ ਵੱਲੋਂ ਪਾਰਟੀ ਤੋੜਣ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਕਾਰਨ ਉਨ੍ਹਾਂ ਨੂੰ ਇਨ੍ਹਾਂ ਦੀ ਸਾਜ਼ਿਸ਼ ਬੇਨਕਾਬ ਕਰਨ ਲਈ ਮੀਡੀਆ ਅੱਗੇ ਆਉਣਾ ਪਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਇਕੱਲਾ ਖਹਿਰਾ ਹੀ ਪੰਜਾਬ ਨਹੀਂ ਹੈ ਅਤੇ ਉਹ ਬੜੀ ਚਲਾਕੀ ਨਾਲ ਕੁਰਸੀ ਖੁੱਸਣ ਦੇ ਮੁੱਦੇ ਨੂੰ ਪੰਜਾਬ ਤੇ ਦਿੱਲੀ ਦੀ ਲੜਾਈ ਬਣਾ ਕੇ ਪਾਰਟੀ ਤੋੜਣ ਦੀ ਸਾਜਿਸ਼ ਰਚ ਰਹੇ ਹਨ। ਉਹ ਸ਼ੁਰੂ ਤੋਂ ਹੀ ਬੈਸਾਂ ਨਾਲ ਰਲ ਕੇ ਪਾਰਟੀ ਦੇ ਕੇਡਰ ਨੂੰ ਲੋਕ ਇਨਸਾਫ਼ ਪਾਰਟੀ ਵੱਲ ਭੇਜ ਰਹੇ ਸਨ। ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਦੀ ਥਾਂ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਹਾਈਕਮਾਂਡ ਨੇ ਨਹੀਂ ਸਗੋਂ 16 ਵਿਧਾਇਕਾਂ ਦੀ ਸਹਿਮਤੀ ਲੈ ਕੇ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਹ ਅਪਣਾ ਲਿਆ ਹੈ ਕਿਉਂਕਿ ਜਿਵੇਂ ਸ੍ਰੀ ਮੋਦੀ ਦੀ ਹਾਮੀ ਨਾ ਭਰਨ ਵਾਲੇ ਨੂੰ ਦੇਸ਼ ਧਰੋਹੀ ਐਲਾਨਿਆ ਜਾ ਰਿਹਾ ਹੈ, ਉਸੇ ਤਰ੍ਹਾਂ ਖਹਿਰਾ ਆਪਣੇ ਦੇ ਧੜੇ ਵਿੱਚ ਸ਼ਾਮਲ ਨਾ ਹੋਣ ਵਾਲਿਆਂ ਨੂੰ ਬੇਗੈਰਤ ਪੰਜਾਬੀ ਗਰਦਾਨ ਰਹੇ ਹਨ। ਇਸੇ ਨੀਤੀ ਤਹਿਤ ਹੀ ਉਹ ਇੱਕ ਪਾਸੇ ਵਿਧਾਇਕਾਂ ਨੂੰ ਪਿੰਡਾਂ ਵਿੱਚ ਨਾ ਵੜਣ ਦੇਣ ਦੀਆਂ ਭਬਕੀਆਂ ਮਾਰ ਰਹੇ ਹਨ ਅਤੇ ਦੂਸਰੇ ਪਾਸੇ ਮਹਿਲਾ ਵਿਧਾਇਕਾਂ ਵਿਰੁੱਧ ਸ਼ੋਸ਼ਲ ਮੀਡੀਆ 'ਤੇ ਭੱਦੀਆਂ ਕਾਰਵਾਈਆਂ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਖਹਿਰਾ ਕਾਂਗਰਸ ਪਾਰਟੀ ਵਿੱਚ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਹਿਰਦੇ ਅੰਦਰ ਪੰਜਾਬੀਅਤ ਕਿਉਂ ਨਹੀਂ ਜਾਗੀ। ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਸ੍ਰੀ ਖਹਿਰਾ ਜਿਹੜੀ ਵੀ ਪਾਰਟੀ ਵਿੱਚ ਰਹੇ ਹਨ, ਉਹ ਉਸੇ ਪਾਰਟੀ ਦੇ ਪ੍ਰਧਾਨ ਨੂੰ ਨਿੰਦਣ ਦੇ ਆਦੀ ਹਨ। ਜਦੋਂ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ੍ਰੀ ਖਹਿਰਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਸੀ ਤਾਂ ਉਹ ਗੁਲਦਸਤਾ ਲੈ ਕੇ ਗਏ ਅਤੇ ਜਦੋਂ ਹੁਣ ਅਹੁਦੇ ਤੋਂ ਹਟਾਇਆ ਤਾਂ ਕੇਜਰੀਵਾਲ ਨੂੰ ਤਾਨਾਸ਼ਾਹ ਦੱਸ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਕੁਝ ਐਨਆਰਆਈਜ਼ ਨੂੰ ਗੁਮਰਾਹ ਕਰਕੇ ਵਿਧਾਇਕਾਂ ਨੂੰ ਧਮਕੀਆਂ ਦਿਵਾ ਰਹੇ ਹਨ ਅਤੇ ਜੇ ਉਹ ਅਜਿਹੀਆਂ ਕਾਰਵਾਈਆਂ ਤੋਂ ਬਾਜ ਨਾ ਆਏ ਤਾਂ ਪਾਰਟੀ ਨੂੰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਵੇਗਾ।



ਉਨ੍ਹਾਂ ਕਿਹਾ ਕਿ ਸ੍ਰੀ ਖਹਿਰਾ ਵਾਲੰਟੀਅਰਾਂ ਦੀ ਦੁਹਾਈ ਦੇ ਰਹੇ ਹਨ ਪਰ ਬਠਿੰਡਾ ਕਨਵੈਨਸ਼ਨ ਵਿੱਚ ਉਨ੍ਹਾਂ ਸਟੇਜ 'ਤੇ ਲਿਆਉਣ ਲਈ ਕੇਵਲ ਆਪਣੇ ਪੁੱਤਰ ਨੂੰ ਹੀ ਤਰਜੀਹ ਦਿੱਤੀ ਸੀ। ਉਨ੍ਹਾਂ ਕਿਹਾ ਕਿ ਕੰਵਰ ਸੰਧੂ ਵੀ ਹੁਣ ਵਾਲੰਟੀਅਰਾਂ ਦੇ ਹਿੱਤਾਂ ਦੀ ਦੁਹਾਈ ਦੇ ਰਹੇ ਹਨ ਪਰ ਉਨ੍ਹਾਂ ਅੜੀ ਕਰਕੇ ਖਰੜ ਹਲਕੇ ਤੋਂ ਟਿਕਟ ਲੈਣ ਲਈ ਨਰਿੰਦਰ ਸ਼ੇਰਗਿੱਲ ਸਮੇਤ ਕਈ ਵਾਲੰਟੀਅਰਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਸੀ। ਉਨ੍ਹਾਂ ਸੰਧੂ-ਖਹਿਰਾ ਜੋੜੀ ਨੂੰ ਚੁਣੌਤੀ ਦਿੱਤੀ ਕਿ ਉਹ ਵਿਧਾਇਕੀ ਤੋਂ ਅਸਤੀਫ਼ੇ ਦੇ ਕੇ ਪੰਜਾਬ ਦੀ ਖ਼ੁਦਮੁਖਤਿਆਰੀ ਦਾ ਝੰਡਾ ਫੜਣ ਦੀ ਹਿੰਮਤ ਦਿਖਾਉਣ। ਸ੍ਰੀ ਮਾਨ ਨੇ ਕਿਹਾ ਕਿ ਉਹ ਪਾਰਟੀ ਨੂੰ ਟੁੱਟਣ ਤੋਂ ਬਚਾਉਣ ਲਈ ਅੱਜ ਤੋਂ ਹੀ ਪੰਜਾਬ ਵਿੱਚ ਡੱਟ ਗਏ ਹਨ। ਬਰਨਾਲਾ ਦੇ ਵਿਧਾਇਕ ਮੀਤ ਹੇਅਰ ਨੇ ਕਿਹਾ ਕਿ ਕੰਵਰ ਸੰਧੂ ਨੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਤੋਂ ਵਿਰੋਧੀ ਧਿਰ ਦਾ ਅਹੁਦਾ ਮੰਗਿਆ ਸੀ ਤੇ ਸ੍ਰੀ ਖਹਿਰਾ ਨੂੰ ਨਾਲ ਨਜਿੱਠਣ ਦਾ ਵੀ ਭਰੋਸਾ ਦਿੱਤਾ ਸੀ। ਇਸ ਮੌਕੇ ਯੂਥ ਵਿੰਗ ਦੇ ਪ੍ਰਧਾਨ ਮਨਜਿੰਦਰ ਸਿੰਘ ਸਿੱਧੂ ਤੇ ਨਰਿੰਦਰ ਸਿੰਘ ਸ਼ੇਰਗਿੱਲ ਆਦਿ ਵੀ ਮੌਜੂਦ ਸਨ। ਇਸ ਦੌਰਾਨ ਹੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਵੱਲੋਂ ਲਗਾਏ ਗਏ ਇਲਜ਼ਾਮ ਨਾ ਕੇਵਲ ਬੇਬੁਨਿਆਦ ਹਨ ਬਲਕਿ ਉਨ੍ਹਾਂ ਦੀ ਤੰਗ ਦਿਲ ਸੋਚ ਦਾ ਮੁਜ਼ਾਹਰਾ ਵੀ ਹਨ। ਉਨ੍ਹਾਂ ਨੇ ਸ੍ਰੀ ਮਾਨ ਨੂੰ ਹਮੇਸ਼ਾ ਆਪਣਾ ਛੋਟਾ ਭਰਾ ਸਮਝਿਆ ਹੈ ਪਰ ਸੰਸਦ ਮੈਂਬਰ ਨੇ ਬਿਨਾਂ ਕਿਸੇ ਤੱਥ ਦੇ ਉਨ੍ਹਾਂ ਉੱਪਰ ਗੰਭੀਰ ਇਲਜ਼ਾਮ ਲਗਾਏ ਹਨ ਜੋ ਉਨ੍ਹਾਂ ਦੀ ਬੁਖਲਾਹਟ ਦੀ ਨਿਸ਼ਾਨੀ ਹਨ। ਉਹ ਭਲਕੇ ਸ੍ਰੀ ਮਾਨ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦੇਣਗੇ। ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਸ੍ਰੀ ਮਾਨ ਕਾਂਗਰਸ ਦੇ ਹੱਥ ਠੋਕੇ ਵਜੋਂ ਕੰਮ ਕਰ ਰਹੇ ਹਨ ਜਿਸ ਨਾਲ ਪਾਰਟੀ ਦੀ ਕੌਮੀ ਲੀਡਰਸ਼ਿਪ ਗੱਠਜੋੜ ਕਰਨ ਜਾ ਰਹੀ ਹੈ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics


9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

## ਭਾਰਤੀ ਇੰਜਨੀਅਰ ਦੇ ਕਾਤਲ ਨੂੰ ਤੀਹਰੀ ਉਮਰ ਕੈਦ ਦੀ ਸਜ਼ਾ

**ਨਿਊਯਾਰਕ (ਬਿਊਰੋ)–** ਭਾਰਤੀ ਇੰਜਨੀਅਰ ਨੂੰ ਮਾਰਨ ਦੇ ਦੋਸ਼ ਵਿੱਚ ਅਮਰੀਕੀ ਜਲ ਸੈਨਾ ਦੇ ਇੱਕ ਸੇਵਾਮੁਕਤ ਅਧਿਕਾਰੀ ਨੂੰ ਅਦਾਲਤ ਨੇ ਸੰਘੀ ਨਫਰਤ ਰੋਕੂ ਜੁਰਮ ਕਾਨੂੰਨ ਤਹਿਤ ਨਿਰੰਤਰ ਤੀਹਰੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਾਬਕਾ ਫੌਜੀ ਅਧਿਕਾਰੀ ਉੱਤੇ ਭਾਰਤੀ ਮੂਲ ਦੇ ਇੰਜਨੀਅਰ ਸ੍ਰੀਨਿਵਾਸਨ ਕੁਚੀਭੋਤਲਾ ਨੂੰ ਬੀਅਰ ਬਾਰ ਵਿੱਚ ਗੋਲੀਆਂ ਮਾਰ ਕੇ ਹਲਾਕ ਕਰ ਦੇਣ ਅਤੇ ਉਸ ਦੇ ਦੋ ਸਾਥੀਆਂ ਨੂੰ ਗੰਭੀਰ ਜ਼ਖ਼ਮੀ ਕਰਨ ਦਾ ਦੋਸ਼ ਸੀ।

ਸਾਬਕਾ ਅਧਿਕਾਰੀ ਐਡਮ ਪੂਰਿੰਟੋਨ ਨੇ ਕੁਚੀਭੋਤਲਾ, ਅਲੋਕ ਮਦਾਸਨੀ ਅਤੇ ਇਆਨ ਗਰਿਲੋਤ ਉੱਤੇ ਆਸਟਿਨਜ਼ ਬਾਰ ਐਂਡ ਗਰਿੱਲ ਵਿੱਚ ਫਰਵਰੀ 2017 ਵਿੱਚ ਗੋਲੀਆਂ ਚਲਾਈਆਂ ਸਨ। ਅਦਾਲਤ ਨੇ ਮੁਲਜ਼ਮ ਨੂੰ ਸੰਘੀ ਨਫ਼ਰਤ ਰੋਕੂ ਕਾਨੂੰਨ ਅਤੇ ਗੋਲੀਆਂ ਚਲਾਉਣ ਦਾ ਦੋਸ਼ੀ ਠਹਿਰਾਇਆ ਸੀ।



# ਨਿਰੰਕਾਰੀ ਮਿਸ਼ਨ ਦੇ 5ਵੇਂ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਬ੍ਰਹਮਲੀਨ

**ਜੈਤੋ (ਅਸ਼ੋਕ ਧੀਰ):** 5 ਅਗਸਤ 2018 ਨੂੰ ਸ਼ਾਮ ਲਗਭਗ 5.15 ਵਜੇ ਨਿਰੰਕਾਰੀ ਮਿਸ਼ਨ ਦੇ 5ਵੇਂ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਆਪਣੇ ਨਾਸ਼ਵਾਨ ਸਰੀਰ ਨੂੰ ਤਿਆਗ ਕੇ ਬ੍ਰਹਮਲੀਨ ਹੋ ਗਏ। ਉਹ ਪਿਛਲੇ ਕਈ ਦਿਨਾਂ ਤੋਂ ਕਾਫ਼ੀ ਬਿਮਾਰ ਚੱਲ ਰਹੇ ਸਨ। ਉਹਨਾਂ ਨੇ ਮਿਸ਼ਨ ਦੀ ਵਾਗ-ਡੋਰ 17 ਮਈ 2016 ਨੂੰ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਬ੍ਰਹਮਲੀਨ ਹੋਣ ਉਪਰੰਤ ਸੰਭਾਲੀ ਸੀ। ਬੀਤੀ 17 ਜੁਲਾਈ 2018 ਨੂੰ ਹੀ ਉਹਨਾਂ ਨੇ ਨਿਰੰਕਾਰੀ ਮਿਸ਼ਨ ਦੀ ਗੁਰਗੱਦੀ ਆਪਣੀ ਛੋਟੀ ਬੇਟੀ ਸੁਦੀਕਸ਼ਾ ਸਵਿੰਦਰ ਹਰਦੇਵ ਜੀ ਨੂੰ ਸੌਂਪ ਦਿੱਤੀ ਸੀ।

ਸੰਤ ਨਿਰੰਕਾਰੀ ਮੰਡਲ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਦੇ ਅੰਤਿਮ ਦਰਸ਼ਨ ਕਰਨ ਲਈ ਸੰਗਤਾਂ ਅੱਜ 5 ਅਗਸਤ 2018 ਨੂੰ ਰਾਤ 9 ਵਜੇ ਤੋਂ 7 ਅਗਸਤ ਸ਼ਾਮ ਤੱਕ ਦਿੱਲੀ ਬੁਰਾੜੀ ਰੋਡ ਤੇ ਗਰਾਊਂਡ ਨੰਬਰ 8 ਵਿੱਚ ਬਣੇ ਸਤਿਸੰਗ ਭਵਨ ਵਿੱਚ ਪਹੁੰਚ ਸਕਦੀਆਂ ਹਨ।



ਪ੍ਰਮੋਦ ਧੀਰ ਜੈਤੋ ਨੇ ਦੱਸਿਆ ਕਿ ਉਹਨਾਂ ਦੀ ਅੰਤਿਮ ਯਾਤਰਾ 8 ਅਗਸਤ ਦਿਨ ਬੁੱਧਵਾਰ ਸਵੇਰੇ 9 ਵਜੇ ਗਰਾਊਂਡ ਨੰਬਰ 8 ਦਿੱਲੀ ਤੋਂ ਸ਼ੁਰੂ ਹੋ ਕੇ ਦੁਪਹਿਰ 12 ਵਜੇ ਨਿਗਮ ਬੋਧ ਘਾਟ ਦਿੱਲੀ ਵਿਖੇ ਸੰਪੰਨ ਹੋਵੇਗੀ। ਬਠਿੰਡਾ ਜ਼ੋਨ ਦੇ ਜ਼ੋਨਲ ਇੰਚਾਰਜ ਐਸ.ਪੀ ਦੁੱਗਲ ਅਤੇ ਜੈਤੋ ਦੇ ਮੁਖੀ ਅਸ਼ੋਕ ਧੀਰ ਨੇ ਦੱਸਿਆ ਕਿ ਉਹਨਾਂ ਦੀ ਯਾਦ ਵਿੱਚ ਪ੍ਰੇਰਨਾ ਦਿਵਸ ਸਮਾਗਮ ਵੀ ਉਸੇ ਦਿਨ 8 ਅਗਸਤ 2018 ਬੁੱਧਵਾਰ ਨੂੰ ਗਰਾਊਂਡ ਨੰਬਰ 2, ਨਿਰੰਕਾਰੀ ਸਰੋਵਰ ਦੇ ਸਾਹਮਣੇ ਦਿੱਲੀ ਵਿਖੇ ਸ਼ਾਮ 4 ਵਜੇ ਤੋਂ ਨਿਰੰਕਾਰੀ ਮਿਸ਼ਨ ਦੇ 6ਵੇਂ ਸਤਿਗੁਰੂ ਮਾਤਾ ਸੁਦੀਕਸ਼ਾ ਸਵਿੰਦਰ ਹਰਦੇਵ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਸੰਪੰਨ ਹੋਵੇਗਾ।

ਇਸ ਮੌਕੇ ਜੈਤੋ, ਬਠਿੰਡਾ, ਫਰੀਦਕੋਟ, ਮੁਕਤਸਰ, ਬਰਨਾਲਾ, ਮਾਨਸਾ ਆਦਿ ਸਮੁੱਚੇ ਵਿਸ਼ਵ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਦਿੱਲੀ ਵਿਖੇ ਮਾਤਾ ਜੀ ਦੀ ਅੰਤਿਮ ਯਾਤਰਾ ਅਤੇ ਪ੍ਰੇਰਨਾ ਦਿਵਸ ਸਮਾਗਮ ਲਈ ਪਹੁੰਚ ਰਹੇ ਹਨ। ਉਹਨਾਂ ਨਿਰੰਕਾਰ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸਾਨੂੰ ਸਮੂਹ ਸੰਗਤਾਂ ਨੂੰ ਧੀਰਜ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ।

## 'ਤੰਦਰੁਸਤ ਪੰਜਾਬ' ਤਹਿਤ ਸਮਾਰਟ ਸਕੂਲ ਨਸਰਾਲਾ 'ਚ ਪੌਦੇ ਲਗਾਏ

ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਨਸਰਾਲਾ ਵਿਚ 'ਤੰਦਰੁਸਤ ਪੰਜਾਬ' ਮਿਸ਼ਨ ਤਹਿਤ ਪ੍ਰਿੰ. ਸ੍ਰੀ ਕਰੁਣ ਸ਼ਰਮਾ ਅਤੇ ਪ੍ਰੋਗਰਾਮ ਅਫਸਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਪੌਦੇ ਲਗਾਏ ਗਏ। ਪ੍ਰਿੰਸੀਪਲ ਕਰੁਣ ਸ਼ਰਮਾ ਨੇ ਦੱਸਿਆ ਕਿ ਜੇਕਰ



ਅਸੀਂ ਆਪਣੇ ਵਾਤਾਵਰਣ ਦੀ ਸ਼ੁੱਧਤਾ ਚਾਹੁੰਦੇ ਹਾਂ ਤਾਂ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਹ ਸਾਡੇ ਪਰਮ ਮਿੱਤਰ ਹਨ। ਇਹ ਵਾਤਾਵਰਣ ਵਿਚੋਂ ਕਾਰਬਨ ਡਾਈਆਕਸਾਈ ਵਰਗੀਆਂ ਜ਼ਹਿਰਾਂ ਨੂੰ ਸੋਖ ਕੇ ਆਕਸੀਜਨ ਵਰਗਾ ਅੰਮ੍ਰਿਤ ਪ੍ਰਦਾਨ ਕਰਦੇ ਹਨ। ਇਸ ਲਈ ਜੇਕਰ ਅਸੀਂ ਸਾਰੇ ਰਿਸ਼ਟ-ਪੁਸ਼ਟ ਰਹਿਣ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਵਾਤਾਵਰਦ ਨਾਲ ਮਿੱਤਰਤਾਵਰਗਾ ਵਿਵਹਾਰ ਕਰਕੇ ਇਸਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੋਵੇਗਾ। ਇਸ ਮੌਕੇ ਲੈਕਚਰਾਰ ਬਲਵੀਰ ਚੰਦ, ਮੈਡਮ ਸੰਜੀਤ, ਮੈਡਮ ਨੀਲਮ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

## ਰੁਜ਼ਗਾਰ ਦੇ ਹੱਕ ਲਈ ਲਗਾਤਾਰ ਸੜਕਾਂ ਤੇ ਧਰਨਿਆਂ ਮੁਜ਼ਾਹਰਿਆਂ ਰਾਹੀਂ ਸੰਘਰਸ਼ ਕਰਦੀਆਂ ਪੰਜਾਬ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲ-

**ਬਠਿੰਡਾ-** ਸਨਮਾਨਜਨਕ ਜ਼ਿੰਦਗੀ ਜਿਊਣ ਲਈ ਘੱਟੋ ਘੱਟ ਲੋੜੀਂਦੇ ਰੁਜ਼ਗਾਰ ਦੇ ਹੱਕ ਲਈ ਲਗਾਤਾਰ ਸੜਕਾਂ ਤੇ ਧਰਨਿਆਂ ਮੁਜ਼ਾਹਰਿਆਂ ਰਾਹੀਂ ਸੰਘਰਸ਼ ਕਰਦੀਆਂ ਪੰਜਾਬ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪ੍ਰਤੀ ਸਰਕਾਰ ਦੀ ਬੇਰੁਖ਼ੀ ਅਤੇ ਜ਼ੁਬਾਨਬੰਦੀ ਕਰਨ ਲਈ ਪੁਲਿਸ ਫੋਰਸ ਵਰਤਣ ਦੀ ਅਤੇ ਉਨ੍ਹਾਂ ਨਾਲ ਗੱਲਬਾਤ ਨਾ ਕਰਨ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਸਖ਼ਤ ਨਿਖੇਧੀ ਕੀਤੀ ਹੈ।ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਭਾ ਦੇ ਪ੍ਰੈੱਸ ਸਕੱਤਰ ਅਤੇ ਸੂਬਾ ਸਕੱਤਰੇਤ ਦੇ ਮੈਂਬਰ ਡਾ ਅਜੀਤਪਾਲ ਸਿੰਘ ਐਮਡੀ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਕਿਹਾ ਕਿ ਆਂਗਨਵਾੜੀ ਵਰਕਰ ਸਾਡੇ ਪਿੰਡਾਂ ਦੇ ਵਿੱਚ ਲਗਾਤਾਰ ਲੋਕਾਂ ਦੇ ਛੇ ਸਾਲ ਤੋਂ ਘੱਟ ਦੇ ਛੋਟੇ ਬੱਚਿਆਂ ਦੀ ਦੇਖਭਾਲ ਕਰਨ ਉਨ੍ਹਾਂ ਨੂੰ ਕੁਪੋਸ਼ਣ ਤੋਂ ਬਚਾਉਣ ਵਾਲੀ ਖੁਰਾਕ (ਰਾਸ਼ਨ) ਵੰਡਣ ਅਤੇ ਮੁੱਢਲੀ ਸਿੱਖਿਆ ਦੇਣ ਦਾ ਅਣਥੱਕ ਤੇ ਜੋਖਮ ਭਰਿਆ ਕਾਰਜ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਹੀ ਨਿਗੂਣੀ ਤਨਖਾਹ ਤੇ ਬੜੀ ਤਨਦੇਹੀ ਨਾਲ ਨਿਭਾ ਰਹੀਆਂ ਹਨ।

ਅਜਿਹਾ ਕਰਕੇ ਇਨ੍ਹਾਂ ਬਹੁਤ ਹੀ ਸੁਹਿਰਦ ਔਰਤ ਵਰਕਰਾਂ ਨੇ ਲੋਕਾਂ ਨਾਲ ਇੱਕ ਬਹੁਤ ਪਿਆਰ ਭਰਿਆ ਨੇੜਲਾ ਰਿਸ਼ਤਾ ਬਣਾ ਲਿਆ ਹੈ।ਉਨ੍ਹਾਂ ਦੇ ਕੰਮ ਦੀ ਆਮ ਤੌਰ ਤੇ ਪਿੰਡਾਂ ਵਿੱਚ ਸ਼ਲਾਘਾ ਹੀ ਕੀਤੀ ਜਾਂਦੀ ਦੇਖੀ ਜਾਂਦੀ ਹੈ।ਭਾਵੇਂ ਇਹ ਸਕੀਮ ਕੇਂਦਰ ਸਰਕਾਰ ਦੀ ਹੈ ਪਰ ਇਸ ਵਿੱਚ ਸੂਬਾ ਸਰਕਾਰ ਨੇ ਵੀ ਯੋਗਦਾਨ ਦੇਣਾ ਹੁੰਦਾ ਹੈ। ਆਂਗਨਵਾੜੀ ਸੈਂਟਰਾਂ ਲਈ ਸਾਫ਼ ਸੁਥਰੀ ਜਗ੍ਹਾ ਮੁਹੱਈਆ ਕਰਾਉਣ ਅਤੇ ਉੱਥੇ ਜਾਂਦੇ ਬੱਚਿਆਂ ਦੀ ਗਿਣਤੀ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੀ ਹੁੰਦੀ ਹੈ। ਪਰ ਪੰਜਾਬ ਸਰਕਾਰ ਨੇ ਆਪਣਾ ਫਰਜ਼ ਨਿਭਾਉਣ ਦੀ ਬਜਾਏ ਆਂਗਣਾੜੀ ਸੈਂਟਰਾਂ 'ਚ ਜਾਂਦੇ ਬੱਚਿਆਂ ਦੀ ਗਿਣਤੀ ਘਟਾਉਣ ਲਈ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਚਲਾਉਣ ਲਈ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਨੂੰ ਉੱਥੇ ਦਾਖਲ ਕਰਾਉਣ ਦੀ ਹਦਾਇਤ ਕਰ ਦਿੱਤੀ ਛੱਡੀ ਹੈ ਜੋ ਸਰਾਸਰ ਧੱਕਾ ਹੈ।

ਆਪਣੀ ਬਣਦੀ ਡਿਊਟੀ ਤਨਦੇਹੀ ਨਾਲ ਨਿਭਾ ਰਹੀਆਂ ਇਨ੍ਹਾਂ ਔਰਤਾਂ (ਪੰਜਾਬ ਦੀਆਂ ਨੂੰ ਨਿਗੁਣੀ ਤਨਖਾਹ ਮਿਲਦੀ ਹੈ ਪਰ ਫਿਰ ਵੀ ਇਨ੍ਹਾਂ ਨੇ ਆਪਣੇ ਕੰਮ ਵਿੱਚ ਕਦੇ ਖੜੋਤ ਨਹੀਂ ਆਉਣ ਦਿੱਤੀ।ਆਪਣੇ ਇਸ ਸੰਘਰਸ਼ ਦੌਰਾਨ ਵੀ ਇਹ ਆਪਣੀ ਡਿਊਟੀ ਤੇ ਜਾਂਦੀਆਂ ਹਨ। ਸਰਕਾਰ ਵੱਲੋਂ ਇਨ੍ਹਾਂ ਔਰਤ ਵਰਕਰਾਂ (ਪੰਜਾਬ ਦੀਆਂ ਧੀਆਂ) ਦੇ ਕੰਮ ਦਾ ਮੁੱਲ ਤਾਰਨ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਬਾਰੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਬਜਾਏ ਉਨ੍ਹਾਂ ਨੂੰ ਸੰਘਰਸ਼ ਖਾਤਰ ਸੜਕਾਂ ਤੇ ਉਤਰਨ ਲਈ ਮਜਬੂਰ ਕਰ ਦਿੱਤਾ ਹੈ।ਸਾਡੇ ਸਮਾਜ ਦੇ ਅੱਧੇ ਅਸਮਾਨ ਦੀਆਂ ਮਾਲਕ ਔਰਤਾਂ ਹਨ।ਉਹਨਾਂ ਪ੍ਰਤੀ ਜੇ ਸਾਡੀ ਮੌਜੂਦਾ ਸਰਕਾਰ ਦਾ ਰਵੱਈਆ ਏਨਾ ਭੱਦਾ ਹੈ ਤਾਂ ਬਾਕੀ ਵਰਗਾਂ ਨਾਲ ਚੰਗੇ ਸਲੂਕ ਹੋਣ ਦੀ ਉਹਨਾਂ ਤੋਂ ਆਸ ਕਿਵੇਂ ਰੱਖੀ ਜਾ ਸਕਦੀ ਹੈ? ਪੰਜਾਬ ਸਰਕਾਰ ਦੇ ਇਨ੍ਹਾਂ ਪੰਜਾਬ ਦੀਆਂ ਧੀਆਂ ਪ੍ਰਤੀ ਜਾਬਰ ਤੇ ਨਿੰਦਣਯੋਗ ਵਰਤਾਅ ਦੀ ਨਿਖੇਧੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਔਰਤਾਂ ਨੂੰ ਮਾਨ ਸਨਮਾਨ ਦੇ ਕੇ ਉਨ੍ਹਾਂ ਦੀ ਗੱਲ ਤੁਹੱਮਲ ਨਾਲ ਸੁਣੀ ਜਾਵੇ'ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਵਾਜਬ ਹੱਲ ਕੱਢਿਆ ਜਾਵੇ ਅਤੇ ਉਨ੍ਹਾਂ ਨੂੰ ਮਿਲਦੀ ਨਿਗੂਣੀ ਤਨਖਾਹ ਵਿੱਚ ਬਣਦਾ ਵਾਧਾ ਵੀ ਕੀਤਾ ਜਾਵੇ।ਮਰਨ ਵਰਤ ਤੇ ਬੈਠੀਆਂ ਆਂਗਣਵਾੜੀ ਵਰਕਰਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ।

**ਜਾਰੀ ਕਰਤਾ: ਡਾ ਅਜੀਤਪਾਲ ਸਿੰਘ ਐਮ ਡੀ**
**ਪ੍ਰੈਸ ਸਕੱਤਰ ਜਮਹੂਰੀ ਅਧਿਕਾਰ ਸਭਾ ਪੰਜਾਬ**

## ਐਸ.ਸੀ. ਕਮਿਸ਼ਨ ਵਿਚ ਜਨਰਲ ਵਰਗ ਦੀ ਨਿਯੁਕਤੀ ਨਿੰਦਾਯੋਗ- ਸੁਖਵਿੰਦਰ

**ਅਮਲੋਹ-** ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਵਿਚ ਜਨਰਲ ਵਰਗ ਦੇ ਅਧਿਕਾਰੀ ਦੀ ਨਿਯੁਕਤੀ ਕਰਨਾ ਨਿੰਦਾਯੋਗ ਹੈ। ਇਹ ਗੱਲ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਦੇ ਸਕੱਤਰ ਸੁਖਵਿੰਦਰ ਸਿੰਘ ਸਖੀ ਨੇ ਕਹੀ। ਉਹਨਾਂ ਕਿਹਾ ਕਿ ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਐਸ. ਸੀ. ਕਮਿਸ਼ਨ ਦੇ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਦੇ ਮੈਂਬਰ ਸਕੱਤਰ ਜਨਰਲ ਵਰਗ ਤੋਂ ਹਨ।






# ਕੇਵਲ ਸਾਂਵਰਾ ਕੌਮ ਦਾ ਮਹਾਨ ਕਲਾਕਾਰ


**ਸ਼ਾਮਚੁਰਾਸੀ (ਚੁੰਬਰ)** ਇਤਿਹਾਸਕ ਪਿੰਡ ਬਾਹੜੋਵਾਲ ਨੇੜੇ ਬੰਗਾ ਵਿਚ ਬਹੁਜਨ ਸਮਾਜ ਪਾਰਟੀ ਦੇ ਮਹਾਨ ਕਲਾਕਾਰ ਜੋ ਇਕੋ ਸਮੇਂ ਗੀਤਕਾਰ, ਕਵੀ, ਲੇਖਕ, ਗਾਇਕ, ਬੁਲਾਰੇ ਅਤੇ ਬੁੱਧੀਜੀਵੀ ਵਜੋਂ ਕੇਵਲ ਸਾਂਵਰਾ ਦੇ ਨਾਮ ਤੋਂ ਮਿਸ਼ਨ ਦੀ ਇਤਿਹਾਸਕ ਪਹਿਚਾਣ ਰੱਖਦੇ ਸਨ, ਦੇ ਸਦੀਵੀਂ ਵਿਛੋੜੇ ਉਪਰੰਤ ਉਨ੍ਹਾਂ ਨੂੰ ਅੰਤਿਮ ਅਰਦਾਸ ਮੌਕੇ ਦਲਿਤ ਸਮਾਜ ਦੇ ਆਗੂਆਂ ਵਲੋਂ ਭਾਵ ਭਿੰਨੀਆਂ ਸ਼ਰਧਾਜਲੀਆਂ ਭੇਂਟ ਕੀਤੀਆਂ ਗਈਆਂ। ਇਸ ਸਮਾਗਮ ਵਿਚ ਜਿੱਥੇ ਕੇਵਲ ਸਾਂਵਰਾ ਜੀ ਦੇ ਮਿਸ਼ਨ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ ਗਿਆ। ਓਥੇ ਹੀ ਉਨ੍ਹਾਂ ਦੇ ਵਲੋਂ ਦਿੱਤੇ ਗਏ ਮਹਾਨ ਸਹਿਯੋਗ ਲਈ ਵੀ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਸਮਾਗਮ ਵਿਚ ਬਹੁਜਨ ਸਮਾਜ ਪਾਰਟੀ ਦੇ ਵੱਖ-ਵੱਖ ਆਗੂਆਂ ਤੋਂ ਇਲਾਵਾ ਸਮਾਜ ਦੇ ਵੱਖ-ਵੱਖ ਵਰਗਾਂ ਦੇ ਗਤੀਸ਼ੀਲ ਵਿਅਕਤੀਆਂ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਗਿਆ ਕਿ ਸਵ. ਕੇਵਲ ਸਾਂਵਰਾ ਨੇ ਜਿੱਥੇ ਮਹਾਨ ਮਿਸ਼ਨਰੀ ਗੀਤ ਜੋ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਇਤਿਹਾਸ ਨੂੰ ਦਰਸਾਉਂਦੇ ਦੀ ਰਚਨਾ ਕੀਤੀ, ਉੱਥੇ ਹੀ ਉਨ੍ਹਾਂ ਨੇ ਦੱਬੇ ਕੁਚਲੇ ਸਮਾਜ ਦੀ ਸੁੱਤੀ ਹੋਈ ਚੇਤਨਾ ਨੂੰ ਜਗਾਉਣ ਲਈ ਅਣਗਿਣਤ ਸਟੇਜਾਂ ਲਗਾ ਕੇ ਉਨ੍ਹਾਂ ਦੇ ਮਨੋਬਲ ਨੂੰ ਵਧਾਇਆ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਆਨੰਦਪੁਰ ਸਾਹਿਬ, ਮਨੋਹਰ ਕਮਾਮ ਜ਼ਿਲ੍ਹਾ ਪ੍ਰਧਾਨ ਬਸਪਾ, ਵਿਜੇ ਮਜਾਰੀ ਹਲਕਾ ਪ੍ਰਧਾਨ ਬੰਗਾ, ਰਜੇਸ਼ ਕੁਲਥਮ ਸੈਕਟਰੀ ਵਿਧਾਨ ਸਭਾ, ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਰਾਜ ਦਦਰਾਲ, ਰਮੇਸ਼ ਚੋਹਾਨ, ਅਮਰੀਕ ਬੰਗੜ, ਪੰਮੀ ਲਾਲੋ ਮਜਾਰਾ, ਮਾ. ਰਾਮ ਕਿਸ਼ਨ ਪੱਲੀ ਝਿੱਕੀ, ਸੋਮ ਨਾਥ ਰਟੈਂਡਾ ਸਮੇਤ ਕਈ ਹੋਰ ਵੱਡੀ ਗਿਣਤੀ ਵਿਚ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਅੰਤਿਮ ਸਸਕਾਰ ਮੌਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਸਮੇਤ ਐਕਸ ਐਮ ਐਲ ਏ ਮੋਹਣ ਨਾਲ, ਮੱਖਣ ਲਾਲ ਚੋਹਾਨ ਸਮੇਤ ਕਈ ਹੋਰ ਨੇਤਾ ਵਿਸ਼ੇਸ਼ ਤੌਰ ਤੇ ਪੁੱਜੇ ਸਨ। ਜਿੰਨ੍ਹਾਂ ਨੇ ਕੇਵਲ ਸਾਂਵਰਾ ਵਰਗੇ ਸਮਾਜ ਦੇ ਮਹਾਨ ਕੌਮੀ ਕਲਾਕਾਰ ਦਾ ਦੁਨੀਆਂ ਤੋਂ ਤੁਰ ਜਾਣਾ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।





# ਮਹਿਲਾ ਆਈ ਆਰ ਐਸ ਅਫ਼ਸਰ ਵੱਲੋਂ ਜੈਪੁਰ ਵਿੱਚ ਖ਼ੁਦਕੁਸ਼ੀ

**ਜੈਪੁਰ–** ਇਕ ਮਹਿਲਾ ਆਈਆਰਐਸ ਅਫ਼ਸਰ ਨੇ ਇੱਥੇ ਆਪਣੇ ਘਰ ਵਿੱਚ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਐਡੀਸ਼ਨਲ ਡੀਸੀਪੀ (ਪੂਰਬੀ) ਹਨੂੰਮਾਨ ਪ੍ਰਸ਼ਾਦ ਨੇ ਦੱਸਿਆ ਕਿ ਬਿਨੀ ਸ਼ਰਮਾ (35) ਦੀ ਮ੍ਰਿਤਕ ਦੇਹ ਸਵੇਰੇ ਏ ਜੀ ਕਲੋਨੀ ਵਿਚਲੇ ਉਸ ਦੇ ਘਰ 'ਚੋਂ ਮਿਲੀ। 2008 ਬੈਚ ਦੀ ਆਈ ਆਰ ਐਸ ਅਫ਼ਸਰ ਸ਼ਰਮਾ ਜੈਪੁਰ ਵਿੱਚ ਸੈਂਟਰਲ ਗੁਡਜ਼ ਐਂਡ ਸਰਵਿਸ ਟੈਕਸ ਕਮਿਸ਼ਨਰੇਟ ਵਿੱਚ ਡਿਪਟੀ ਕਮਿਸ਼ਨਰ ਵਜੋਂ ਤਾਇਨਾਤ ਸੀ, ਉਸ ਦਾ ਪਤੀ ਵੀ ਸਰਕਾਰੀ ਅਫ਼ਸਰ ਹੈ ਜੋ ਚੰਡੀਗੜ੍ਹ ਵਿੱਚ ਤਾਇਨਾਤ ਹੈ। ਪੁਲੀਸ ਅਫ਼ਸਰ ਨੇ ਦੱਸਿਆ ਕਿ ਖ਼ੁਦਕੁਸ਼ੀ ਦੇ ਕਾਰਨਾਂ ਦਾ ਅਜੇ ਖੁਲਾਸਾ ਨਹੀਂ ਹੋ ਸਕਿਆ।



# ਡਾ.ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਪਿੰਡ ਦਰਾਵਾਂ 'ਚ ਸਮਾਗਮ





ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਅਤੇ ਦਲਿਤ ਸਮਾਜ ਦੇ ਮਹਾਨ ਮਹਾਪੁਰਸ਼ਾਂ ਦੀ ਯਾਦ ਵਿਚ ਪਿੰਡ ਦਰਾਵਾਂ ਦੀ ਡਾ. ਅੰਬੇਡਕਰ ਯੂਥ ਕਲੱਬ ਨੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਿਸ਼ਨਰੀ ਪ੍ਰੋਗਰਾਮ ਅਤੇ ਨਾਟਕ ਮੇਲਾ ਕਰਵਾਇਆ। ਇਸ ਪ੍ਰੋਗਰਾਮ ਵਿਚ ਜਿੱਥੇ ਵੱਖ-ਵੱਖ ਬੁਲਾਰੇ ਜਿੰਨ੍ਹਾਂ ਵਿਚ ਧਰਮਿੰਦਰ ਭੁੱਲਾਰਾਈ, ਇੰਜ. ਜਸਵੰਤ ਰਾਏ, ਮਾ. ਰਾਮ ਲੁਭਾਇਆ, ਜਰਨੈਲ ਭੱਟੀ, ਕੌਂਸਲਰ ਰਕੇਸ਼ ਬੱਗਾ, ਚਰਨਜੀਤ ਬਿਨਪਾਲਕੇ, ਬਲਵਿੰਦਰ ਕੋਟਲਾ ਨੇ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਬਾਰੇ ਚਾਨਣਾ ਪਾਇਆ, ਉੱਥੇ ਹੀ ਮਨਜੀਤ ਨਕੋਦਰ ਦੀ ਕੋਰੀਓਗ੍ਰਾਫੀ ਟੀਮ ਨੇ ਦਲਿਤ ਸਮਾਜ ਦੇ ਪਿਛੋਕੜ ਨੂੰ ਦਰਸਾਉਂਦੇਕ੍ਰਾਂਤੀਕਾਰੀ ਨਾਟਕ ਖੇਡੇ ਗਏ, ਜੋ ਹਾਜ਼ਰੀਨ ਦੇ ਦਿਲਾਂ ਤੇ ਅਮਿੱਟ ਛਾਪ ਛੱਡ ਗਏ। ਸਟੇਜ ਦਾ ਸੰਚਾਲਨ ਲਲਿਤ ਅੰਬੇਡਕਰੀ ਨੇ ਕੀਤਾ। ਸਰਪੰਚ ਸਵਰਨ ਦਾਸ ਅਤੇ ਅੰਬੇਡਕਰ ਯੂਥ ਕਲੱਬ ਦੇ ਅਹੁਦੇਦਾਰਾਂ ਵਲੋਂ ਆਏ ਮਹਿਮਾਨਾਂ ਅਤੇ ਸਕੂਲੀ ਬੱਚਿਆਂ ਨੂੰ ਅੰਬੇਡਕਰ ਮਿਸ਼ਨ ਨਾਲ ਸਬੰਧਿਤ ਕਿਤਾਬਾਂ ਤਕਸੀਮ ਕੀਤੀਆਂ ਗਈਆਂ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਖਸ਼ੀ ਰਾਮ, ਸ਼ਰਨਦੀਪ, ਸ਼ਾਦੀ ਲਾਲ ਭਾਟੀਆ, ਚਰਨਜੀਤ ਰਾਏ, ਸੋਹਣ ਲਾਲ, ਸਨਵੀਰ, ਰੋਸ਼ਨ ਲਾਲ, ਰੋਹਿਤ ਕੁਮਾਰ, ਰਾਜ ਕੁਮਾਰ ਰੱਤੂ, ਹੈਵਨ ਕੁਮਾਰ ਸਮੇਤ ਕਈ ਹੋਰ ਵੱਡੀ ਗਿਣਤੀ ਵਿਚ ਯੂਥ ਆਗੂ ਹਾਜ਼ਰ ਸਨ।

# ਦਲਿਤ ਵਿਦਿਆਰਥੀ ਨੂੰ ਪਿਸ਼ਾਬ ਪਿਲਾਉਣ ਦੇ ਮਾਮਲੇ 'ਚ ਅਧਿਆਪਕਾ ਵਿਰੁੱਧ ਮਾਮਲਾ ਦਰਜ

**ਜਲੰਧਰ (ਬਿਊਰੋ)–** ਸੇਂਟ ਜੋਸਫ ਕਾਨਵੈਂਟ ਸਕੂਲ ਵਿੱਚ ਅੱਠਵੀਂ ਜਮਾਤ ਵਿੱਚ ਪੜ੍ਹਦੇ ਦਲਿਤ ਵਿਦਿਆਰਥੀ ਮੇਹਰ ਸਿੱਧੂ ਨੂੰ ਸਾਥੀ ਵਿਦਿਆਰਥੀਆਂ ਵੱਲੋਂ ਪਿਸ਼ਾਬ ਪਿਲਾਉਣ ਦੇ ਮਾਮਲੇ ਸਬੰਧੀ ਕੋਈ ਕਾਰਵਾਈ ਨਾ ਕਰਨ 'ਤੇ ਪੁਲਿਸ ਨੇ ਸਕੂਲ ਦੀ ਅਧਿਆਪਕਾ ਵਿਰੁੱਧ ਆਈਪੀਸੀ ਦੀ ਧਾਰਾ 323 ਅਤੇ ਐਸਸੀ/ ਐਸਟੀ ਐਕਟ 1989 ਦੀ ਧਾਰਾ 3 (1) ਅਧੀਨ ਥਾਣਾ ਨਵੀਂ ਬਾਰਾਂਦਰੀ ਵਿੱਚ ਕੇਸ ਦਰਜ ਕੀਤਾ ਹੈ। ਨਮੋਸ਼ੀ ਕਾਰਨ ਪੀੜਤ ਵਿਦਿਆਰਥੀ ਵੱਲੋਂ ਘਰ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਮੇਹਰ ਸਿੱਧੂ ਦੀ ਖੱਬੀ ਲੱਤ ਅਤੇ ਬਾਂਹ ਟੁੱਟ ਗਈ ਹੈ। ਐਸਸੀ ਕਮਿਸ਼ਨ ਨੇ ਇਸ ਘਟਨਾ ਦਾ ਨੋਟਿਸ ਲੈਂਦਿਆਂ ਮੌਕੇ 'ਤੇ ਟੀਮ ਭੇਜ ਕੇ ਜਾਇਜ਼ਾ ਲਿਆ। ਕਮਿਸ਼ਨ ਨੇ ਪੁਲੀਸ ਨੂੰ 29 ਅਗਸਤ ਤੱਕ ਸਾਰੇ ਮਾਮਲੇ ਦੀ ਜਾਂਚ ਰਿਪੋਰਟ ਪੇਸ਼ ਕਰਨ ਦੇ ਹੁਕਮ ਵੀ ਦਿੱਤੇ ਹਨ।

ਐਸਸੀ ਕਮਿਸ਼ਨ ਵੱਲੋਂ ਰਾਜ ਕੁਮਾਰ ਹੰਸ ਨੇ ਸਵੇਰੇ ਸਕੂਲ ਦਾ ਦੌਰਾ ਵੀ ਕੀਤਾ ਤੇ ਉਥੇ ਜਾ ਕੇ ਸਟਾਫ ਕੋਲੋਂ ਵੀ ਪੁੱਛਗਿੱਛ ਕੀਤੀ। ਦੱਸਣਯੋਗ ਹੈ ਕਿ ਇਹ ਘਟਨਾ 3 ਅਗਸਤ ਨੂੰ ਵਾਪਰੀ ਸੀ। ਘਟਨਾ ਨੂੰ ਚਾਰ ਦਿਨ ਬੀਤਣ 'ਤੇ ਪੁਲਿਸ ਨੇ ਉਦੋਂ ਕੇਸ ਦਰਜ ਕੀਤਾ ਜਦੋਂ ਐਸਸੇਐਸਟੀ ਕਮਿਸ਼ਨ ਦੀ ਟੀਮ ਨੇ ਆ ਕੇ ਹਸਪਤਾਲ ਵਿੱਚ ਬੱਚੇ ਦਾ ਹਾਲ-ਚਾਲ ਪੁੱਛਿਆ। ਪੁਲੀਸ ਨੇ ਮੇਹਰ ਸਿੱਧੂ ਦੀ ਮਾਤਾ ਪੂਜਾ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਹੈ। ਅਜੇ ਬੱਚੇ ਦੇ ਬਿਆਨ ਲੈਣੇ ਬਾਕੀ ਹਨ।

ਪੀੜਤ ਵਿਦਿਆਰਥੀ ਦੀ ਮਾਤਾ ਨੇ ਦੱਸਿਆ ਕਿ 3 ਅਗਸਤ ਨੂੰ ਜਦੋਂ ਉਸ ਦਾ ਪੁੱਤਰ ਘਰ ਆਇਆ ਤਾਂ ਉਹ ਗੁੱਸੇ ਵਿੱਚ ਸੀ ਤੇ ਉਸ ਨੇ ਘਰ ਦੀ ਤੀਜੀ ਮੰਜ਼ਿਲ ਤੋਂ ਜਾ ਕੇ ਛਾਲ ਮਾਰ ਦਿੱਤੀ। ਜਦੋਂ ਉਸ ਨੂੰ ਇਸ ਘਟਨਾ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਸਕੂਲ ਵਿੱਚ ਉਹ ਬਾਥਰੂਮ ਗਿਆ ਤਾਂ ਉਸ ਦੇ ਪੀਣ ਵਾਲੇ ਪਾਣੀ ਦੀ ਬੋਤਲ ਵਿੱਚ ਉਸ ਦੇ ਜਮਾਤੀ ਬੱਚਿਆਂ ਨੇ ਹੀ ਪਿਸ਼ਾਬ ਮਿਲਾ ਦਿੱਤਾ।

ਜਦੋਂ ਮੇਹਰ ਸਿੱਧੂ ਨੇ ਆਪਣੀ ਬੋਤਲ ਵਿਚੋਂ ਪਾਣੀ ਪੀਤਾ ਤਾਂ ਦੂਜੇ ਸ਼ਰਾਰਤੀ ਬੱਚੇ ਤਾੜੀਆਂ ਮਾਰ ਕੇ ਹੱਸਣ ਲੱਗ ਪਏ ਤੇ ਕਹਿਣ ਲੱਗੇ ਕਿ ਮਿਹਰ ਸਿੱਧੂ ਨੇ ਪਿਸ਼ਾਬ ਪੀ ਲਿਆ ਹੈ। ਉਸਨੇ ਇਸ ਦੀ ਸ਼ਿਕਾਇਤ ਕਲਾਸ ਟੀਚਰ ਸ਼੍ਰੀਕੀ ਸ਼ਰਮਾ ਕੋਲ ਕੀਤੀ ਤਾਂ ਉਲਟਾ ਅਧਿਆਪਕਾ ਨੇ ਉਸ ਨੂੰ ਹੀ ਡਾਂਟਿਆ ਤੇ ਉਸ ਨੂੰ ਸਕੂਲੋਂ ਕੱਢਣ ਦੀਆਂ ਧਮਕੀਆਂ ਵੀ ਦਿੱਤੀਆਂ। ਉਧਰ ਸਕੂਲ ਦਾ ਪੱਖ ਰੱਖਦਿਆਂ ਫਾਦਰ ਪੀਟਰ ਨੇ ਕਿਹਾ ਕਿ ਉਹ ਕੁਝ ਦਿਨਾਂ ਤੋਂ ਬਾਹਰ ਸਨ, ਉਨ੍ਹਾਂ ਨੂੰ ਪੂਰੇ ਮਾਮਲੇ ਦਾ ਪਤਾ ਨਹੀਂ ਹੈ। ਫਿਰ ਵੀ ਉਹ ਇਸ ਮਾਮਲੇ ਨੂੰ ਹੱਲ ਕਰਾਉਣਗੇ।

# ਕੈਲੇਫੋਰਨੀਆ ਦੀ ਅੱਗ ਦਾ ਕਾਰਨ ਵਾਤਾਵਰਣ ਸਬੰਧੀ ਕਾਨੂੰਨ- ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਲੇਫੋਰਨੀਆ ਦੇ ਜੰਗਲਾਂ ਦੀ ਵਧਦੀ ਅੱਗ ਦੇ ਲਈ ਖਰਾਬ ਵਾਤਾਵਰਣ ਕਾਨੂੰਨ ਨੂੰ ਦੋਸ਼ੀ ਠਹਿਰਾਇਆ। ਉਹਨਾਂ ਕਿਹਾ ਕਿ ਕੈਲੇਫੋਰਨੀਆ ਰਾਜ ਸੜ ਰਿਹਾ ਹੈ ਕਿਉਂਕਿ ਮੌਜੂਦਾ ਕਾਨੂੰਨ ਦੇ ਕਾਰਨ ਉਪਲਬਧ ਪਾਣੀ ਦੀ ਉਚਿਤ ਵਰਤੋਂ ਨਹੀਂ ਹੋ ਪਾ ਰਹੀ ਹੈ। ਸ੍ਰੀ ਟਰੰਪ ਨੇ ਟਵੀਟ ਤੇ ਲਿਖਿਆ ਕਿ ਕੈਲੇਫੋਰ-ਨੀਆ ਦੇ ਜੰਗਲਾਂ ਦੀ ਅੰਗ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। ਪਰ ਖਰਾਬ ਵਾਤਾਵਰਣੀ ਕਾਨੂੰਨਾਂ ਦੇ ਕਾਰਨ ਹਾਲਾਤ ਬੇਕਾਬੂ ਹੋ ਰਹੇ ਹਨ। ਮੌਜੂਦਾ ਕਾਨੂੰਨਾਂ ਦੇ ਮੁਤਾਬਕ ਉਪਲਬਧ ਪਾਣੀ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਪਾਣੀੂ ਪ੍ਰਸ਼ਾਂਤ ਮਹਾਂਸਾਗਰ ਵੱਲ ਡਾਈਵਰਟ ਕੀਤਾ ਜਾ ਰਿਹਾ ਹੈ। ਅੱਗ ਨੂੰ ਰੋਕਣ ਦੇ ਲਈ ਜੰਗਲਾਂ ਵਿਚ ਦਰਖਤਾਂ ਨੂੰ ਵੀ ਕੱਟ ਦੇਣਾ ਚਾਹੀਦਾ ਹੈ। ਉਹਨਾਂ ਆਪਣੇ ਹੀ ਟਵੀਟ ਵਿਚ ਲਿਖਿਆ ਕਿ ਕੈਲੇਫੋਰਨੀਆ ਦੇ ਗਵਰਨਰ ਜੈਰੀ ਬ੍ਰਾਊਨ ਨੂੰ ਉਤਰ ਤੋਂ ਪਾਣੀ ਦੇ ਫਰੀ ਪ੍ਰਵਾਹ ਦੀ ਆਗਿਆ ਦੇਣੀ ਚਾਹੀਦੀ ਹੈ ਨਾ ਕਿ ਉਸਨੂੰ ਪ੍ਰਸ਼ਾਂਤ ਮਹਾਸਾਗਰ ਵੱਲ ਡਾਈਵਰਟ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਸ ਪਾਣੀ ਦਾ ਅੱਗ, ਖੇਤੀ ਅਤੇਹੋਰ ਸਾਰੀਆਂ ਚੀਜ਼ਾਂ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਵਰਣਨਯੋਗ ਹੈ ਕਿ ਕੈਲੇਫੋਰਨੀਆ ਭਿਆਨਕ ਅੱਗ ਦੀ ਲਪੇਟ ਵਿਚ ਹੈ। ਉਹ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਹੁਣ ਤੱਕ ਇਸ ਕਾਰਨ ਘੱਟੋ ਘੱਟ 34 ਮੌਤਾਂ ਹੋ ਚੁੱਕੀਆਂ ਹਨ ਅਤੇ 9 ਲੋਕ ਗੰਭੀਰ ਜ਼ਖਮੀ ਹੋਏ ਹਨ। ਇੱਥੇ ਰਾਹਤ ਬਚਾਅ ਦੇ ਕੰਮ ਜੰਗੀ ਪੱਧਰ ਤੇ ਚਲਾਏ ਜਾ ਰਹੇ ਹਨ। ਕਈ ਲੋਕ ਲਾਪਤਾ ਵੀ ਹੋ ਗਏ ਹਨ। ਕੈਲੇਫੋਰਨੀਆ ਦੇ ਗਵਰਨਰ ਜੈਰੀ ਬ੍ਰਾਊਨ ਨੇ ਨਾਪਾ, ਸੋਨੋਮਾ ਅਤੇ ਯੂਬਾ ਵਿਚ ਐਮਰਜੈਂਸੀ ਦਾ ਐਲਾਨ ਕੀਤਾ ਹੈ। ਇਸੇ ਵਿਚਕਾਰ ਅੱਗ ਬੁਝਾਊ ਦਲ ਗਰਮ, ਖੁਸ਼ਕ ਅਤੇ ਹਵਾਦਾਰ ਪ੍ਰਸਥਿਤੀਆਂ ਵਿਚ ਸੜ ਰਹੇ 17 ਪ੍ਰਮੁੱਖ ਜੰਗਲਾਂ ਵਿਚ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।



# ਇਰਾਨ ਨਾਲ ਕਾਰੋਬਾਰ ਕਰੋ ਜਾਂ ਅਮਰੀਕਾ ਨਾਲ: ਰਾਸ਼ਟਰਪਤੀ ਟਰੰਪ ਦੀ ਧਮਕੀ

**(ਸਫਾ 1 ਦੀ ਬਾਕੀ)**

ਖਿੱਚਣ ਵਾਲੇ ਅਮਰੀਕਾ ਵੱਲੋਂ ਇਰਾਨ ਉੱਤੇ ਲਾਈਆਂ ਪਾਬੰਦੀਆਂ ਸੋਮਵਾਰ ਤੋਂ ਲਾਗੂ ਹੋ ਗਈਆਂ ਹਨ। ਵਾਈਟ ਹਾਊਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਇਰਾਨ 'ਤੇ ਮੁੜ ਲਗਾਈਆਂ ਗਈਆਂ ਪਾਬੰਦੀਆਂ ਬਾਅਦ ਨਾ ਤਾਂ ਡਾਲਰ ਤੋਂ ਰਿਆਲ ਖਰੀਦਿਆ ਜਾ ਸਕੇਗਾ ਨਾ ਹੀ ਰਿਆਲ ਤੋਂ ਡਾਲਰ।

ਇਸ ਤੋਂ ਇਲਾਵਾ ਸੋਨੇ ਦਾ ਵਪਾਰ, ਮੈਟਲ ਅਤੇ ਇੰਡਸਟਰੀ ਵਿੱਚ ਵਰਤੋਂ ਹੋਣ ਵਾਲੇ ਸਾਫਟਵੇਅਰ ਦੇ ਕਾਰੋਬਾਰ ਉੱਤੇ ਵੀ ਇਹ ਪਾਬੰਦੀਆਂ ਲਾਗੂ ਹੋਣਗੀਆਂ ਅਮਰੀਕੀ ਪਾਬੰਦੀਆਂ ਦੋ ਗੇੜ ਵਿੱਚ ਸ਼ੁਰੂ ਹੋਈਆਂ ਹਨ। ਪਹਿਲਾ ਗੇੜ 6 ਅਗਸਤ ਨੂੰ ਸ਼ੁਰੂ ਹੋ ਗਿਆ। ਦੂਜਾ ਗੇੜ ਨਵੰਬਰ ਵਿੱਚ ਸ਼ੁਰੂ ਹੋਵੇਗਾ। ਇਰਾਨ 'ਤੇ ਲਗਾਏ ਗਏ ਪ੍ਰਤੀਬੰਧਾਂ ਦੇ ਪਹਿਲੇ ਗੇੜ ਦੇ ਸ਼ੁਰੂ ਹੋਣ 'ਤੇ ਇਸ ਦਾ ਅਸਰ ਭਾਰਤ ਉੱਤੇ ਕਿਵੇਂ ਪਵੇਗਾ? ਇਰਾਕ ਅਤੇ ਸਾਊਦੀ ਅਰਬ ਤੋਂ ਬਾਅਦ ਇਰਾਨ ਭਾਰਤ ਨੂੰ ਤੇਲ ਵੇਚਣ ਵਾਲਾ ਤੀਜਾ ਵੱਡਾ ਦੇਸ ਹੈ।

ਬਿਜਨੈੱਸ ਪੱਤਰਕਾਰ ਸ਼ਿਸ਼ਿਰ ਸਿਨਹਾ ਦਾ ਕਹਿਣਾ ਹੈ, "ਭਾਰਤ ਨੇ ਅਮਰੀਕੀ ਪਾਬੰਦੀਆਂ ਦਾ ਖ਼ੁਦ 'ਤੇ ਅਸਰ ਰੋਕਣ ਲਈ ਕੁਝ ਇੰਤਜ਼ਾਮ ਕਰ ਰੱਖੇ ਸਨ। ਭਾਰਤ ਨੇ ਰੁਪੱਈਆ-ਰਿਆਲ ਦਾ ਸਮਝੌਤਾ ਕਰ ਰੱਖਿਆ ਸੀ, ਜਿਸਦੇ ਤਹਿਤ ਭਾਰਤ ਭੁਗਤਾਨ ਰੁਪਏ ਵਿੱਚ ਕਰਦਾ ਹੈ। ਦੂਜਾ ਬਾਰਟਰ ਸਿਸਟਮ ਲਾਗੂ ਹੋਣ ਕਾਰਨ ਭਾਰਤ ਖਾਣ-ਪੀਣ ਦੀਆਂ ਵਸਤਾਂ ਬਦਲੇ ਇਰਾਨ ਤੋਂ ਤੇਲ ਲੈਂਦਾ ਹੈ।"

ਸ਼ਿਸ਼ਿਰ ਮੁਤਾਬਕ ਅਸਲੀ ਪਰੇਸ਼ਾਨੀਆਂ ਨਵੰਬਰ ਵਿੱਚ ਸ਼ੁਰੂ ਹੋਣ ਵਾਲੇ ਦੂਜੇ ਗੇੜ ਤੋਂ ਬਾਅਦ ਸ਼ੁਰੂ ਹੋਣਗੀਆਂ ਕਿਉਂਕਿ ਅਮਰੀਕੀ ਟੈਂਕਰਾਂ ਦਾ ਇਸਤੇਮਾਲ ਨਹੀਂ ਹੋ ਸਕੇਗਾ। ਸ਼ਿਸ਼ਿਰ ਅੱਗੇ ਕਹਿੰਦੇ ਹਨ ਕਿ ਕੌਮਾਂਤਰੀ ਵਪਾਰ ਵਿੱਚ ਅਹਿਮ ਸਮਝੀ ਜਾਣ ਵਾਲੀ ਰੀਐਸ਼ੋਰੈਂਸ ਦੀ ਪਾਲਿਸੀ ਦਾ ਅਸਰ ਨਹੀਂ ਰਹੇਗਾ ਕਿਉਂਕਿ ਉਸ ਨੂੰ ਵੀ ਅਮਰੀਕੀ ਕੰਪਨੀਆਂ ਹੀ ਮੁਹੱਈਆ ਕਰਵਾਉਂਦੀਆਂ ਹਨ। ਇਸਦਾ ਮਤਲਬ ਇਹ ਕਿ ਸਾਡਾ ਤੇਲ ਦਾ ਸਰੋਤ ਬੰਦ ਹੋ ਜਾਵੇਗਾ।

ਭਾਰਤ ਲਈ ਦੂਜਾ ਬਦਲ ਵੇਨੇਜ਼ੁਏਲਾ ਹੈ ਪਰ ਖ਼ਬਰ ਹੈ ਕਿ ਉਸ ਖਿਲਾਫ ਵੀ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਇਸ ਦਾ ਇੱਕੋ ਇੱਕ ਰਸਤਾ ਹੈ ਕਿ ਇਰਾਨ ਤੋਂ ਭਾਰਤ ਕੱਚਾ ਤੇਲ ਲੈ ਸਕੇ ਇਸ ਲਈ ਅਮਰੀਕਾ ਕੁਝ ਰਿਆਇਤ ਬਰਤੇ। ਪਰਮਾਣੂ ਸਮਝੌਤੇ ਤੋਂ ਪਿੱਛੇ ਹਟਣ ਵੇਲੇ ਟਰੰਪ ਨੇ ਕੀ ਕਿਹਾ ਸੀ?

# ਵਿਧਾਇਕ ਲਾਡੀ ਵੱਲੋਂ ਅਨੁਸੂਚਿਤ ਜਾਤੀ ਮੁਲਾਜ਼ਮਾਂ ਦੀ ਤਰੱਕੀ ਲਈ ਰਾਖਵਾਂਕਰਨ ਬਹਾਲ ਕਰਨ ਦੇ ਇਤਿਹਾਸਕ ਫੈਸਲੇ ਦਾ ਸਵਾਗਤ

**ਬਟਾਲਾ (ਨਰਿੰਦਰ ਬਰਨਾਲ)–** ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਸ. ਬਲਵਿੰਦਰ ਸਿੰਘ ਲਾਡੀ ਨੇ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਮੁਲਾਜ਼ਮਾਂ ਦੀ ਤਰੱਕੀ ਲਈ ਰਾਂਖਵਾਕਰਨ ਬਹਾਲ ਕਰਨ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ ਹੈ। ਬਟਾਲਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ. ਲਾਡੀ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਦਲਿਤਾਂ, ਘੱਟ ਗਿਣਤੀ, ਦੱਬੇ ਕੁਚਲੇ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਨਾਂ ਵਰਗਾਂ ਦੇ ਹਿੱਤ ਸੁਰੱਖਿਅਤ ਕਰਨ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਰਕਾਰੀ ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਤਰੱਕੀ ਰਾਹੀਂ ਅਸਾਮੀਆਂ ਭਰਨ ਵਿੱਚ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਲਈ ਗਰੁੱਪ ਏ ਤੇ ਬੀ ਦੀ ਸੇਵਾਵਾਂ ਵਿੱਚ 14 ਫੀਸਦੀ ਅਤੇ ਗਰੁੱਪ ਸੀ ਤੇ ਡੀ ਦੀਆਂ ਸੇਵਾਵਾਂ ਵਿੱਚ 20 ਫੀਸਦੀ ਦੇ ਰਾਖਵੇਂਕਰਨ ਦਾ ਕੋਟਾ ਬਹਾਲ ਕਰਨ ਦੀ ਮਨਜ਼ੂਰੀ ਦਿੱਤੀ ਹੈ। ਇਹ ਰਾਖਵਾਂਕਰਨ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਲਈ ਪ੍ਰੋਫੋਰਮਾ ਪਦ-ਉਨਤੀ ਅਤੇ ਬਦਲੀ ਰਾਹੀਂ ਨਿਯੁਕਤੀ ਲਈ ਵੀ ਲਾਗੂ ਹੋਵੇਗਾ।



ਵਿਧਾਇਕ ਲਾਡੀ ਨੇ ਕਿਹਾ ਕਿ ਅਨੁਸੂਚਿਤ ਵਰਗ ਦੇ ਮੁਲਾਜ਼ਮਾਂ ਦੀ ਇਹ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ ਜਿਸ ਨੂੰ ਕੈਪਟਨ ਸਰਕਾਰ ਨੇ ਪੂਰਾ ਕਰ ਕੇ ਇਸ ਵਰਗ ਦਾ ਦਿਲ ਜਿੱਤ ਲਿਆ ਹੈ। ਉਨਾਂ ਕਿਹਾ ਕਿ ਪੰਜਾਬ ਵਿੱਚ ਦਲਿਤਾਂ ਦੀ ਵਸੋਂ ਸੂਬੇ ਦੀ ਵਸੋਂ ਦਾ ਇਕ ਤਿਹਾਈ ਹਿੱਸਾ ਹੈ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਉਨਾਂ ਕਿਹਾ ਕਿ ਕਾਂਗਰਸ ਪਾਰਟੀ ਮੁੱਢ ਤੋਂ ਹੀ ਦਲਿਤ ਵਰਗ ਦੀ ਹਮਾਇਤੀ ਰਹੀ ਹੈ ਅਤੇ ਹੁਣ ਤਰ-'ਕੀਆਂ ਵਿੱਚ ਰਾਂਖਵਾਂਕਰਨ ਦੀ ਬਹਾਲੀ ਕਰ ਕੇ ਇਕ ਵਾਰ ਫੇਰ ਸਿੱਧ ਕਰ ਦਿੱਤਾ ਹੈ ਕਿ ਅਨੁਸੂਚਿਤ ਵਰਗ ਦੇ ਹਿੱਤ ਕੈਪਟਨ ਸਰਕਾਰ ਵਿੱਚ ਸੁਰੱਖਿਅਤ ਹਨ।

# ਐੱਸ ਸੀ/ਐੱਸ ਟੀ ਐਕਟ ਦਾ ਮੂਲ ਰੂਪ ਬਹਾਲ ਕਰਨ ਲਈ ਬਿਲ ਲੋਕ ਸਭਾ ’ਚ ਪੇਸ਼

**ਨਵੀਂ ਦਿੱਲੀ–** ਐੱਸਸੀ/ਐੱਸਟੀ ਜ਼ੁਲਮ ਰੋਕੂ ਐਕਟ ਦਾ ਮੂਲ ਰੂਪ ਬਹਾਲ ਕਰਨ ਦੇ ਮਕਸਦ ਨਾਲ ਇਸ ਸਬੰਧੀ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਨੂੰ ਉਲਟਾਉਣ ਲਈ ਇਕ ਬਿਲ ਅੱਜ ਸਰਕਾਰ ਨੇ ਲੋਕ ਸਭਾ ਵਿੱਚ ਪੇਸ਼ ਕਰ ਦਿੱਤਾ, ਤਾਂ ਕਿ ਦਲਿਤ ਤੇ ਕਬਾਇਲੀ ਭਾਈਚਾਰਿਆਂ ਖ਼ਿਲਾਫ਼ ਜਾਤ ਆਧਾਰਿਤ ਹਿੰਸਾ ਰੋਕੀ ਜਾ ਸਕੇ। ਕੇਂਦਰ ਦੀ ਐਨਡੀਏ ਸਰਕਾਰ ਦੇ ਇਸ ਕਦਮ ਨੂੰ ਦਲਿਤਾਂ ਵੱਲੋਂ ਇਸ ਮੁੱਦੇ ਉਤੇ 9 ਅਗਸਤ ਨੂੰ ਦਿੱਤੇ ’ਭਾਰਤ ਬੰਦ’ ਦੇ ਸੱਦੇ ਦੇ ਮੱਦੇਨਜ਼ਰ ਭਾਈਚਾਰੇ ਦਾ ਰੋਸ ਘਟਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਬੰਦ ਦਾ ਇਹ ਸੱਦਾ ਐਕਟ ਦਾ ਮੂਲ ਰੂਪ ਬਹਾਲ ਕਰਨ ਤੇ ਇਸੇ ਮੁੱਦੇ ਉਤੇ 2 ਅਪਰੈਲ ਨੂੰ ਕੀਤੇ ਗਏ ’ਭਾਰਤ ਬੰਦ’ ਦੇ ਸਬੰਧ ਵਿੱਚ ਦੇਸ਼ ਭਰ ’ਚ ਗ੍ਰਿਫ਼ਤਾਰ ਕੀਤੇ ਗਏ ਸੈਂਕੜੇ ਦਲਿਤ ਕਾਰਕੁਨਾਂ ਦੀ ਰਿਹਾਈ ਉਤੇ ਜ਼ੋਰ ਦੇਣ ਲਈ ਦਿੱਤਾ ਗਿਆ ਹੈ।

ਇਸ ਬਿਲ ਵਿੱਚ ਐੱਸਸੀ/ਐੱਸਟੀ ਵਰਗ ’ਤੇ ਜ਼ੁਲਮ ਦੇ ਮਾਮਲੇ ’ਚ ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ, ਕਿਸੇ ਅਦਾਲਤੀ ਹੁਕਮ ਦੇ ਬਾਵਜੂਦ, ਕਿਸੇ ਅਗਾਊਂ ਜਾਂਚ ਦੀ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ। ਇਸ ਵਿੱਚ ਇਹ ਵੀ ਵਿਵਸਥਾ ਹੈ ਕਿ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਨ ਲਈ ਵੀ ਜਾਂਚ ਦੀ ਲੋੜ ਨਹੀਂ ਹੋਵੇਗੀ ਤੇ ਨਾ ਹੀ ਗ੍ਰਿਫ਼ਤਾਰੀ ਲਈ ਕੋਈ ਮਨਜ਼ੂਰੀ ਲੋੜੀਂਦੀ ਹੋਵੇਗੀ। ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰੀ ਥਾਵਰ ਚੰਦ ਗਹਿਲੋਤ ਵੱਲੋਂ ਪੇਸ਼ ਇਸ ਬਿਲ ਵਿੱਚ ਕਿਹਾ ਗਿਆ ਹੈ, ’’ਫ਼ੌਜਦਾਰੀ ਨਿਆਂ ਪ੍ਰਬੰਧ ਦੇ ਸਿਧਾਂਤ ਅਤੇ ਸੀ ਆਰ ਪੀ ਸੀ, 1973 ਦੀ ਦਫ਼ਾ 41 ਦੀ ਜਿਵੇਂ ਕਿ ਕਈ ਫ਼ੈਸਲਿਆਂ ਵਿੱਚ ਵਿਆਖਿਆ ਕੀਤੀ ਗਈ ਹੈ, ਦਾ ਭਾਵ ਹੈ ਕਿ ਜਦੋਂ ਜਾਂਚ ਅਫ਼ਸਰ ਨੂੰ ਇਹ ਸ਼ੱਕ ਹੋ ਜਾਵੇ ਕਿ ਜੁਰਮ ਹੋਇਆ ਹੈ, ਤਾਂ ਉਹ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਸਕਦਾ ਹੈ। ਗ੍ਰਿਫ਼ਤਾਰ ਕਰਨ ਜਾਂ ਨਾ ਕਰਨ ਦਾ ਅਖ਼ਤਿਆਰ ਜਾਂਚ ਅਧਿਕਾਰੀ ਤੋਂ ਖੋਹਿਆ ਨਹੀਂ ਜਾ ਸਕਦਾ।’’

**ਐੱਸਸੀ–ਐੱਸਟੀ ਪਛੜੇਵੇਂ ਸਬੰਧੀ ਸੁਪਰੀਮ ਕੋਰਟ ਨੇ ਮੰਗੇ ਪ੍ਰਮਾਣਿਤ ਅੰਕੜੇ**

ਸੁਪਰੀਮ ਕੋਰਟ ਨੇ ਅੱਜ ਕੇਂਦਰ ਨੂੰ ਪੁੱਛਿਆ ਕਿ ਇਸ ਦੇ ’ਕਰੀਮੀ ਲੇਅਰ’ ਬਾਰੇ 12 ਸਾਲ ਪੁਰਾਣੇ ਫ਼ੈਸਲੇ ਦੇ ਬਾਵਜੂਦ ਸਰਕਾਰੀ ਨੌਕਰੀਆਂ ਵਿੱਚ ਐੱਸਸੀ–ਐੱਸਟੀ ਵਰਗਾਂ ਦੀ ਨੁਮਾਇੰਦਗੀ ਘੱਟ ਹੋਣ ਬਾਰੇ ਰਾਜ ਸਰਕਾਰਾਂ ਪ੍ਰਮਾਣਿਤ ਅੰਕੜੇ ਕਿਉਂ ਪੇਸ਼ ਨਹੀਂ ਕਰ ਸਕੀਆਂ। ਸੁਪਰੀਮ ਕੋਰਟ ਦੇ ਪੰਜ–ਜੱਜਾਂ ਵਾਲੇ ਸੰਵਿਧਾਨਿਕ ਬੈਂਚ ਨੇ ਇਹ ਸਵਾਲ ਉਦੋਂ ਕੀਤਾ ਜਦੋਂ ਕੇਂਦਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਐੱਸਸੀ–ਐੱਸਟੀ ਵਰਗਾਂ ਲਈ ਨੌਕਰੀਆਂ ਵਿੱਚ ਰਾਖਵੇਂਕਰਨ ਸਬੰਧੀ ‘ਕਰੀਮੀ ਲੇਅਰ’ ਦੇ ਮੁੱਦੇ ਉਤੇ 2006 ਦੇ ਐਮ. ਨਾਗਰਾਜ ਫ਼ੈਸਲੇ ਵਿੱਚ ਪਛੜਾਪਣ, ਘੱਟ ਪ੍ਰਤੀਨਿਧਤਾ ਤੇ ਪ੍ਰਸ਼ਾਸਕੀ ਕੁਸ਼ਲਤਾ ਵਰਗੇ ਪੈਮਾਨਿਆਂ ਕਾਰਨ ਤਰੱਕੀਆਂ ਵਿੱਚ ਰਾਖਵਾਂਕਰਨ ਇਕ ਤਰ੍ਹਾਂ ਬੰਦ ਹੋ ਗਿਆ ਹੈ, ਜਿਸ ਉਤੇ ਵੱਡੇ ਬੈਂਚ ਨੂੰ ਮੁੜ ਗ਼ੌਰ ਕਰਨੀ ਚਾਹੀਦੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਕੁਰੀਅਨ ਜੋਜ਼ੇਫ, ਜਸਟਿਸ ਆਰ.ਐਫ਼. ਨਰੀਮਨ, ਜਸਟਿਸ ਸੰਜੇ ਕੌਲ ਅਤੇ ਜਸਟਿਸ ਇੰਦੂ ਮਲਹੋਤਰਾ ਦੇ ਬੈਂਚ ਅੱਗੇ ਕੇਂਦਰ ਵੱਲੋਂ ਪੇਸ਼ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਇਸ ਦੇ ਜਵਾਬ ਵਿੱਚ ਕਿਹਾ ਕਿ ਇਨ੍ਹਾਂ ਪੈਮਾਨਿਆਂ ਨੂੰ ਹਟਾਇਆ ਜਾਣਾ ਚਾਹੀਦਾ ਹੈ, ਕਿਉਂਕਿ ਐੱਸਸੀ–ਐੱਸਟੀ ਵਰਗ ਪਛੜੇ ਹੀ ਮੰਨੇ ਜਾਂਦੇ ਹਨ ਤੇ ਇਸ ਬਾਰੇ ਕਿਸੇ ਪ੍ਰਮਾਣਿਤ ਡੇਟਾ ਦੀ ਲੋੜ ਨਹੀਂ ਹੈ। ਬੈਂਚ ਨੇ ਕਿਹਾ, ’’ਜੇ ਇਹ ਮਾਮਲਾ ਸੀ ਤਾਂ ਤੁਹਾਨੂੰ (ਕੇਂਦਰ) ਸਾਬਤ ਕਰਨਾ ਹੋਵੇਗਾ ਕਿ 2006 ਦਾ ਫ਼ੈਸਲਾ ਗ਼ਲਤ ਸੀ।’’ ਮਾਮਲੇ ਦੀ ਅਗਲੀ ਸੁਣਵਾਈ 16 ਅਗਸਤ ਨੂੰ ਹੋਵੇਗੀ।

# 32ਵੀਆਂ ਸਾਲਾਨਾ ਸਿੱਖ ਖੇਡਾਂ 2019- ਮੈਲਬੋਰਨ ਦੀ ਪ੍ਰਬੰਧਕ ਕਮੇਟੀ ਵੱਲੋਂ ਲੋਗੋ ਅਤੇ ਮੁੱਢਲੀ ਜਾਣਕਾਰੀ ਜਾਰੀ

**ਮੈਲਬਰਨ–** ਪ੍ਰਬੰਧਕ ਕਮੇਟੀ ਦੇ ਸਪੋਕਸਮੈਨ ਨਵਦੀਪ ਪਾਂਗਲੀ ਨੇ ਖੇਡਾਂ ਵਾਸਤੇ ਤਿਆਰ ਕੀਤੇ ਲੋਗੋ, ਖੇਡ ਚਿੰਨ੍ਹ, ਕਮੇਟੀ ਫ਼ੋਟੋਆਂ, ਗਰਾਉਂਡਾਂ ਦੀ ਜਾਣਕਾਰੀ ਅਤੇ ਰਹਾਇਸ਼ ਸੰਬੰਧੀ ਮੁੱਢਲੀ ਜਾਣਕਾਰੀ ਖੇਡਾਂ ਦੇ ਵੈੱਬਸਾਈਟ ਤੇ ਜਾਰੀ ਕੀਤੀ। 19-21 ਅਪ੍ਰੈਲ, 2019 ਨੂੰ ਸਿੱਖ ਖੇਡਾਂ ਨੂੰ ਮੈਲਬੋਰਨ ਦੇ ਸਾਰੇ ਕਲੱਬ, ਗੁਰਦੁਆਰੇ ਅਤੇ ਸਭਿਆਚਾਰਕ ਜਥੇਬੰਦੀਆਂ ਰਲ ਕੇ ਯਾਦਗਾਰੀ ਬਣਾਉਣ ਲਈ ਵਚਨਬੱਧ ਹਨ। ਉਮੀਦ ਕੀਤੀ ਜਾਂਦੀ ਹੈ ਕਿ ਇਸ ਵਾਰੀ





3500 ਤੋਂ ਵੱਧ ਖਿਡਾਰੀ ਅਤੇ ਡੇਢ ਲੱਖ ਤੋਂ ਵੱਧ ਦਰਸ਼ਕ ਹਿੱਸਾ ਲੈਣਗੇ।

ਕਮੇਟੀ ਦੇ ਸਕੱਤਰ ਸਤਨਾਮ ਸਿੰਘ ਪਾਬਲਾ ਅਤੇ ਮੀਤ ਪ੍ਰਧਾਨ ਰੁਪਿੰਦਰ ਸਿੰਘ ਬਰਾੜ ਨੇ ਭਰੋਸਾ ਦਵਾਇਆ ਕਿ ਸਿੱਖ ਖੇਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਬਾਰੇ ਹੋਰ ਸਥਾਨਿਕ ਟੂਰਨਾਮੈਂਟਾਂ ਨੂੰ ਸੰਵਿਧਾਨ ਦੇ ਮੁਤਾਬਿਕ ਮੁਲਤਵੀ ਕਰ ਦਿੱਤਾ ਜਾਵੇਗਾ। ਇਸ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਦਲਵਿੰਦਰ ਗਰਚਾ ਅਤੇ ਕੌਮੀ ਕਮੇਟੀ ਨੇ ਖ਼ੁਸ਼ੀ ਜ਼ਾਹਿਰ ਕੀਤੀ। ਖੇਡਾਂ ਸੰਬੰਧੀ ਹਰ ਜਾਣਕਾਰੀ www.anssacc.org ਤੇ ਉਪਲਬਧ ਹੈ।

# ਤੀਆਂ ਦਾ ਤਿਉਹਾਰ ਧੂਮਧਾਮ ਨਾਲ਼ ਮਨਾਇਆ ਗਿਆ

**ਨਾਭਾ (ਬਿਊਰੋ)–** ਰਿਆਸਤੀ ਸ਼ਹਿਰ ਨਾਭਾ ਦੇ ਮੋਤੀ ਬਾਗ਼ ਕਲੋਨੀ ਵਿੱਚ ਤੀਆਂ ਦਾ ਤਿਉਹਾਰ ਰਵਾਇਤੀ ਢੰਗ ਨਾਲ਼ ਮਨਾਇਆ ਗਿਆ। ਮੋਤੀ ਬਾਗ਼ ਕਲੋਨੀ ਦੀਆਂ ਮੋਹਤਬਰ ਬੀਬੀਆਂ ਨੇ ਹਰ ਉਮਰ ਦੀਆਂ ਔਰਤਾਂ ਨੂੰ ਇਸ ਮੇਲੇ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਮੇਲੇ ਵਿੱਚ ਰਵਾਇਤੀ ਪੀਘਾਂ, ਝੂਲੇ ਆਦਿ ਦੇ ਪ੍ਰਬੰਧ ਦੇ ਨਾਲ਼ ਨਾਲ਼ ਖਾਣ ਪੀਣ ਦੀਆਂ ਸਟਾਲਾਂ ਦਾ ਪ੍ਰਬੰਧ ਵੀ ਕੀਤਾ ਗਿਆ। ਕੁੜੀਆਂ ਨੇ ਗਿੱਧੇ ਵਿੱਚ





ਪੰਜਾਬ ਦੇ ਸੱਭਿਆਚਾਰ ਨਾਲ ਸਬੰਧਤ ਉਸਾਰੂ ਬੋਲੀਆਂ ਪਾਈਆਂ । ਤੀਆਂ ਦੇ ਇਸ ਮੇਲੇ ਦੀ ਵਿਸ਼ੇਸ਼ਤਾ ਇਹ ਰਹੀ ਕਿ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਤੇ ਉਪਰੰਤ ਸਵੱਛ ਭਾਰਤ ਅਭਿਆਨ ਤਹਿਤ ਮੁਹੱਲੇ ਦੀ ਸਫ਼ਾਈ ਕੀਤੀ ਗਈ।

ਸ਼੍ਰੀਮਤੀ ਜਿੰਦਲ ਨੇ ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋ ਕੇ ਇਸ ਮੇਲੇ ਦੀ ਸ਼ਾਨ ਨੂੰ ਵਧਾਇਆ । ਕਲੋਨੀ ਨਿਵਾਸੀਆਂ ਵੱਲੋਂ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੇਲੇ ਨੂੰ ਸਫ਼ਲ ਬਣਾਉਣ ਵਿੱਚ ਭਵਨਦੀਪ ਸ਼ਰਮਾ, ਪਲਵਿੰਦਰ ਕੌਰ, ਸੰਧਿਆ ਗਰਗ, ਸਵਰਨਜੀਤ ਕੌਰ, ਨਿਧੀ ਜਿੰਦਲ, ਰਿੰਪੀ, ਜਗਜੀਤ ਕੌਰ, ਭਿੰਪੀ, ਮਨਪ੍ਰੀਤ ਕੌਰ, ਸੋਨੀ, ਸਰਬਜੀਤ ਕੌਰ, ਦਾ ਵਿਸ਼ੇਸ਼ ਯੋਗਦਾਨ ਰਿਹਾ ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਪੇਪਰ ਟਰਾਇਲ ਮਸ਼ੀਨ ’ਚੋਂ ਨਿਕਲੇ ਪੇਪਰਾਂ ਦੀ ਗਿਣਤੀ ਕਰਨ ਦਾ ਫੈਸਲਾ ਲਾਗੂ ਨਾ ਹੋਇਆ ਤਾਂ ਦੇਸ਼ ਭਰ ਵਿੱਚ ਤੋੜਾਂਗੇ ਈ ਵੀ ਐਮ ਮਸ਼ੀਨਾਂ: ਬਾਮਨ ਮੇਸ਼ਰਾਮ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਈ ਵੀ ਐਮ ਮਸ਼ੀਨਾਂ ਤੇ ਕੇਵਲ ਪੇਪਰ ਟਰਾਇਲ ਮਸ਼ੀਨ ਲਗਾਉਣ ਨਾਲ ਭਾਜਪਾ ਵੱਲੋਂ ਕੀਤੀ ਜਾ ਰਹੀ ਧਾਂਧਲੀ ਰੁਕਣੀ ਨਹੀ ਬਲਕਿ ਪੇਪਰ ਟਰਾਇਲ ਮਸ਼ੀਨਾਂ 'ਚੋਂ ਨਿਕਲਣ ਵਾਲੇ ਪੇਪਰਾਂ ਦੀ ਗਿਣਤੀ ਹੋਣਾਂ ਵੀ ਬਹੁਤ ਜਰੂਰੀ ਹੈ ਅਤੇ ਇਸਦੇ ਲਈ ਅਸੀ 15 ਅਗਸਤ ਤੋਂ ਪਹਿਲਾਂ ਸੁਪਰੀਮ ਕੋਰਟ ਕੇਸ ਦਰਜ ਕਰਵਾਉਣ ਲਈ ਜਾ ਰਹੇ ਹਾਂ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਡਾ: ਅੰਬੇਡਕਰ ਵਿੱਦਿਆ ਮੰਦਰ ਸਕੂਲ ਵਿਖੇ ਪਹੁੰਚੇ ਬਾਮਸੇਫ ਦੇ ਕੌਮੀਂ ਪ੍ਰਧਾਨ ਬਾਮਨ ਮੇਸ਼ਰਾਮ ਨੇ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦੀ ਹਾਜਰੀ ਵਿੱਚ ਕੀਤਾ ਜਿਥੇ ਉਹ 7 ਅਗਸਤ ਤੋਂ ਮੱਧ ਪ੍ਰਦੇਸ਼ ਤੋਂ ਦੇਸ਼ ਭਰ ਵਿੱਚ ਨਿਕਲਣ ਵਾਲੀ ਪਰਿਵਰਤਨ ਯਾਤਰਾ ਦੀਆਂ ਤਿਆਰੀਆਂ ਸਬੰਧੀ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਸਾਲ 2014 ਵਿੱਚ ਭਾਰੀ ਸੀਟਾਂ ਨਾਲ ਭਾਜਪਾ ਦੀ ਜਿੱਤ ਈ ਵੀ ਐਮ ਮਸ਼ੀਨਾਂ ਦੀ ਗੜਬੜੀ ਵੱਲ ਸਾਫ ਸੰਕੇਤ ਕਰ ਰਹੀ ਸੀ ਅਤੇ ਉਦੋਂ ਹੀ ਸਾਡੇ ਧਿਆਨ ਵਿੱਚ ਆਇਆ ਸੀ ਕਿ ਅਕਤੂਬਰ 2013 ਨੂੰ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਈ ਵੀ ਐਮ ਮਸ਼ੀਨਾਂ ਨਾਲ ਪੇਪਰ ਟਰਾਇਲ ਮਸ਼ਨ ਲਗਾਏ ਬਗੈਰ ਪਾਰਦਰਸ਼ੀ ਨਤੀਜੇ ਨਹੀ ਆ ਸਕਦੇ ਪਰ 2014 ਦੀਆਂ ਲੋਕ ਸਭਾ ਚੋਣਾਂ ਬਗੈਰ ਏਹ ਮਸ਼ੀਨ ਲਗਾਏ ਕਰਵਾਈਆਂ ਗਈਆਂ। ਅਸੀ 2014 ਤੋਂ ਹੀ ਸਾਲ ਭਰ ਪੂਰੇ ਦੇਸ਼ ਵਿੱਚ ਈ ਵੀ ਐਮ ਮਸ਼ੀਨਾਂ ਤੇ ਪਾਬੰਧੀ ਲਗਾਉਣ ਅਤੇ ਲੋਕਾਂ ਨੂੰ ਜਗਾਉਣ ਲਈ ਜਨ ਜਾਗਰਣ ਅੰਦੋਲਨ ਕੀਤਾ। ਇਸਤੋਂ ਇਲਾਵਾ ਦੇਸ਼ ਭਰ ਤੋਂ ਇੱਕਠੇ ਕੀਤੇ ਡਾਟੇ ਦੇ ਆਧਾਰ ਤੇ ਅਸੀ ਚੰਡੀਗੜ੍ਹ, ਬੰਬਈ ਅਤੇ ਪਟਨਾ ਹੋਈ ਕੋਰਟ ਵਿੱਚ ਰਿਟ ਦਾਇਰ ਕੀਤੀ। ਚੰਡੀਗੜ੍ਹ ਹਾਈ ਕੋਰਟ ਨੇ ਕਿਹਾ ਕਿ ਏਹ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਦਾ ਮਾਮਲਾ ਵਿੱਚ ਹੈ ਜਿਸ ਤੇ ਅਸੀ ਫੈਸਲਾ ਨਹੀ ਦੇ ਸਕਦੇ ਤੁਹਾਨੂੰ ਇਸਦੇ ਲਈ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ ਤਾਂ ਅਸੀ ਸੁਪਰੀਮ ਕੋਰਟ ਗਏ ਜਿਥੇ 24 ਅਪ੍ਰੈਲ 2017 ਨੂੰ ਸਾਡੇ ਪੱਖ ਵਿੱਚ ਫੈਸਲਾ ਦਿੱਤਾ ਕਿ ਈ ਵੀ ਐਮ ਮਸ਼ੀਨਾ ਨਾ 100 ਫੀਸਦੀ ਪੇਪਰ ਟਰਾਇਲ ਮਸ਼ੀਨ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਏਹ ਵੀ ਅਧੂਰਾ ਫੈਸਲਾ ਹੈ ਕਿਉਂਕਿ ਪੇਪਰ ਟਰਾਇਲ ਮਸ਼ੀਨ 'ਚੋਂ ਨਿਕਲੇ ਪੇਪਰਾਂ ਦੀ ਗਿਣਤੀ ਕਰਵਾਏ ਬਗੈਰ ਇਸਤੇ ਯਕੀਨ ਹੀ ਨਹੀ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੂਰਾ ਫੈਸਲਾ ਲੈਣ ਭਾਵ ਇਨ੍ਹਾਂ ਪੇਪਰਾਂ ਦੀ ਗਿਣਤੀ ਕਰਵਾਉਣ ਲਈ ਵੀ ਅਸੀ 15 ਅਗਸਤ ਤੋਂ ਪਹਿਲਾਂ ਪਹਿਲਾਂ ਦੁਬਾਰਾ ਰਿੱਟ ਦਾਇਰ ਕਰਨ ਜਾ ਰਹੇ ਹਾਂ। ਉਨ੍ਹਾਂ ਦੱਸਿਆ ਕਿ ਸਾਡੇ ਤੋਂ ਇਲਾਵਾ ਬਸਪਾ ਦੀ ਮੁੱਖੀ ਕੁਮਾਰੀ ਮਾਇਆਵਤੀ ਵੀ ਈ ਵੀ ਐਮ ਮਸ਼ੀਨਾਂ ਦੇ ਨਾਲ ਪੇਪਰ ਟਰਾਇਲ ਮਸ਼ੀਨਾਂ ਦੀ ਮੰਗ ਲੈ ਕੇ ਸੁਪਰੀਮ ਕੋਰਟ ਗਈ ਸੀ ਪਰ ਫੈਸਲਾ ਸਾਡੇ ਪੱਖ 'ਚ ਹੋ ਜਾਣ ਕਾਰਨ ਉਸ ਨੂੰ ਫਾਇਦਾ ਹੋ ਗਿਆ। ਕੁਮਾਰੀ ਮਾਇਆਵਤੀ ਹੈ ਕਿ ਪੇਪਰ ਟਰਾਇਲ ਮਸ਼ੀਨ ਲਗਾਉਣ ਨਾਲ ਫਾਇਦਾ ਹੋਵੇਗਾ



ਪਰ ਅਸੀ ਕਹਿੰਦੇ ਹਾਂ ਕਿ ਕੇਵਲ ਪੇਪਰ ਟਰਾਇਲ ਮਸ਼ੀਨ ਨਾਲ ਫਾਇਦਾ ਨਹੀ ਹੋਣਾ ਉਸਦੀ ਗਿਣਤੀ ਕੀਤੇ ਜਾਣ ਨਾਲ ਫਾਇਦਾ ਹੋਣਾ ਹੈ। ਉਨ੍ਹਾਂ ਕਿਹਾ ਕਿ 17 ਵਿਰੋਧੀ ਪਾਰਟੀਆਂ ਨੇ ਈ ਵੀ ਐਮ ਮਸ਼ੀਨਾਂ ਨਾਲ ਪੇਪਰ ਟਰਾਇਲ ਮਸ਼ੀਨ ਲਗਾਉਣ ਦੀ ਮੰਗ ਨੂੰ ਲੈ ਕੇ ਜੋ ਚੋਣ ਕਮਿਸ਼ਨ ਨੂੰ ਮਿਲਣ ਦੀ ਗੱਲ ਕੀਤੀ ਹੈ ਏਹ ਖੁਸ਼ੀ ਦੀ ਗੱਲ ਜਰੂਰ ਹੈ ਪਰ ਉਸ ਨਾਲ ਕੁਝ ਨਹੀ ਹੋਣਾ। ਕੋਈ ਯਕੀਨ ਨਹੀ ਕਿ ਚੋਣ ਕਮਿਸ਼ਨ ਉਨ੍ਹਾਂ ਦੀ ਮੰਗ ਮੰਨੇਗਾ। ਇਨ੍ਹਾਂ ਪਾਰਟੀਆਂ ਨੂੰ ਚੋਣ ਕਮਿਸ਼ਨ ਕੋਲ ਜਾਣ ਦੀ ਬਜਾਏ ਉਸ ਦਾ ਘਿਰਾਓ ਕਰਨਾ ਚਾਹੀਦਾ ਹੈ। ਜੇਕਰ ਏਹ ਅਜਿਹਾ ਕਰਦੀਆਂ ਹਨ ਤਾਂ ਮੈਂ ਪੂਰੇ ਦੇਸ਼ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਲੋਕ ਲੈ ਕੇ ਦਿੱਲੀ ਪਹੁੰਚਾਂਗਾ। ਬੈਲਟ ਪੇਪਰ ਨਾਲ ਚੋਣਾਂ ਕਰਵਾਉਣ ਲਈ ਅਸੀ ਦੇਸ਼ ਭਰ ਵਿੱਚ ਇਨ੍ਹਾਂ ਨੂੰ ਪੂਰਾ ਸਮੱਰਥਨ ਦੇਵਾਂਗੇ। ਉਨ੍ਹਾਂ ਕਿਹਾ ਕਿ ਪਰ ਅਸੀ ਇਸਦੇ ਖਿਲਾਫ ਸੰਘਰਸ਼ ਸੁਰੂ ਕਰ ਰਹੇ ਹਾਂ। ਮੱਧ ਪ੍ਰਦੇਸ਼ ਤੋਂ 7 ਅਗਸਤ ਨੂੰ ਪੂਰੇ ਦੇਸ਼ ਵਿੱਚ ਜੋ ਪਰਿਵਰਤਨ ਯਾਤਰਾ ਨਿਕਲ ਰਹੀ ਹੈ ਉਸਦਾ ਪਹਿਲਾ ਮੁੱਦਾ ਈ ਵੀ ਐਮ ਮਸ਼ੀਨਾਂ ਤੇ ਪਾਬੰਧੀ ਹੈ। ਉਨ੍ਹਾਂ ਕਿਹਾ ਕਿ ਜੇਕਰ 2019 ਦੀਆਂ ਲੋਕ ਸਭਾ ਚੋਣਾਂ ਈ ਵੀ ਐਮ ਮਸ਼ੀਨਾਂ ਨਾਲ ਕਰਵਾਉਣ ਦੀ ਕੋਸ਼ਿਸ ਕੀਤੀ ਗਈ ਤਾਂ ਸਾਡੇ ਲੱਖਾਂ ਵਰਕਰ ਦੇਸ਼ ਭਰ ਵਿੱਚ ਈ ਵੀ ਐਮ ਮਸ਼ੀਨਾਂ ਨੂੰ ਤੋੜਨਗੇ।


ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ: ਿ ਸਮਰਨਜੀਤ ਸਿੰਘ ਮਾਨ ਪੰਜਾਬ ਵਿੱਚ ਸਾਡੀ ਪਾਰਟੀ ਨਾਲ ਮਿਲ ਕੇ ਮਸ਼ੀਨਾ ਤੋੜਨਗੇ ਅਤੇ ਸ਼ਰਦ ਯਾਦਵ ਸਮੇਤ ਹੋਰਨਾਂ ਹਮਖਿਆਲੀ ਪਾਰਟੀਆਂ ਨਾਲ ਵੀ ਇਸ ਸਬੰਧ ਵਿੱਚ ਗੱਲ ਹੋ ਚੁੱਕੀ ਹੈ। ਉਨ੍ਹਾਂ ਸ਼ਰਦ ਯਾਦਵ ਦੀ ਪਾਰਟੀ ਜਨਤਾ ਦਲ ਵਿੱਚ ਬੀ ਐਮ ਪੀ ਦੇ ਰਲੇਵੇਂ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਸ੍ਰੀ ਯਾਦਵ ਲੰਬੇ ਸਮੇਂ ਤੋਂ ਪਿਛੜੇ ਵਰਗ ਦੇ ਲੋਕਾਂ ਲਈ ਸੰਸਦ ਦੇ ਅੰਦਰ ਅਤੇ ਬਾਹਰ ਲੜ੍ਹਦੇ ਆ ਰਹੇ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਕੁਮਾਰ ਵੱਲੋਂ ਛੱਡਣ ਤੇ ਉਹ ਇੱਕਲੇ ਪੈ ਗਏ ਸਨ। ਇੱਕਲੇ ਇੱਕਲੇ ਲੜ੍ਹਨ ਤੇ ਸਫਲਤਾ ਨਹੀ ਮਿਲਣੀ ਇਸ ਲਈ ਅਸੀ ਐਸ ਸੀ ਐਸ ਟੀ, ਓ ਬੀ ਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਸੰਗਠਨ ਇੱਕ ਪਲੇਟਫਾਰਮ ਤੇ ਇੱਕਠੇ ਹੋ ਰਹੇ ਹਾਂ ਤੇ ਅਸੀ ਮੁੱਦਾ ਆਧਾਰਿਤ ਸਮੱਰਥਨ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਬਸਪਾ ਅਤੇ ਬੀ ਐਮ ਵੀ ਵਿੱਚ ਕੋਈ ਵੀ ਵਿਚਾਰਧਰਾਤਮਿਕ ਸਾਂਝ ਨਹੀ ਹੈ। ਬਸਪਾ ਦੁਆਰਾ ਸਾਹਿਬ ਕਾਂਸ਼ੀ ਰਾਮ ਵਾਲੀ ਵਿਚਾਰਧਾਰਾ ਨੂੰ ਛੱਡਣ ਕਾਰਨ ਹੀ ਬੀ ਐਮ ਪੀ ਹੋਂਦ ਵਿੱਚ ਆਈ ਹੈ। ਕੁਮਾਰੀ ਮਾਇਆਵਤੀ ਨੇ ਬਹੁਜਨ ਸਮਾਜ ਪਾਰਟੀ ਨੂੰ ਬ੍ਰਾਮਣ ਸਮਾਜ ਪਾਰਟੀ ਬਣਾ ਕੇ ਰੱਖ ਦਿੱਤਾ ਹੈ। ਜੇਕਰ ਮਾਇਆਵਤੀ ਬੀ ਜੇ ਪੀ ਨੂੰ ਹਰਾਉਣ ਦਾ ਕੰਮ ਕਰੇਗੀ ਤਾਂ ਅਸੀ ਉਸਦਾ ਸਵਾਗਤ ਕਰਾਂਗੇ। ਉਨ੍ਹਾਂ ਭਾਜਪਾ ਵੱਲੋਂ ਸੰਸਦ ਵਿੱਚ ਐਸ ਸੀ ਐਸ ਟੀ ਐਕਟ 'ਚ ਸੰਸੋਧਨ ਲਿਆਉਣ ਨੂੰ ਰਣਨੀਤੀ ਦਾ ਹਿੱਸਾ ਕਿਹਾ। ਉਨ੍ਹਾਂ ਕਿਹਾ ਕਿ 2 ਅਪ੍ਰੈਲ ਭਾਰਤ ਬੰਦ ਦੇ ਪਿਛੇ ਐਸ ਸੀ ਐਸ ਟੀ ਦੇ ਸੰਗਠਨ ਨਹੀ ਬਲਕਿ ਕਾਂਗਰਸ ਅਤੇ ਭਾਜਪਾ ਦੀ ਐਸ ਸੀ ਐਸ ਟੀ ਲੀਡਰਸ਼ਿਪ ਕੰਮ ਕਰ ਰਹੀ ਸੀ। ਕਾਂਗਰਸ ਇਨ੍ਹਾਂ ਦੀਆਂ ਵੋਟਾਂ ਲੈਣਾ ਚਾਹੁੰਦੀ ਸੀ ਅਤੇ ਭਾਜਪਾ ਇਨ੍ਹਾਂ ਖਿਲਾਫ ਓ ਬੀ ਸੀ ਦਾ ਧਰੁਵੀਕਰਨ ਕਰਨਾ ਚਾਹੁੰਦੀ ਸੀ ਪਰ 10 ਅਪ੍ਰੈਲ ਭਾਰਤ ਬੰਦ ਦਾ ਸੱਦਾ ਫੇਲ ਹੋ ਜਾਣ ਕਾਰਨ ਉਸਦੀ ਇੱਛਾ ਪੂਰੀ ਨਾ ਹੋਈ ਤਾਂ ਉਸਨੇ ਏਹ ਰਸਤਾ ਅਪਣਾ ਲਿਆ। ਪਰ ਬੀ ਜੇ ਪੀ ਨੇ ਐਸ ਸੀ ਐਸ ਟੀ ਐਕਰੋਸਿਟੀ ਦੇ ਵਿਰੋਧ ਵਿੱਚ ਫੈਸਲਾ ਦੇਣ ਵਾਲੇ ਜੱਜ ਗੋਇਲ ਨੂੰ ਐਨ ਜੀ ਟੀ ਦਾ ਚੇਅਰਮੈਨ ਲਗਾ ਕੇ ਓ ਬੀ ਸੀ ਨੂੰ ਦੁਬਾਰਾ ਏਹ ਸੁਨੇਹਾ ਦਿੱਤਾ ਕਿ ਭਾਜਪਾ ਉਨ੍ਹਾਂ ਦਾ ਸਾਥ ਦੇ ਰਹੀ ਹੈ ਇਸ ਲਈ ਉਹ ਵੀ ਭਾਜਪਾ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ 10 ਅਪ੍ਰੈਲ ਦਾ ਬੰਦ ਦਾ ਸੱਦਾ ਓ ਬੀ ਸੀ ਵਰਗਾਂ ਵਿੱਚ ਐਸ ਸੀ ਐਸ ਟੀ ਲੋਕਾਂ ਪ੍ਰਤੀ ਪੈਦਾ ਹੋਈ ਜਹਿਰ ਨੂੰ ਮਾਪਣ ਦਾ ਪੈਰਾਮੀਟਰ ਸੀ।

ਇਸ ਮੌਕੇ ਸ: ਮਾਨ ਨੇ ਕਿਹਾ ਕਿ ਉਹ ਦੇਸ਼ ਭਰ ਵਿੱਚ ਇਸ ਪਰਿਵਰਤਨ ਯਾਤਰਾ ਦਾ ਸਵਾਗਤ ਕਰਨਗੇ ਅਤੇ ਇਸਦੇ ਮਨੋਰਥ ਨੂੰ ਪੂਰਾ ਕਰਨ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਮੇਸ਼ਰਾਮ ਜੋ ਮਿਸ਼ਨ ਲੈ ਕੇ ਚੱਲ ਰਹੇ ਹਨ ਉਹ ਐਸ ਜੀ ਪੀ ਸੀ ਨੂੰ ਲੈ ਕੇ ਚੱਲਣਾ ਚਾਹੀਦਾ ਸੀ ਪਰ ਉਸਨੇ ਅਜਿਹਾ ਨਹੀ ਕੀਤਾ। ਹੁਣ ਅਸੀ ਸ੍ਰੀ ਮੇਸ਼ਰਾਮ ਨਾਲ ਮਿਲ ਕੇ ਏਹ ਮਿਸ਼ਨ ਲੈ ਕੇ ਚੱਲੇ ਹਾਂ। ਇਸ ਮੌਕੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਅਮਰੀਕ ਸਿੰਘ ਬੱਲੋਵਾਲ, ਜਿਲ੍ਹਾ ਪ੍ਰਧਾਨ ਜਸਵੰਤ ਸਿੰਘ ਚੀਮਾ, ਗੁਰਮੇਲ ਸਿੰਘ ਸੰਧੂ, ਰਾਜੀਵ ਕੁਮਾਰ ਲਵਲੀ, ਜੋਗਿੰਦਰ ਰਾਏ, ਸਾਬਕਾ ਵਿਧਾਇਕ ਸਿੰਗਾਰਾ ਰਾਮ ਸੰਹੂਗੜਾ, ਗੁਰਜੰਟ ਸਿੰਘ ਕੱਟੂ, ਨਵਦੀਪ ਸਿੰਘ ਬਾਜਵਾ, ਗੁਰਸੇਵਕ ਸਿੰਘ ਆਨੰਦਪੁਰੀ, ਕੁਲਵੰਤ ਸਿੰਘ ਸਲੇਮਟਾਬਰੀ, ਪਰਮਿੰਦਰ ਸਿੰਘ, ਰਣਜੀਤ ਸਿੰਘ, ਸੁਖਦੇਵ ਸਿੰਘ ਮਹਿਰਾ, ਦਲਵਿੰਦਰ ਸਿੰਘ, ਇੰਦਰਜੀਤ ਐਡਵੋਕੇਟ, ਮੋਫੀਨ ਫਾਰੁੱਕੀ ਐਡਵੋਕੇਟ, ਇੰਦਰਜੀਤ ਲਗਾਂਹ, ਲਲਿਤ ਮੋਹਣ ਸਿੰਘ, ਹਰਬੰਸ ਸਿੰਘ ਗਿੱਲ, ਬਿੰਦਰ ਪ੍ਰੀਤ, ਲਾਡੀ ਰਾਠੌਰ, ਡਾ: ਤਰਸੇਮ ਸਿੰਘ ਆਦਿ ਹਾਜਰ ਸਨ।

# Indus Valley American Chamber of Commerce (California) organized 10th Annual Picnic in the loving memory of late Shri Lahori Ram Commissioner at Elk Grove Regional Park, Elk Grove (California)







All pictures credit: Prem K. Chumber Ambedkar Times









**Sacramento (Ambedkar Times Bureau):** The Indus Valley American Chamber of Commerce (IVACC) along with the Ram Family organized the Tenth Annual Picnic in Memory of Late Lahori Ram, Commissioner, California Economic Commission, on Sunday August 5, 2018 at the Elk Grove Regional Park in Elk Grove, CA. Family and friends came from all over California to enjoy a beautiful day in the park. The Picnic started 10 am and continued until 6:30 pm.

There were many activities for all ages. Children had fun in a jumping castle. Seniors were playing in card tournaments. Adults and children had musical chairs competitions. There was also a tug of war competition. There was a competitive team sport where teams were given 1st place and 2nd place awards. The men's volleyball tournament was enjoyed by all the attendees. This year teams came from Southern California to compete in the volleyball tournament. Children soccer games were organized by the local soccer league. Elk Grove Children's Wrestling League had a wrestling competition and coaches were present teaching kids different wrestling techniques.

This year there were many special musical tributes in memory of Lahori Ram. Many singers from all over sang their songs. Raj Brar, a renowned Punjabi singer, performed live traditional Punjabi songs. He also sang many other traditional songs. Local artist Punam Malhotra sang many melodious tunes. Inderjeet Grewal, Gogi Sandhu, Kamal Banga, Dil-Nijjar, Kishore Kumar Junior, Shivmani, Sweeti Singh, RanjitFijiwala, Romesh Khanna, Jyoti Singh, and many others entertained the crowd for hours with their beautiful voices and harmonious tunes. Many guest started dancing. Local DJ also played many songs and music.

Many elected officials also attended the event and presented Mrs. Prito Ram and Family with Certificates of Recognition.

Honorable Assemblyman Ash Kalra (Representing the 27th Assembly District which covers the San Jose area) spoke about the life of Commissioner Lahori Ram. He presented the Family with a Certificate of Recognition stating that Lahori Ram is deserving of special public recognition and the highest commendation from the people of the State of California. The esteem, gratitude, heartiest congratulations, and best wishes of the public are hereby extended to the Ram Family. He also appreciated the political activism of the Indian community. Assemblyman Kalra said that it was due to the trailblazing efforts of Mr. Lahori Ram that he is elected to the California State Assembly today. He encouraged all members to continue their political activism so that other communities can appreciate the Indo-American community.

Honorable Sue Frost (Sacramento County Supervisor from District 4) spoke about the life and legacy of Mr. Ram. Although she never had the opportunity to meet him, she said that she could see him through his Family. She congratulated the Family and the community in keeping his legacy alive by having this annual picnic. She was surprised to see the large turnout and looked forward to attending the Annual picnic every year. Supervisor Frost presented Prito Ram with a special commendation. She also recognized IVACC and many other community leaders with commendations awarding their serve in the community. Supervisor Frost has been instrumental in helping the Shri Guru Ravidass Temple Rio Lindain the building permit process.

A representative from Honorable Mayor Steve Ly (Mayor of Elk Grove) also attended the Picnic. He spoke about the great community involvement of Indo Americans in the city of Elk Grove. He presented IVACC secretary Sukh Chan Singh with a certificate and a special lapel pin honoring his service in Elk Grove and for helping organizing the Picnic every year.

Andrew Grant, a candidate for US Congress for the 7th Congressional District, spoke about the legacy of Mr. Lahori Ram. He congratulated the community for remembering the pioneers. Andrew Grant is a business leader and former intelligence officer, who served in combat as a Marine, a senior official in the U.S. State Department, and for the Chairman of the Joint Chiefs of Staff and will be challenging Congressman Ami Bera in November election.

Former Assembly member Roger Dickinson spoke at the picnic. He said that the picnic is like a reunion of family and friends. He appreciated the opportunity to come every year. Mr. Dickinson appreciated the friendship of the Ram Family for inviting him every year.

Former Yuba City councilman Tej Mann said that he loved seeing everyone at the picnic every year. He congratulated the Family and IVACC on continuing the Picnic for the last ten years and hopes that we have the Picnic every year.

YK Chalamcherla, a candidate for Folsom City Council, encourages the community help in his election. Parveen Tumber, current Planning Commission for West Sacramento, is running for West Sacramento School Board. She was in attendance with her entire family. She asked the community to organize and help her win in her election.

Many members for the local Sikh Gurdwaras were present. Indo-American Cultural Organization, CA-USA honored Mrs. Prito Ram for the family's service to the community. President Surinder Singh Bindra said that Lahori Ram was one of the first supporters when the organization started celebrating the Mela Ghadri Babayan Da. Mr. Prem Kumar Chumber Editor-In-Chief of Ambedkar Times & Desh Doaba also spoke about honorable Shri Lahori Ram's contribution to the community.Shri Guru Ravidass Temple Yuba City's representative Ram Sewak Bhatia also spoke about the sacrifices Mr. Ram made to bring and establish his entire family in the United States.

IVACC board members were very active in the festivities. Dil Nijjar was the stage secretary. Hot CholayBhaturas were prepared on site by Pardeep Sharma's Flamingo Palace and pizza was provided by Ram Gopal Bhatia's Annabelle's Pizza and Pasta in Old Sacramento. There was lots of other food and drinks. Many prominent community leaders were present and many Punjabi media editors covered the Picnic.

Ajaipaul Ram thanked everyone for attending and keeping the memory of their Father alive. They said we all need to continue the hard work of their Father and work together to reach the next level. They invited everyone to attend the Picnic next year.

# Indus Valley American Chamber of Commerce (California) organized 10th Annual Picnic in the loving memory of late Shri Lahori Ram Commissioner at Elk Grove Regional Park, Elk Grove (California)












All pictures credit: Prem K. Chumber Ambedkar Times








# Indus Valley American Chamber of Commerce (California) organized 10th Annual Picnic in the loving memory of late Shri Lahori Ram Commissioner at Elk Grove Regional Park, Elk Grove (California)
















All pictures credit: Prem K. Chumber Ambedkar Times

# Indus Valley American Chamber of Commerce (California) organized 10th Annual Picnic in the loving memory of late Shri Lahori Ram Commissioner at Elk Grove Regional Park, Elk Grove (California)





# ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ



## ਵਲੋਂ 14ਵਾਂ ਵਿਸ਼ਵ ਕਬੱਡੀ ਕੱਪ

ਮਿਤੀ 16 ਸਤੰਬਰ 2018
ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)




ਮੁੱਖ ਮਹਿਮਾਨ



ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ

(James Logan High School 1800 H Street, Union City, California 94587) ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ





ਭਾਗ ਲੈਣ ਵਾਲੀਆਂ ਕਬੱਡੀ ਟੀਮਾਂ

1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਬੈਨਸ (ਲੱਫਰ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੱਬਾ ਥਿਆੜਾ)
3. ਮਿੱਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਤਾਰੀ)
4. ਬੇ ਏਰੀਆ ਸਪੋਰਟਸ ਕਲੱਬ (ਬਲਜੀਤ ਸਿੰਘ ਸੰਧੂ)
5. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)

ਅੰਡਰ-25 ਉਮਰ ਵਰਗ ਦੀਆਂ ਕਬੱਡੀ ਟੀਮਾਂ

1. ਯੂਨਾਈਟਡ ਸਪੋਰਟਸ ਕਲੱਬ
2. ਯੂਬਾ ਬ੍ਰਦਰਜ਼
3. ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ
4. ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ

ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦਵਾਰਾ ਫਰੀਮੌਂਟ, ਸੈਨਹੋਜੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਗੁਰੂਘਰਾਂ ਦੇ ਸਹਿਯੋਗ ਨਾਲ ਸਾਰਾ ਦਿਨ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵਰਤਾਏ ਜਾਣਗੇ।

ਐੱਸ ਅਸ਼ੋਕ ਭੌਰਾ
Phone: 510 415 3315,

### ਉਦਘਾਟਨ ਕਰਨ ਵਾਲੇ ਮਹਿਮਾਨ



ਸੁਰਜੀਤ ਸਿੰਘ ਟੁੱਟ | ਮਾਈਕ ਬੋਪਾਰਾਏ | ਜਸਪ੍ਰੀਤ ਸਿੰਘ ਅਟਵਾਲ | ਮੇਜਰ ਸਿੰਘ ਬੈਂਸ

### ਪਹਿਲੇ ਇਨਾਮ ਦੇ ਸਪਾਂਸਰ




ਡਾਇਮੰਡ ਟਰੱਕਿੰਗ ਸਟਾਕਟਨ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ

### ਦੂਜੇ ਇਨਾਮ ਦੇ ਸਪਾਂਸਰ

ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ



(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)

### Sponsor of Under-25 First Prize



Sponsored byTakhar faimly in memory of late santokh s Takhar Apna punjab& Northern California club

TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR, MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON, BALIHAR SINGH SARPANCH

MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.

RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL, JARNAIL S MANN, JASVIR S TAKHAR, SURINDER S DHANOA, SHANKAR SINGH, JASBIR S NAHAL, CAR WASH GILLROY, RANA KAHLON, BOMBY PIZZA, CHICAGO PIZZA, SUCHA RAM BHARTA, SHASHI PAUL, HARWINDER S DHALIWAL, MAJOR S GILL, JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ

# ਮੋਰਚਾ ਗੁਰੂ ਕਾ ਬਾਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਚਰਚਾ ਦਾ ਵਿਸ਼ਾ ਹੈ, ਜਿਸਨੇ ਸਾਰੇ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਇਸਲਾਮ ਦੇ ਜ਼ੁਲਮਾਂ ਦਾ ਟਾਕਰਾ ਕਰਦੇ ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ ਅਤੇ ਸਵੈ-ਰੱਖਿਆ, ਆਜ਼ਾਦੀ ਵਾਸਤੇ ਫੌਜੀ ਖਾਲਸਾ ਤਿਆਰ ਹੋਇਆ, ਜਿਸਨੇ ਹਮੇਸ਼ਾ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਫਿਰ ਇਕ ਅਜਿਹਾ ਸਮਾਂ ਵੀ ਆਇਆ ਕਿ ਅੰਗਰੇਜ਼ ਨੇ ਆਪਣਾ ਰਾਜ ਕਾਇਮ ਰੱਖਣਲਈ ਗੁਰਦੁਆਰਿਆਂ ਨੂੰ ਢਾਅ ਲਾਉਣੀ ਸ਼ੁਰੂ ਕਰ ਦਿੱਤੀ। ਜਿਸ ਵਿਚ ਉਸਨੇ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ।। ਉਹਨਾਂ ਦਾ ਗੁਰਦੁਆਰਿਆਂ 'ਤੇ ਕਬਜ਼ਾ ਕਰਵਾ ਲਿਆ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਮੋਰਚਾ ਚਾਬੀਆਂ ਦਾ, ਮੋਰਚਾ ਨਨਕਾਣਾ ਸਾਹਿਬ, ਮੋਰਚਾ ਤਰਨਤਾਰਨ, ਮੋਰਚਾ ਜੈਤੋ ਤੇ ਮੋਰਚਾ ਗੁਰੂ ਕਾ ਬਾਗ ਆਦਿ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਨੂੰ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਸੁਤੰਤਰਤਾ ਸੰਗਰਾਮ ਦੀ ਲੜਾਇ. ਵਿਚ ਕੜੀ ਦਾ ਕੰਮ ਕੀਤਾ।

ਵਰਣਨਯੋਗ ਹੈ ਕਿ ਇਹਨਾਂ ਮੋਰਚਿਆਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ ਗੁਰੂ ਕਾ ਬਾਗ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਸੀ। ਅੰਮ੍ਰਿਤਸਰ ਤੋਂ 13 ਕੁ ਮੀਲਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬਾਨ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਮ ਕਾਫੀ ਜਮੀਨ ਸੀ। ਜਿਸ ਤੇ ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ। ਮਹੰਤ ਸੁੰਦਰ ਦਾਸ ਇਕ ਦੁਰਾਚਾਰੀ, ਆਯਾਸ਼ ਅਤੇ ਭ੍ਰਿਸ਼ਟ ਬੁੱਧੀ ਦਾ ਮਾਲਕ ਸੀ।ਉਸਨੂੰ ਸਿੱਖਾਂ ਵਿਰੁੱਧ ਅੰਗਰੇਜ਼ ਸਰਕਾਰ ਦੀ ਸ਼ਹਿ ਮਿਲੀ ਹੋਈ ਸੀ। ਮਹੰਤਾਂ ਦੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਈ: ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜਿਸ ਵਿਚ ਸਿੱਖ ਕੌਮ ਵੱਲੋਂ ਵਿਦੇਸ਼ੀ ਅੰਗਰੇਜ਼ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਭਾਵਨਾ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ 'ਤੇ ਲੰਗਰਾਂ ਦੀ ਸੇਵਾ ਵਾਸਤੇ ਲੱਕੜੀ ਬਾਲਣ ਇਕੱਠਾ ਕਰਨ ਗਏ ਪੰਜ ਸਿੰਘਾਂ ਨੂੰ ਅੰਗਰੇਜ਼ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਹਨਾਂ ਪੰਜ ਸਿੰਘਾਂ ਨੂੰ ਜੁਰਮਾਨਾ ਅਤੇ ਛੇ-ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ। ਇਯ ਘਟਨਾ ਦੇ ਨਾਲ ਹੀ ਮੋਰਚਾ ਗੁਰੂ ਕਾ ਬਾਗ ਆਰੰਭ ਹੋ ਗਿਆ।



ਸ਼੍ਰੋਮਣੀ ਕਮੇਟੀ ਵੱਲੋਂ ਪੁਰ-ਅਮਨ ਸੰਘਰਸ਼ ਕਰਨ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5-5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ, ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਮੋਰਚੇ ਵਿਚ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਏ. ਤਾਂ ਪੁਲਿਸ ਨੇ ਸਖਤੀ ਆਰੰਭ ਕਰ ਦਿੱਤੀ। 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਇਯ ਜਥੇ ਨੂੰ ਗੁੰਮਟਾਲਾ ਪੁਲ 'ਤੇ ਘੇਰ ਕੇ ਕੁੱਟਿਆ ਗਿਆ। ਪਿੰਡ ਸੰਹਿਸਗ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਵੀ ਸਿੱਖਾਂ ਦੀ ਕਾਫੀ ਕੁੱਟ-ਮਾਰ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਧੂਹਿਆ ਗਿਆ। ਬੰਦੂਕਾਂ ਦੇ ਦਸਤੇ ਤੇ ਡਾਂਗਾਂ ਨਾਲ ਭਾਰੀ ਕੁੱਟਮਾਰ ਕੀਤੀ। ਮੁੱਖ ਆਗੂਆਂ ਦੀ ਗ੍ਰਿਫਤੀ ਦੇ ਵੀ ਸੰਮਨ ਜਾਰੀ ਹੋ ਗਏ। ਰੋਜ਼ਾਨਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਸਾ ਸੋਧ ਕੇ ਸਿੰਘ ਸ਼ਾਂਤਮਈ ਢੰਗ ਨਾਲ ਗੁਰੂ ਕਾ ਬਾਗ ਮੋਰਚੇ ਲਈ ਹੁੰਮ ਹੁੰਮਾ ਕੇ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ 'ਤੇ ਲਾਠੀਆਂ ਵਰਸਾਉਂਦੀ ਸਿੰਘ ਨਾਮ ਜਪਦੇ, ਇਹ ਸਾਰਾ ਤਸ਼ੱਦਦ ਤਨ ਤੇ ਹੰਢਾਉਂਦੇ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਉਠਦੇ ਅਤੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਬਲਕਿ ਫੱਟੜ ਹੋ ਕੇ ਡਿੱਗੇ ਸਿੰਘਾਂ 'ਤੇ ਘੋੜੇ ਵੀ ਦੁੜਾਏ ਜਾਣ ਲੱਗੇ। ਸੰਸਾਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਰਹਿਣ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਵੱਖ-ਵੱਖ ਧਰਮਾਂ ਦੇ ਲੋਕ ਭਾਰੀ ਗਿਣਤੀ ਵਿਚ ਗੁਰੂ ਕਾ ਬਾਗ ਪੁੱਜਣ ਲੱਗੇ। ਇਹਨਾਂ ਵਿਚ ਸੀ. ਐਫ. ਐਂਡਰਿਊਜ਼, ਜਿਸਨੇ ਇਕ ਮਸੀਹਾ ਸੂਲੀ ਚੜ੍ਹਿਆ ਸੁਣਿਆ ਸੀ। ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝੱਲਦੇ ਵੇਖ ਕੇ ਰੋ ਪਿਆ ਸੀ। ਉਸਨੇ ਪ੍ਰੈਸ ਨੋਟ ਭੇਜ ਕੇ ਲਿਖਿਆ ਕਿ ਇਹ ਅੰਗਰੇਜ਼ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਕ ਹਿਰਦੇਵੇਦਕ ਘਟਨਾ ਹੈ, ਜੋ ਦੇਖੀ ਨਹੀਂ ਜਾ ਸਕਦੀ। ਰੱਬ ਅਜਿਹਾ ਸਮਾਂ ਕਿਸੇ ਨੂੰ ਨਾਂ ਵਿਖਾਵੇ। ਹੋਰ ਪੁੱਜੇ ਆਗੂਆਂ ਵਿਚ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਨ, ਸ੍ਰੀਮਤੀ ਸਰੋਜਨੀ ਨਾਇਡੂ ਆਦਿ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਯ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਏ. ਐਲ. ਵਰਗਸ ਇਕ ਅਮਰੀਕੀ ਫਿਲਮਸਾਜ਼ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ।

ਸਰ ਐਡਵਰਡ ਮੈਕਲਾਗਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਦੇਣ ਨਾਲ ਸਿੰਘਾਂ 'ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕੂਤਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਂਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਇਕ ਧਨਾਡ ਸੇਵਾ ਮੁਕਤ ਇੰਜੀਨੀਅਰ ਸਰ ਗੰਗਾਰਾਮ ਦੀਆਂ ਸੇਵਾਵਾਂ ਵੀ ਲਈਆਂ ਗਈਆਂ।

ਉਸਨੇ ਪੱਟੇ 'ਤੇ ਗੁਰੂ ਕਾ ਬਾਗ ਦੀ ਜ਼ਮੀਨ ਛੁਡਵਾ ਲਈ ਅਤੇ 17 ਨਵੰਬਰ 1922 ਨੂੰ ਸਿੰਘਾਂ ਨੂੰ ਕਬਜ਼ਾ ਦੇ ਦਿੱਤਾ। ਜਲਦੀ ਹੀ ਸਰਕਾਰ ਨੇ ਸਾਰੇ ਸਿੰਘਾਂ ਦੀ ਰਿਹਾਈ ਦੇ ਹੁਕਮ ਵੀ ਜਾਰੀ ਕੀਤੇ। ਮੋਰਚਾ ਗੁਰੂ ਕਾ ਬਾਗ ਇਸ ਤਰ੍ਹਾਂ ਸ਼ਾਂਤੀ ਪੂਰਵਕ ਖਤਮ ਹੋਇਆ। ਇਸ ਮੋਰਚੇ ਵਿਚ 829 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫਤਾਰ ਹੋਏ ਸਨ, ਜਿਹਨਾਂ ਵਿਚੋਂ ਲੱਗਭੱਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਘੁਸਪੈਠੀਏ ਸਨ।

ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ, ਬਹਾਦਰੀ ਅਤੇ ਅਣਖ ਤੇ ਲੋਕਾਂ ਨੇ ਮਾਣ ਕੀਤਾ। ਗੁਰੂ ਕਾ ਬਾਗ ਮੋਰਚੇ ਵਿਚ ਸ਼ਾਮਲ ਸੂਰਬੀਰਾਂ ਨੇ ਅੰਗਰੇਜ਼. ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ਤੇ ਜਰਿਆ।

ਗੁਰਧਾਮਾਂ ਦੀ ਸ਼ਾਨ ਸਰਕਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਰੱਖਣਾ ਸੀ। ਇਸ ਮੋਰਚੇ ਦੀ ਜਿੱਤ ਨਾ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ 'ਤੇ ਉਤਸ਼ਾਹ ਆਇਆ ਕਿਉਂਕ ਇਹ ਮੋਰਚਾ ਸਿੱਧਾ ਹੀ ਅੰਗਰੇਜ਼. ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀਕਲਾ, ਸਰਬੱਤ ਦੇ ਭਲੇ ਦਾ ਸਿਧਾਂਤ ਪ੍ਰਫੁੱਲਿਤ ਕੀਤਾ ਅਤੇ ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਸਿੱਖਿਆ ਮਿਲਦੀ ਹੈ। ਇਹ ਇਕ ਗੌਰਵਮਈ ਇਤਿਹਾਸਕ ਮੋਰਚਾ ਹੈ।

# ਵਿਪਸਾ ਵਲੋਂ ਡਾ. ਮੋਹਨ ਸਿੰਘ ਤਿਆਗੀ ਦੀ ਪੁਸਤਕ ਲੋਕ ਅਰਪਨ

ਪਿਛਲੇ ਸਨਿੱਚਰਵਾਰ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ, ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੇ ਗ੍ਰਹਿ -ਬ੍ਰੈਨਟਵੁਡ ਕੈਲੀਫੋਰਨੀਆ ਵਿਖੇ, ਇਕ ਸੰਖੇਪ ਅਤੇ ਮਹੱਤਵਪੂਰਨ ਵਾਤਾਵਰਨ ਵਿਚ ਡਾ.ਮੋਹਨ ਤਿਆਗੀ ਦੁਆਰਾ ਰਚਿਤ ਆਲੋਚਨਾਤਮਕ ਪੁਸਤਕ, "ਸਮਕਾਲੀ ਪੰਜਾਬੀ ਕਾਵਿ-ਅਧਿਅਨ" ਲੋਕ ਅਰਪਿਤ ਕੀਤੀ ਗਈ। ਇਹ ਪੁਸਤਕ ਲੇਖਕ ਦੀ ਗੈਰ ਮੌਜੂਦਗੀ ਵਿਚ ਉਹਨਾਂ ਦੇ ਵੱਡੇ ਭ੍ਰਾਤਾ ਸਾਹਿਬ ਸ: ਸੁਖਵੀਰ ਸਿੰਘ ਐਬਲੋਵਾਲ, ਵਲੋਂ ਪ੍ਰਸਤੁਤ ਕੀਤੀ ਗਈ।ਆਪ ਨੂੰ ਮੈਨਟੀਕਾ ਗੁਰਦਵਾਰਾ ਸਾਹਿਬ ਕੈਲੀਫੋਰਨੀਆ ਦੇ ਰਾਗੀ ਸਿੰਘ ਸ: ਹਰਪਾਲ ਸਿੰਘ ਉਦੱਮ ਕਰ ਕੇ ਆਪਣੇ ਨਾਲ ਲੈ ਆਏ ਸੀ।

ਇਸ ਪੁਸਤਕ ਦੀ ਮਹਤੱਤਾ ਇਸ ਵਿਚ ਨਿਹੱਤ ਹੈ ਕਿ ਇਸ ਵਿਚ ਅੰਕਿਤ ਪਹਿਲਾ ਨਿਬੰਧ , "ਅਮਰੀਕੀ ਪੰਜਾਬੀ ਕਵਿਤਾ-ਗਲੋਬਲੀ ਪਰਿਪੇਖ ਵਿਚ ਕਲਮ ਬੰਦ ਕੀਤਾ ਗਿਆ ਹੈ। ਇਸ ਦੁਆਰਾ ਅਮਰੀਕੀ ਪੰਜਾਬੀ ਕਵਿਤਾ ਗਦਰੀ ਬਾਬਿਆਂ ਦੀ ਰਾਜਨੀਤਕ ਚੇਤਨਾ ਤੋਂ ਆਰੰਭ ਹੋ ਕੇ ਗਲੋਬਲ ਪੱਧਰ ਤੇ ਵਾਪਰ ਰਹੀਆਂ ਜਟਿਲ ਤਬਦੀਲੀਆਂ ਨੂੰ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਦੁਆਰਾ ਆਪਣੇ ਕਲਾਵੇ ਵਿਚ ਲੈ ਤੁਰਦੀ ਹੈ। ਇਸ ਸਿਰਜਨਾਤਮਕ ਅਮ-ਰੀਕੀ ਖੇਤਰ ਵਿਚ ਸ਼ਾਇਦ ਹੀ ਕੋਈ ਐਸਾ ਲੇਖਕ ਹੋਵੇ ਜਿਸ ਨੂੰ ਜ਼ਿਕਰ ਯੋਗ ਥਾਂ ਪ੍ਰਾਪਤ ਨਾ ਹੋਈ ਹੋਵੇ। ਡਾ. ਮੋਹਨ ਤਿਆਗੀ, ਜਿੱਥੇ ਆਪ ਇਕ ਅਜੋਕੀ ਆਧੁਨਿਕ ਕਵਿਤਾ ਵਿਚ, ਨਵੀਨ ਬਿੰਬ ਉਸਾਰਦਾ ਸਿਰਜਨਾਤਮਕ ਰਚਨਾ ਕਾਰ ਹੈ, ਉਥੇ ਹੀ ਗਲੋਬਲ ਸੰਧਰਭ ਵਿਚ ਰਚੀ ਜਾ ਰਹੀ ਕਾਵਿ ਸਿਰਜਣਾ ਦਾ ਸਮੀਖਿਆ ਕਾਰ ਹੋ ਨਿਬੜਦਾ ਹੈ। ਆਪ ਵਲੋਂ ਸਮੇਂ ਸਮੇਂ ਸਿਰ ਲਿਖੇ ਗਏ 24 ਨਿਬੰਧ ਇਸ ਪੁਸਤਕ ਦੀ ਨਿਸ਼ਾਨਦੇਹੀ ਕਰਾਉਂਦੇ ਹਨ, ਜਿਸ ਵਿਚ ਵਿਸ਼ੇਸ਼ ਤੌਰ ਤੇ ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੀ ਸਜਰੀ ਵਰਨਣ ਯੋਗ ਪੁਸਤਕ, "ਜੰਗ, ਜਸ਼ਨ ਤੇ ਜੁਗਨੂੰ" ਸ਼ਾਮਲ ਕੀਤੀ ਗਈ ਹੈ।



ਇਹ ਆਲੋਚਨਾਤਮਕ ਪੁਸਤਕ ਇਸ ਲਈ ਵੀ ਧਿਆਨ ਕੇਂਦਰਤ ਕਰਦੀ ਹੈ ਕਿ ਉਪਰੋਤਕ ਪੁਸਤਕ ਤੋਂ ਛੁਟ ਪੰਜਾਬੀ ਸਾਹਿਤ ਸਭਾ ਸੈਕਰਾਮੈਨਟੋ ਦੇ ਪ੍ਰਸਿੱਧ ਲੇਖਕ, ਦਿੱਲ ਨਿੱਜਰ ਦੀ ਪੁਸਤਕ, "ਦਿੱਲ ਦਰਿਆ ਦੇ ਵਹਿਣ" ਅਤੇ ਸਾਹਿਤ ਸਭਾ ਸਟਾਕਟਨ ਦੀ ਉਭਰ ਰਹੀ ਸ਼ਾਇਰਾ, ਹਰਪ੍ਰੀਤ ਕੌਰ ਧੂਤ ਦੀ ਪਲੇਠੀ ਪੁਸਤਕ "ਦਹਿਲੀਜ਼ ਦੇ ਆਰ-ਪਾਰ" ਸ਼ਾਮਲ ਹਨ।

ਵਿਪਸਾ ਅਤੇ ਨਾਰਥ ਅਮਰੀਕਾ ਦਿਆਂ ਸਮੂਹ ਲੇਖਕਾਂ ਵਲੋਂ ਡਾ. ਮੋਹਨ ਤਿਆਗੀ ਦਾ ਧੰਨਵਾਦ, ਜਿਸ ਦੁਆਰਾ ਗਲੋਬਲ ਸੰਦਰਭ ਵਿਚ ਸਾਡੀਆਂ ਲਿਖਤਾਂ ਦੀ ਗੱਲ ਹੋ ਤੁਰੀ ਹੈ।

# ਲਾਈਵਓਕ ਗਰਿਡਲੀ ਤੀਆਂ ਵਿਚ ਗਾਇਕ ਰੌਸ਼ਨ ਪ੍ਰਿੰਸ ਨੇ ਆਪਣੇ ਗੀਤਾਂ ਰਾਹੀਂ ਖੂਬ ਨਚਾਇਆ

**ਯੂਬਾ ਸਿਟੀ (ਹੁਸਨ ਲੜੋਆ ਬੰਗਾ)-** ਯੂਬਾ ਸਿਟੀ ਦੇ ਲਾਗਲੇ ਸ਼ਹਿਰ ਲਾਈਵ ਓਕ ਦੀ 8ਵੀਆਂ ਤੀਆਂ ਦਾ ਆਯੋਜਨ ਗਰਿਡਲੀ ਕਮਿਊਨਿਟੀ ਸੈਂਟਰ ਵਿਚ ਜਸਮਿੰਦਰ ਮੱਟੂ ਦੀ ਅਗਵਾਈ ਵਿਚ ਕਰਵਾਇਆ ਗਿਆ, ਜਿਸ ਵਿਚ ਪੰਜਾਬੀ ਫਿਲਮਾਂ ਦੇ ਐਕਟਰ ਤੇ ਪੰਜਾਬੀ ਗਾਇਕ ਰੌਸ਼ਨ ਪ੍ਰਿੰਸ ਨੇ ਆਪਣੀ ਗਾਇਕੀ ਨਾਲ ਬੀਬੀਆਂ ਦੇ ਅਖਾੜੇ ਵਿਚ ਰੂਹ ਭਰੀ। ਤੀਆਂ ਦੇ ਪ੍ਰੋਗਰਾਮ ਦਾ ਆਗਾਜ਼ ਦੁਪਹਿਰ 12 ਵਜੇ ਸ਼ੁਰੂ ਹੋ ਗਿਆ, ਜਿਸ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਬੀਬੀਆਂ ਨੇ ਵੱਖ-ਵੱਖ ਆਈਟਮਾਂ ਵਿਚ ਸ਼ਮੂਲੀਅਤ ਕੀਤੀ। ਇਸ ਦੌਰਾਨ ਪ੍ਰਨੀਤ ਕੌਰ ਸਿੱਧੂ ਰੌਕਲਿਨ ਵੱਲੋਂ ਤਿਆਰ ਕੀਤੀਆਂ ਵੱਖ-ਵੱਖ ਟੀਮਾਂ ਨੇ ਰੌਣਕ ਬਣਾਈ ਰੱਖੀ। ਸਥਾਨਕ ਬੀਬੀਆਂ ਦਾ ਗਿੱਧਾ ਜਿਸਨੂੰ ਤਿਆਰ ਗੁਰਮੀਤ ਕੌਰ ਵੱਲੋਂ ਕੀਤਾ ਗਿਆ ਸੀ, ਵੀ ਸਲਾਹੁਣਯੋਗ ਸੀ। ਮਨਵੀਰ ਗਿੱਲ ਲਾਈਵ ਓਕ ਵੱਲੋਂ ਕੋਰੀਓਗ੍ਰਾਫੀ ਕੀਤੀ ਗਈ। ਇਸ ਤੋਂ ਇਲਾਵਾ ਜਸਵਿੰਦਰ ਕੌਰ ਧਨੋਆ ਅਤੇ ਜਸਵਿੰਦਰ ਜੱਸੀ ਦੀ ਸਕਿੱਟ ਨੇ ਜਿੱਥੇ ਦਰਸ਼ਕ ਬੀਬੀਆਂ 'ਚ ਹਾਸਾ ਪੁਆਇਆ, ਉਥੇ ਨਾਲ ਹੀ ਸਮਾਜ ਨੂੰ ਸੇਧ ਦੇਣ ਦਾ ਵੀ ਇਕ ਜ਼ਰੀਆ ਬਣਿਆ। ਇਸ ਤੀਆਂ ਦੇ ਸਮਾਗਮ ਵਿਚ ਹਰਨੇਕ ਸਿੰਘ ਸਟਾਰ ਆਫ ਇੰਡੀਆ ਵੱਲੋਂ ਦਰਸ਼ਕ ਬੀਬੀਆਂ ਲਈ ਮੁਫਤ ਖਾਣਾ, ਚਾਹ ਤੇ ਜਲੇਬੀਆਂ ਦਾ ਪ੍ਰਬੰਧ ਕੀਤਾ ਗਿਆ ਸੀ। ਇਵੇਂ ਹੀ ਸਾਬੀ ਸਿੰਘ ਅਤੇ ਹਰਮਨ ਬਸਰਾ ਵੱਲੋਂ ਪਾਣੀ-ਸੋਡੇ ਦਾ ਮੁਫਤ ਪ੍ਰਬੰਧ ਕੀਤਾ ਗਿਆ। ਬੀਬੀ ਆਸ਼ਾ ਸ਼ਰਮਾ ਨੇ ਸਾਰਾ ਦਿਨ ਸਟੇਜ ਦੀ ਕਾਰਵਾਈ ਚਲਾਈ ਤੇ ਸਾਰੀਆਂ ਆਈਟਮਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਇਸ ਤੀਆਂ ਦੇ ਪ੍ਰੋਗਰਾਮ ਦੌਰਾਨ ਰੈਫਲਜ਼ ਵੀ ਕੱਢੇ ਗਏ, ਜਿਹਨਾਂ 'ਚ ਬੰਬੇ ਜਿਊਲਰਜ਼ ਵੱਲੋਂ ਸੋਨੇ ਦੀ ਮੁੰਦਰੀ, ਪੰਜਾਬੀ ਫੈਸਨ ਮਾਹਿਲਪੁਰੀਆ ਇੰਪੋਰੀਅਮ ਵੱਲੋਂ ਸੂਟ ਤੇ ਪਰਮਜੀਤ ਪੰਮਾ ਵੱਲੋਂ ਵੀ ਸੂਟ ਤੇ ਹੋਰ ਸਾਜ਼ੋ-ਸਮਾਨ ਸਪਾਂਸਰ ਕੀਤਾ ਗਿਆ ਸੀ। ਇਸ ਦੌਰਾਨ ਕਰੀਬ ਪੰਜਾਹ ਦੇ ਕਰੀਬ ਵਧੀਆ ਕਿਸਮ ਦੇ ਬੂਟ ਤੇ ਹੋਰ ਜਿਊਲਰੀ ਰੈਫਲਜ਼ 'ਚ ਕੱਢੇ ਗਏ। ਇਸ ਮੌਕੇ ਪ੍ਰਬੰਧਕਾਂ 'ਚ ਜਸਮਿੰਦਰ ਕੌਰ ਮੱਟੂ, ਸੰਦੀਪ ਗਿੱਲ ਅਤੇ ਮਨਦੀਪ ਬੈਂਸ ਵੱਲੋਂ ਸਾਰੇ ਸਪਾਂਸਰਾਂ, ਕਲਾਕਾਰਾਂ ਤੇ ਦਰਸ਼ਕਾਂ ਦਾ ਤੀਆਂ ਨੂੰ ਸਫਲ ਬਣਾਉਣ 'ਤੇ ਧੰਨਵਾਦ ਕੀਤਾ। ਅਖੀਰ ਵਿਚ ਪੰਜਬੀ ਗਾਇਕ ਰੌਸ਼ਨ ਪ੍ਰਿੰਸ ਦੀਆਂ ਬੋਲੀਆਂ ਤੇ ਕਲਾਕਾਰਾਂ ਅਤੇ ਦਰਸ਼ਕ ਬੀਬੀਆਂ ਨੇ ਧਮਾਲਾਂ ਪਾਈਆਂ।





# ਹੈਰਾਨਕੁਨ ਹੈ ਵੱਧ ਰਹੇ ਬਲਤਕਾਰਾਂ ਦੀ ਗਿਣਤੀ

**ਦੇਸ਼ ਵਿੱਚ ਸਲਾਨਾ 35 ਤੋਂ 36 ਹਜ਼ਾਰ ਦੇ ਲਗਭਗ ਬਲਾਤਕਾਰ ਹੁੰਦੇ ਹਨ। ਬਲਾਤਕਾਰ ਦਾ ਸ਼ਿਕਾਰ ਆਮ ਤੌਰ ਤੇ 18 ਤੋਂ 30 ਵਰ੍ਹਿਆਂ ਦੀਆਂ ਔਰਤਾਂ ਹੋ ਰਹੀਆਂ ਹਨ। ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਵੱਧ ਰਹੀ ਹੈ। ਰਾਤ-ਬਰਾਤੇ ਔਰਤਾਂ ਘਰੋਂ ਬਾਹਰ ਜਾਣ ਤੋਂ ਸੰਕੋਚ ਕਰਦੀਆਂ ਹਨ, ਡਰਦੀਆਂ ਹਨ। ਕਈ ਹਾਲਤਾਂ 'ਚ ਤਾਂ ਇਕੱਲੀਆਂ ਲੜਕੀਆਂ, ਔਰਤਾਂ ਵੀ ਘਰ ਵਿੱਚ ਸੁਰੱਖਿਅਤ ਨਹੀਂ, ਉਹਨਾ ਨਾਲ ਛੇੜਛਾੜ, ਬਲਾਤਕਾਰ ਦੀਆਂ ਘਟਨਾਵਾਂ ਉਹਨਾ ਦੇ ਆਪਣੇ ਨਜ਼ਦੀਕੀ, ਜਾਣੂਆਂ, ਰਿਸ਼ਤੇਦਾਰਾਂ ਵਲੋਂ ਹੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਦੀਆਂ ਹਨ। ਇਕ ਰਿਪੋਰਟ ਅਨੁਸਾਰ ਬਲਾਤਕਾਰ ਦੀਆਂ ਘਟਨਾਵਾਂ 'ਚ ਲਿਪਤ ਮਰਦ 90 ਪ੍ਰਤੀਸ਼ਤ ਔਰਤਾਂ ਦੇ ਜਾਣੂ, ਰਿਸ਼ਤੇਦਾਰ ਜਾਂ ਨਜ਼ਦੀਕੀ ਪਾਏ ਗਏ ਹਨ। ਜੇਕਰ ਸਰਕਾਰੀ ਅੰਕੜਿਆਂ ਨੂੰ ਹੀ ਸਹੀ ਮੰਨ ਲਿਆ ਜਾਵੇ ਤਾਂ ਸਾਲ 2014 ਵਿੱਚ ਕੁਲ 3,29,243 ਅਤੇ 2016 ਵਿੱਚ 3,38,954 ਔਰਤਾਂ ਨਾਲ ਅਪਰਾਧ ਦੇ ਮਾਮਲੇ ਰਜਿਸਟਰਡ ਹੋਏ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਛੋਟੀ ਉਮਰ ਦੀਆਂ ਬੱਚੀਆਂ ਨਾਲ ਬਲਤਕਾਰ ਹੋ ਹਰੇ ਹਨ। ਬਲਾਤਕਾਰ ਉਪਰੰਤ ਲੜਕੀਆਂ, ਔਰਤਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਸਮਾਜ ਵਿੱਚ ਵੱਧ ਰਹੇ ਇਸ ਪਸ਼ੂ-ਪੁਣੇ ਦਾ ਇਸ ਤੋਂ ਵੱਡਾ ਕੋਈ ਹੋਰ ਸਬੂਤ ਹੋ ਸਕਦਾ ਹੈ?

ਆਓ ਬਲਾਤਕਾਰ ਦੇ ਅੰਕੜਿਆਂ ਉਤੇ ਇਕ ਝਾਤ ਮਾਰੀਏ। ਦੇਸ਼ ਵਿੱਚ ਸਲਾਨਾ 35 ਤੋਂ 36 ਹਜ਼ਾਰ ਦੇ ਲਗਭਗ ਬਲਾਤਕਾਰ ਹੁੰਦੇ ਹਨ। ਬਲਾਤਕਾਰ ਦਾ ਸ਼ਿਕਾਰ ਆਮ ਤੌਰ ਤੇ 18 ਤੋਂ 30 ਵਰ੍ਹਿਆਂ ਦੀਆਂ ਔਰਤਾਂ ਹੋ ਰਹੀਆਂ ਹਨ। ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਵੱਧ ਰਹੀ ਹੈ। ਰਾਤ-ਬਰਾਤੇ ਔਰਤਾਂ ਘਰੋਂ ਬਾਹਰ ਜਾਣ ਤੋਂ ਸੰਕੋਚ ਕਰਦੀਆਂ ਹਨ, ਡਰਦੀਆਂ ਹਨ। ਕਈ ਹਾਲਤਾਂ 'ਚ ਤਾਂ ਇਕੱਲੀਆਂ ਲੜਕੀਆਂ, ਔਰਤਾਂ ਵੀ ਘਰ ਵਿੱਚ ਸੁਰੱਖਿਅਤ ਨਹੀਂ, ਉਹਨਾ ਨਾਲ ਛੇੜਛਾੜ, ਬਲਾਤਕਾਰ ਦੀਆਂ ਘਟਨਾਵਾਂ ਉਹਨਾ ਦੇ ਆਪਣੇ ਨਜ਼ਦੀਕੀ, ਜਾਣੂਆਂ, ਰਿਸ਼ਤੇਦਾਰਾਂ ਵਲੋਂ ਹੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਦੀਆਂ ਹਨ।

ਇਕ ਰਿਪੋਰਟ ਅਨੁਸਾਰ ਬਲਾਤਕਾਰ ਦੀਆਂ ਘਟਨਾਵਾਂ 'ਚ ਲਿਪਤ ਮਰਦ 90 ਪ੍ਰਤੀਸ਼ਤ ਔਰਤਾਂ ਦੇ ਜਾਣੂ, ਰਿਸ਼ਤੇਦਾਰ ਜਾਂ ਨਜ਼ਦੀਕੀ ਪਾਏ ਗਏ ਹਨ। ਜੇਕਰ ਸਰਕਾਰੀ ਅੰਕੜਿਆਂ ਨੂੰ ਹੀ ਸਹੀ ਮੰਨ ਲਿਆ ਜਾਵੇ ਤਾਂ ਸਾਲ 2014 ਵਿੱਚ ਕੁਲ 3,29,243 ਅਤੇ 2016 ਵਿੱਚ 3,38,954 ਔਰਤਾਂ ਨਾਲ ਅਪਰਾਧ ਦੇ ਮਾਮਲੇ ਰਜਿਸਟਰਡ ਹੋਏ ਹਨ। ਪਰ ਔਰਤਾਂ ਨਾਲ ਅਪਰਾਧਾਂ ਦੇ ਮਾਮਲੇ ਦੇਸ਼ ਵਿੱਚ ਇਸਤੋਂ ਵੀ ਕਿਧਰੇ ਵੱਧ ਹਨ ਕਿਉਂਕਿ ਬਹੁਤੀਆਂ, ਬਲਾਤਕਾਰ, ਜਿਨਸੀ ਛੇੜਛਾੜ ਦੀਆਂ ਘਟਨਾਵਾਂ ਤਾਂ ਪੁਲਿਸ ਥਾਣਿਆਂ ਵਿੱਚ ਰਜਿਸਟਰਡ ਹੀ ਨਹੀਂ ਹੁੰਦੀਆਂ, ਇਸ ਵਿੱਚ ਬਹੁ-ਗਿਣਤੀ ਪੇਂਡੂ ਖੇਤਰ ਵਿੱਚ ਵਾਪਰੀਆਂ ਘਟਨਾਵਾਂ ਦੀ ਹੈ, ਜਿਥੇ ਪੇਂਡੂ ਔਰਤਾਂ, ਸ਼ਹਿਰੀ ਔਰਤਾਂ ਦੇ ਮੁਕਾਬਲੇ ਜਿਆਦਾ ਅਸੁਰੱਖਿਅਤ ਹਨ। ਜਿਹਨਾ ਦਾ ਜ਼ੋਨ ਸੋਸ਼ਨ ਤਾਂ ਹੁੰਦਾ ਹੀ ਹੈ, ਘਰੇਲੂ ਕੁੱਟ-ਮਾਰ, ਔਰਤਾਂ ਨਾਲ ਵਿਤਕਰੇ ਦੀਆਂ ਘਟਨਾਵਾਂ ਵੀ ਵੱਧ ਹਨ। ਜਿਥੇ ਉਹਨਾ ਦੇ ਪਤੀ, ਸੁਹਰੇ ਪਰਿਵਾਰ ਵਲੋਂ ਉਸ ਨਾਲ ਅਣ ਮਨੁੱਖੀ ਵਰਤਾਰੇ ਦੀਆਂ ਘਟਨਾਵਾਂ ਆਮ ਹਨ, ਜਿਹਨਾ ਵਿੱਚ ਉਹਨਾ ਦੇ ਪੇਟ ਵਿੱਚ ਲੜਕੀਆਂ ਦਾ ਗਰਭਪਾਤ, ਦਾਜਦਹੇਜ ਕਾਰਨ ਕੁੱਟ-ਮਾਰ ਅਤੇ ਸਟੋਵ, ਗੈਸ ਨਾਲ ਉਹਨਾ ਨੂੰ ਸਾੜਨਾ, ਅਤੇ ਸਮਾਜ ਵਿੱਚ ਲੜਕੀਆਂ ਨੂੰ ਲੜਕਿਆਂ ਅਤੇ ਔਰਤਾਂ ਨੂੰ ਮਰਦਾਂ ਦੇ ਬਰੋਬਰ ਕਿਸੇ ਵੀ ਤਰ੍ਹਾਂ ਦੇ ਹੱਕ ਨਾ ਦੇਣਾ ਸ਼ਾਮਲ ਹਨ। ਭੈੜੇ, ਕੋਝੇ, ਅਣਮਨੁੱਖੀ ਵਰਤਾਰੇ ਕਾਰਨ ਔਰਤ ਘਰ ਵਿੱਚ ਵੀ ਅਤੇ ਘਰੋਂ ਬਾਹਰ ਵੀ ਅਣ ਸੁਰੱਖਿਅਤ ਮਹਿਸੂਸ ਕਰਦੀ ਹੈ।

ਥਾਮਸਨ ਰੂਟਿਰਸ ਫਾਊਂਡੇਸ਼ਨ ਨੇ ਇੱਕ ਰਿਪੋਰਟ ਛਾਪੀ ਹੈ, ਜਿਸਦਾ ਭਾਰਤ ਸਰਕਾਰ ਨੇ ਖੰਡਨ ਕੀਤਾ ਹੈ। ਰਿਪੋਰਟ ਕਹਿੰਦੀ ਹੈ ਕਿ ਭਾਰਤ ਔਰਤਾਂ ਲਈ ਦੁਨੀਆਂ ਦਾ ਸਭ ਤੋਂ ਵੱਧ ਖਤਰਨਾਕ ਦੇਸ਼ ਹੈ। ਪਰ ਜਿਹਨਾ ਬਿੰਦੂਆਂ ਉਤੇ ਅਧਾਰਤ ਇਸ ਫਾਊਂਡੇਸ਼ਨ ਨੇ ਸਰਵੇ ਕੀਤਾ ਹੈ ਅਤੇ ਰਿਪੋਰਟ ਤਿਆਰ ਕੀਤੀ ਹੈ, ਉਸਨੂੰ ਅੱਖੋਂ-ਪਰੋਖੇ ਕਰਨਾ ਕੀ ਸੰਭਵ ਹੈ? ਰਿਪੋਰਟ ਵਿੱਚ ਪਹਿਲਾ ਬਿੰਦੂ ਜਿਸ ਬਾਰੇ ਸਰਵੇਖਣ ਕੀਤਾ ਗਿਆ ਹੈ ਕਿ ਭਾਰਤੀ ਸਮਾਜ ਵਿੱਚ ਔਰਤਾਂ ਦੀ ਸਿਹਤ ਕਿਹੋ ਜਿਹੀ ਹੈ? ਸਿਹਤ ਦਾ ਮਨੁੱਖੀ ਜੀਵਨ ਪੱਧਰ ਨਾਲ ਗਹਿਰਾ ਰਿਸ਼ਤਾ ਹੈ।

ਜੇਕਰ ਔਰਤਾਂ ਦੀ ਸਿਹਤ ਚੰਗੀ ਹੈ ਤਾਂ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸਮਾਜ ਦਾ ਜੀਵਨ ਪੱਧਰ ਉਚਾ ਹੈ। ਬੇਹਤਰ ਜੀਵਨ ਸੱਤਰ ਅਪਰਾਧ ਨੂੰ ਘੱਟ ਕਰਦਾ ਹੈ। ਭਾਰਤ ਵਿੱਚ ਲੜਕੀਆਂ, ਔਰਤਾਂ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ। ਲੜਕੀ ਦਾ ਕੁੱਖਾਂ 'ਚ ਕਤਲ ਦੀਆਂ ਘਟਨਾਵਾਂ ਆਮ ਹਨ। ਪ੍ਰਸੂਤਾ ਔਰਤਾਂ ਨੂੰ ਸਹੀ ਖੁਰਾਕ ਨਾ ਮਿਲਣ ਕਾਰਨ ਗਰਭਪਾਤ ਦੀਆਂ ਘਟਨਾਵਾਂ ਵਾਪਰਦੀਆਂ ਹਨ। ਜੱਚਾ-ਬੱਚਾ ਲਈ ਸਰਕਾਰੀ ਸਕੀਮਾਂ ਤਾਂ ਬਹੁਤ ਹਨ, ਪਰ ਆਮ ਔਰਤਾਂ ਇਹਨਾ ਸਕੀਮਾਂ ਦੀ ਪਹੁੰਚ ਤੋਂ ਦੂਰ ਹਨ। ਇਕ ਸਰਕਾਰੀ ਰਿਪੋਰਟ ਅਨੁਸਾਰ 75 ਫੀਸਦੀ ਗਰਭਪਤੀ ਔਰਤਾਂ ਚੰਗੀ ਖੁਰਾਕ ਨਾ ਮਿਲਣ ਕਾਰਨ ਖੂਨ ਦੀ ਕਮੀ ਦਾ ਸ਼ਿਕਾਰ ਰਹਿੰਦੀਆਂ ਹਨ। ਏਡਜ਼ ਦੀ ਬੀਮਾਰੀ ਤੋਂ ਪੀੜ੍ਹਤ ਕੁਲ ਵਿਚੋਂ 40 ਫੀਸਦੀ ਤੋਂ ਵੱਧ ਔਰਤਾਂ ਹਨ। ਛਾਤੀ ਦਾ ਕੈਂਸਰ ਔਰਤਾਂ 'ਚ ਲਗਾਤਾਰ ਵੱਧ ਰਿਹਾ ਹੈ।

ਔਰਤਾਂ ਦੀ ਸੁਰੱਖਿਆ ਰਿਪੋਰਟ ਦਾ ਦੂਜਾ ਕੇਂਦਰ ਬਿੰਦੂ ਆਰਥਕ ਮਾਮਲਿਆਂ ਵਿੱਚ ਔਰਤਾਂ ਨਾਲ ਭੇਦਭਾਵ ਹੈ, ਵਿਤਕਰਾ ਹੈ। ਯੂਨਾਈਟਿਡ ਨੇਸ਼ਨਜ ਦੀ ਇੱਕ ਰਿਪੋਰਟ ਅਨੁਸਾਰ 187 ਦੇਸ਼ਾਂ ਵਿੱਚ ਔਰਤਾਂ ਨਾਲ ਆਰਥਿਕ ਮਾਮਲਿਆਂ 'ਚ ਭੇਦਭਾਵ 'ਚ ਭਾਰਤ ਦਾ 137ਵਾਂ ਥਾਂ ਹੈ। ਭਾਰਤ ਵਿੱਚ ਹਾਲੇ ਵੀ ਔਰਤਾਂ ਨੂੰ ਮਰਦਾਂ ਬਰੋਬਰ ਕਈ ਖੇਤਰਾਂ ਖਾਸ ਕਰਕੇ ਅਨਸੰਗਿਠਤ ਖੇਤਰਾਂ 'ਚ ਤਨਖਾਹ ਨਹੀਂ ਮਿਲਦੀ। ਘਰ ਦਾ ਮਾਲਕ ਆਮ ਤੌਰ 'ਤੇ ਮਰਦ ਨੂੰ ਗਿਣਿਆ ਜਾਂਦਾ ਹੈ। ਘਰ ਦੀ ਜ਼ਮੀਨ, ਜਾਇਦਾਦ ਉਸੇ ਦੇ ਨਾਮ ਰਹਿੰਦੀ ਹੈ। ਕਮਾਊ ਦੇ ਤੌਰ 'ਤੇ ਕਮਾਊ ਪੁੱਤ ਦਾ ਨਾਮ ਗਿਣਿਆ ਜਾਂਦਾ ਹੈ, ਹਾਲਾਂਕਿ ਇਸ ਸਮੇਂ ਲੜਕੀਆਂ ਵੀ ਵੱਖੋ-ਵੱਖ ਖੇਤਰਾਂ 'ਚ ਨੌਕਰੀਆਂ ਕਰਨ ਲੱਗੀਆਂ ਹਨ। ਪਰ ਸਮਾਜ ਵਿਸ਼ੇਸ਼ ਦੀ ਰੀਤੀ ਰਿਵਾਜਾਂ ਵਿੱਚ ਔਰਤਾਂ ਨੂੰ ਕਿੰਨੀ ਕੁ ਬਰੋਬਰੀ ਮਿਲੀ ਹੋਈ ਹੈ? ਰੀਤੀ ਰਿਵਾਜ ਘਰ ਅਤੇ ਸਮਾਜਕ ਸਭਿਆਚਾਰ ਨੂੰ ਦਰਸਾਉਂਦੇ ਹਨ। ਭਰਾ ਦੇ ਗੁੱਟ ਤੇ ਬੰਨ੍ਹੀ ਰੱਖੜੀ ਪਿਆਰ ਨਾਲੋਂ ਵੱਧ ਭੈਣ ਵਲੋਂ ਭਰਾ ਤੋਂ ਸੁਰੱਖਿਆ ਮੰਗਣ ਦਾ ਸਾਧਨ ਮੰਨੀ ਜਾਂਦੀ ਹੈ। ਸਮਾਜ ਵਿੱਚ ਲੜਕੀ, ਲੜਕੇ ਜਾਂ ਔਰਤ ਨਾਲ ਘਰ ਜਾਂ ਸਮਾਜ ਵਿੱਚ ਵਿਤਕਰਾ ਵੇਖਣ ਨੂੰ ਮਿਲਦਾ ਹੈ। ਜੇਕਰ ਹੱਕ ਬਰਾਬਰ ਹੋਣ ਤਾਂ ਫਿਰ ਸਮਾਜ ਵਿੱਚ ਔਰਤ ਮਰਦ ਦੇ ਬਰੋਬਰ ਦਾ ਸਹਿਕਰਮੀ ਹੈ।

ਸਮਾਜ ਵਿੱਚ ਜੋਨ-ਸੋਸ਼ਨ ਦੇ ਵੱਧ ਰਹੇ ਮਾਮਲੇ ਔਰਤਾਂ ਦੀ ਸੁਰੱਖਿਆ ਦੀ ਕੋਝੀ ਤਸਵੀਰ ਪੇਸ਼ ਕਰਦੇ ਹਨ। ਔਰਤਾਂ ਨਾਲ ਜੋਨ-ਸੋਸ਼ਣ ਹੁੰਦਾ ਹੈ, ਬਲਾਤਕਾਰ ਹੁੰਦਾ ਹੈ, ਔਰਤਾਂ ਦਾ ਦੇਹ ਵਪਾਰ ਕੀਤਾ ਜਾਂਦਾ ਹੈ, ਉਹਨਾ ਦਾ ਅਪਹਰਣ ਕੀਤਾ ਜਾਂਦਾ ਹੈ। ਇਹ ਘਟਨਾਵਾਂ ਦੇਸ਼ ਵਿੱਚ ਲਗਾਤਾਰ ਵੱਧ ਰਹੀਆਂ ਹਨ। ਛੋਟੀਆਂ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਦੀਆਂ ਘਟਨਾਵਾਂ ਨਾਲ ਦੇਸ਼ ਦਾ ਸਿਰ ਸ਼ਰਮ ਨਾਲ ਝੁਕਿਆ ਹੈ। ਦੁਨੀਆਂ ਵਿੱਚ ਦੇਸ਼ ਦਾ ਅਕਸ ਖਰਾਬ ਹੋਇਆ ਹੈ। ਇਹ ਘਟਨਾਵਾਂ ਕੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਮੱਥੇ ਉਤੇ ਕਲੰਕ ਨਹੀਂ ਹਨ?

ਵੱਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ ਦੇਸ਼ ਦੇ ਸਭਿਅਕ ਨਾਗਰਿਕਾਂ ਲਈ ਚਿੰਤਾ ਦਾ ਵਿਸ਼ਾ ਹਨ। ਸ਼ਹਿਰ ਤੋਂ ਲੈ ਕੇ ਪਿੰਡਾਂ ਤੱਕ ਗੈਰ-ਬਰਾਬਰੀ ਦਾ ਜਿਸ ਕਿਸਮ ਦਾ ਸਮਾਜ ਬਣ ਰਿਹਾ ਹੈ, ਉਸ ਵਿੱਚ ਪਸ਼ੂਪੁਣੇ ਉਤੇ ਕਾਬੂ ਪਾਉਣ ਦੇ ਬੰਧਨ ਟੁੱਟ ਰਹੇ ਹਨ। ਪਿੰਡਾਂ ਦੇ ਥਾਣਿਆਂ ਵਿੱਚ ਕਾਨੂੰਨ ਦਾ ਪਾਲਣ ਘੱਟ ਹੋ ਰਿਹਾ ਹੈ ਅਤੇ ਉਥੇ ਪ੍ਰਭਾਵੀ ਲੋਕਾਂ ਦਾ "ਚਲੋ ਛੱਡੋ, ਪਾਉ ਮਿੱਟੀ" ਵਾਲਾ ਕਾਰਕ ਅਸਰਦਾਇਕ ਹੋ ਰਿਹਾ ਹੈ। ਇਹੋ ਜਿਹੇ ਹਾਲਾਤਾਂ ਵਿੱਚ ਕੀ ਬਲਾਤਕਾਰ ਦੀਆਂ ਘਟਨਾਵਾਂ ਅਤੇ ਜੋਨ ਹਿੰਸਾ ਨੂੰ ਸਿਰਫ ਕਾਨੂੰਨ ਬਣਾਕੇ ਖਤਮ ਕੀਤਾ ਜਾ ਸਕਦਾ ਹੈ?

ਸਰਕਾਰ ਨੇ ਬਾਰਾਂ ਸਾਲ ਦੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਵਾਲੇ ਨੂੰ ਮੌਤ ਦੀ ਸਜਾ ਦੇਣ ਦਾ ਕਾਨੂੰਨ ਪਾਸ ਕਰ ਦਿੱਤਾ ਹੈ। ਪਰ ਕੀ ਸਖ਼ਤ ਸਜਾਵਾਂ ਨਾਲ ਬਲਾਤਕਾਰ ਰੁਕ ਸਕਣਗੇ? ਜ਼ੋਨ-ਸੋਸ਼ਣ ਦਾ ਵਰਤਾਰਾ ਖਤਮ ਹੋ ਸਕੇਗਾ? ਸਰਕਾਰ ਨੂੰ ਇਹ ਗੱਲ ਮੰਨ ਕੇ ਚਲਣੀ ਹੋਵੇਗੀ ਕਿ ਦੇਸ਼ ਵਿੱਚ ਔਰਤਾਂ ਦੇ ਮਨਾਂ 'ਚ ਅਸੁਰੱਖਿਅਤ ਦੀ ਭਾਵਨਾ ਵੱਧ ਰਹੀ ਹੈ। ਬਿਲਕੁਲ ਉਵੇਂ ਹੀ ਜਿਵੇਂ ਦੇਸ਼ 'ਚ ਘੱਟ ਗਿਣਤੀ ਲੋਕਾਂ ਦੇ ਮਨਾਂ 'ਚ ਅਸੁਰੱਖਿਆ ਵੱਧ ਰਹੀ ਹੈ। ਔਰਤਾਂ ਦੀ ਸੁਰੱਖਿਆ ਲਈ ਉਹਨਾ ਦੀ ਚੰਗੀ ਸਿਹਤ, ਬਰਾਬਰ ਦੇ ਹੱਕਾਂ, ਆਰਥਿਕ ਆਜ਼ਾਦੀ ਲਈ ਵਿਸ਼ੇਸ਼ ਉਪਰਾਲੇ ਕਰਨੇ ਹੀ ਪੈਣਗੇ। ਔਰਤਾਂ ਨਾਲ ਬਲਾਤਕਾਰਾਂ, ਜੋਨ-ਸੋਸ਼ਨ, ਅਪਹਰਣ, ਦੇਹ ਵਪਾਰ ਦੇ ਵਰਤਾਰੇ ਨੂੰ ਸਿਰਫ ਸਰਕਾਰੀ ਯਤਨਾਂ ਉਤੇ ਨਹੀਂ ਛੱਡਿਆ ਜਾ ਸਕਦਾ, ਸਮਾਜ ਸੁਧਾਰਕਾਂ, ਬੁੱਧੀਜੀਵੀਆਂ, ਮਨੋਚਕਿਤਸਕਾਂ, ਸਾਹਿਤਕਾਰਾਂ ਨੂੰ ਸਿਰ ਜੋੜਕੇ ਇਸ ਸਮਾਜਕ ਵਿਚਾਰ ਨੂੰ ਖਤਮ ਕਰਨ ਲਈ ਯਤਨ ਕਰਨੇ ਪੈਣਗੇ, ਨਹੀਂ ਤਾਂ ਦੁਨੀਆਂ ਦੀ ਨਜ਼ਰ ਵਿੱਚ ਭਾਰਤ ਹੋਰ ਵੀ ਘਿਨਾਉਣਾ ਬਣਿਆ ਦਿਸੇਗਾ।

# ਕੀ ਪੰਜਾਬ ਦੀ ਸਿਆਸਤ ’ਚ ਜੱਟਾਂ ਦਾ ਦਬਦਬਾ ਕਾਇਮ ਰਹੇਗਾ?



ਡਾ. ਹਰਜਿੰਦਰ ਵਾਲੀਆ
91-98723-14380

ਨਵੰਬਰ 1966 ਵਿਚ ਪੰਜਾਬੀ ਸੂਬੇ ਦੀ ਸਥਾਪਨਾ ਨਾਲ ਪੰਜਾਬ ਦੀ ਸਿਆਸਤ ਵਿਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲੀਆਂ। ਪੰਜਾਬ ਦੇ ਪੁਨਰ ਗਠਨ ਤੋਂ ਬਾਅਦ ਜਿੱਥੇ ਪੰਜਾਬ, ਭਾਰਤ ਦਾ ਇਕੋ ਇਕ ਸਿੱਖ ਬਹੁਗਿਣਤੀ ਵਾਲਾ ਸੂਬਾ ਬਣਿਆ, ਉਥੇ ਪੰਜਾਬ ਵਿਧਾਨ ਸਭਾ ਵਿਚ ਵੀ ਸਿੱਖ ਨੇਤਾਵਾਂ ਦਾ ਬੋਲਬਾਲਾ ਹੋ ਗਿਆ। ਪੰਜਾਬ ਦੀ ਰਾਜਨੀਤੀ ਵਿਚ ਜੱਟਾਂ ਦੇ ਦਬਦਬੇ ਦੀ ਹਕੀਕਤ ਨੂੰ ਸਮਝਣ ਲਈ ਪੰਜਾਬ ਅਸੈਂਬਲੀ ਵਿਚ ਪਹੁੰਚੇ ਮੈਂਬਰਾਂ ਦੀ ਗਿਣਤੀ ਨੂੰ ਵੇਖਣਾ ਹੋਵੇਗਾ। ਸਾਲ 1977 ਵਿਚ ਕੁੱਲ 51 ਜੱਟ ਵਿਧਾਇਕ ਵਿਧਾਨ ਸਭਾ ਵਿਚ ਪਹੁੰਚੇ ਸਨ। ਸਾਲ 1980 ਵਿਚ 49, 1985 ਵਿਚ 53, 1992 ਵਿਚ 41, 1997 ਵਿਚ 52 ਅਤੇ 2002 ਵਿਚ 48 ਜੱਟ ਸਿੱਖ ਐਮ. ਐਲ. ਏ. ਸਨ। ਸਾਲ 2007 ਦੀ ਅਸੈਂਬਲੀ ਵਿਚ 50 ਦੇ ਕਰੀਬ ਜੱਟ ਵਿਧਾਇਕ ਸਨ ਅਤੇ ਇਸੇ ਤਰ੍ਹਾਂ ਸਾਲ 2012 ਦੀ ਵਿਧਾਨ ਸਭਾ ਵਿਚ 43 ਜੱਟ ਵਿਧਾਇਕ ਹਨ। ਉਕਤ ਤੱਥ ਸਾਲ 1997 ਤੋਂ 2012 ਤੱਕ ਚੁਣੀਆਂ ਗਈਆਂ ਸਾਰੀਆਂ ਅਸੈਂਬਲੀਆਂ ਵਿਚ ਜੱਟਾਂ ਦੀ ਗਿਣਤੀ ਹੋਰਾਂ ਜਾਤਾਂ ਮੁਕਾਬਲੇ ਜ਼ਿਆਦਾ ਸਪਸ਼ਟ ਕਰਦੇ ਹਨ। ਇਉਂ ਵਿਧਾਨਕ ਲੀਡਰਸ਼ਿਪ ਵਿਚ ਜੱਟ ਸਿੱਖਾਂ ਦੀ ਗਿਣਤੀ 35 ਫੀਸਦੀ ਤੋਂ 47 ਫੀਸਦੀ ਦੇ ਵਿਚਕਾਰ ਰਹੀ ਹੈ। 1992 ਦੀਆਂ ਵਿਧਾਨ ਸਭਾ ਚੋਣਾਂ ਵਿਚ ਜੱਟਾਂ ਦੀ ਪ੍ਰਤੀਨਿਧਤਾ ਬਹੁਤ ਘੱਟ ਸੀ। ਇਸ ਦਾ ਮੁੱਖ ਕਾਰਨ ਅਕਾਲੀ ਦਲ ਦੇ ਵੱਖ ਵੱਖ ਗੁੱਟਾਂ ਵੱਲੋਂ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਜਾਣਾ ਸੀ। ਜੱਟ ਸਿੱਖਾਂ ਤੋਂ ਬਾਅਦ ਦੂਜੇ ਨੰਬਰ ਉਤੇ ਪੰਜਾਬ ਦੀ ਵਿਧਾਨਕ ਲੀਡਰਸ਼ਿਪ ਵਿਚ ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ ਰਹੀ ਹੈ ਕਿਉਂਕਿ ਪੰਜਾਬ ਅਸੈਂਬਲੀ ਵਿਚ ਅਨੁਸੂਚਿਤ ਜਾਤੀਆਂ ਦਾ ਰਾਖਵਾਂਕਰਨ ਉਹਨਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਹੈ ਅਤੇ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਜਨਸੰਖਿਆ ਦੇਸ਼ ਵਿਚ ਸਭ ਤੋਂ ਵੱਧ ਹੈ। ਪੰਜਾਬ ਵਿਧਾਨ ਸਭਾ ਵਿਚ ਅਨੁਸੂਚਿਤ ਜਾਤੀਆਂ ਦੀ ਅਨੁਪਾਤਕ ਪ੍ਰਤੀਨਿਧਤਾ 25.7 ਫੀਸਦੀ ਰਹੀ ਹੈ। ਪੰਜਾਬ ਦੀ ਹਰ ਅਸੈਂਬਲੀ ਵਿਚ 30 ਜਾਂ 29 ਨੁਮਾਇੰਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੁੰਦੇ ਹਨ। ਉਚ ਜਾਤੀਆਂ, ਜਿਨ੍ਹਾਂ ਵਿਚ ਬ੍ਰਾਹਮਣ, ਖੱਤਰੀ, ਬਾਣੀਆ ਅਤੇ ਰਾਜਪੂਤ ਆਦਿ ਸ਼ਾਮਲ ਹਨ, ਦੀ ਪੰਜਾਬ ਅਸੈਂਬਲੀ ਵਿਚ ਪ੍ਰਤੀਨਿਧਤਾ 10-12 ਫੀਸਦੀ ਹੁੰਦੀ ਹੈ ਜਦੋਂ ਕਿ ਪੰਜਾਬ ਦੀ ਕੁੱਲ ਵਸੋਂ ਦੇ ਇਹ 20 ਫੀਸਦੀ ਹਨ। ਇਸ ਤਰ੍ਹਾਂ ਪੰਜਾਬ ਦੀ ਵਿਧਾਨਕ ਲੀਡਰਸ਼ਿਪ ਵਿਚ ਪੱਛੜੀਆਂ ਜਾਤੀਆਂ ਦੀ ਪ੍ਰਤੀਨਿਧਤਾ ਸਾਰੀਆਂ ਹੀ ਅਸੈਂਬਲੀਆਂ ਵਿਚ ਬਹੁਤ ਘੱਟ ਰਹੀ ਹੈ। ਉਂਝ ਇਹ ਪੰਜਾਬ ਦੀ ਕੁੱਲ ਆਬਾਦੀ ਦਾ 22 ਫੀਸਦੀ ਹਨ। ਇਨ੍ਹਾਂ ਦੀ ਵਿਧਾਨ ਸਭਾ ਵਿਚ ਪ੍ਰਤੀਨਿਧਤਾ 9 ਫੀਸਦੀ ਤੱਕ ਰਹੀ ਹੈ। ਮਲੇਰਕੋਟਲਾ ਵਿਧਾਨ ਸਭਾ ਹਲਕਾ ਅਜਿਹਾ ਹੈ, ਜਿੱਥੋਂ ਹਮੇਸ਼ਾ ਮੁਸਲਮਾਨ ਵਿਅਕਤੀ ਹੀ ਪੰਜਾਬ ਵਿਧਾਨ ਸਭਾ ਵਿਚ ਪਹੁੰਚਦਾ ਹੈ।

ਪੰਜਾਬ ਦੀ ਸਿਆਸਤ ਵਿਚ ਜੱਟਾਂ ਦੀ ਪ੍ਰਮੁੱਖਤਾ ਦਾ ਦੂਜਾ ਸਬੂਤ ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀਆਂ ਦੀ ਸੂਚੀ ਤੋਂ ਮਿਲਦਾ ਹੈ। 8 ਮਾਰਚ 1955 ਤੋਂ 22 ਨਵੰਬਰ 1957 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ ਜਸਟਿਸ ਗੁਰਨਾਮ ਸਿੰਘ ਕਿਲਾ ਰਾਏਪੁਰ ਦੇ ਗਰੇਵਾਲ ਜੱਟ ਸਨ। ਜਸਟਿਸ ਗੁਰਨਾਮ ਸਿੰਘ 8 ਮਾਰਚ 1967 ਤੋਂ 24 ਨਵੰਬਰ 1967 ਤੱਕ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਸ. ਲਛਮਣ ਸਿੰਘ ਗਿੱਲ 25 ਨਵੰਬਰ 1967 ਤੋਂ 28 ਅਗਸਤ 1968 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸ. ਪ੍ਰਕਾਸ਼ ਸਿੰਘ ਬਾਦਲ ਜੋ ਢਿੱਲੋਂ ਗੋਤ ਦੇ ਜੱਟ ਹਨ, 27 ਮਾਰਚ 1970 ਤੋਂ 14 ਜੂਨ 1971 ਤੱਕ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਫਿਰ 26 ਜੂਨ 1977 ਤੋਂ 17 ਫਰਵਰੀ 1980 ਤੱਕ ਉਹ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਕਾਂਗਰਸ ਦੇ ਸ. ਦਰਬਾਰਾ ਸਿੰਘ 7 ਜੂਨ 1980 ਤੋਂ 6 ਅਕਤੂਬਰ 1983 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸ. ਦਰਬਾਰਾ ਸਿੰਘ ਜੌਹਲ ਗੋਤ ਦੇ ਜੱਟ ਸਨ। ਸ. ਸੁਰਜੀਤ ਸਿੰਘ ਬਰਨਾਲਾ ਜੋ ਧਾਲੀਵਾਲ ਜੱਟ ਹਨ, 29 ਸਤੰਬਰ 1985 ਤੋਂ 11 ਮਈ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਪਾਇਲ ਵਿਧਾਨ ਸਭਾ ਹਲਕੇ ਨਾਲ ਸਬੰਧਤ ਸ. ਬੇਅੰਤ ਸਿੰਘ 24 ਫਰਵਰੀ 1992 ਤੋਂ 31 ਅਗਸਤ 1995 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਉਹ ਝੱਜ ਗੋਤ ਦੇ ਜੱਟ ਸਨ। ਹਰਚਰਨ ਸਿੰਘ ਬਰਾੜ 1995 ਵਿਚ ਪੰਜਾਬ ਦੇ ਮੁੱਖ ਮੰਤਰੀ ਰਹੇ। ਰਾਜਿੰਦਰ ਕੌਰ ਭੱਠਲ 21 ਨਵੰਬਰ 1996 ਤੋਂ 11 ਫਰਵਰੀ 1997 ਤੱਕ ਪੰਜਾਬ ਦੇ ਪਹਿਲੀ ਮਹਿਲਾ ਮੁੱਖ ਮੰਤਰੀ ਰਹੇ। 12 ਫਰਵਰੀ 1997 ਤੋਂ 26 ਫਰਵਰੀ 2002 ਤੱਕ ਸ. ਪ੍ਰਕਾਸ਼ ਸਿੰਘ ਬਾਦਲ ਤੀਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਫੂਲਕੀਆ ਰਿਆਸਤ ਨਾਲ ਸਬੰਧਤ ਕੈਪਟਨ ਅਮਰਿੰਦਰ ਸਿੰਘ ਸਾਲ 2002 ਤੋਂ 2007 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। 2007 ਤੋਂ ਲੈ ਕੇ ਅਗਲੀਆਂ ਦੋ ਵਾਰੀਆਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਹਿੱਸੇ ਆਈਆਂ ਹਨ। ਇਹਨਾਂ ਵਰ੍ਹਿਆਂ ਦੌਰਾਨ ਸਿਰਫ ਇਕ ਹੀ ਗੈਰ ਜੱਟ ਮੁੱਖ ਮੰਤਰੀ ਬਣਿਆ, ਜੋ ਰਾਮਗੜ੍ਹੀਆ ਗਿਆਨੀ ਜ਼ੈਲ ਸਿੰਘ ਸੀ। ਉਹ 17 ਮਾਰਚ 1972 ਤੋਂ 30 ਅਪ੍ਰੈਲ 1977 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸਿਆਸੀ ਟਿੱਪਣੀਕਾਰ ਵੀ ਅਕਸਰ ਇਹ ਕਹਿੰਦੇ ਸੁਣੇ ਗਏ ਹਨ ਕਿ ਪੰਜਾਬ ਦਾ ਉਹੀ ਲੀਡਰ ਕਾਮਯਾਬ ਹੋਵੇਗਾ ਜੋ ਜੱਟ ਸਿੱਖ ਹੋਵੇਗਾ।

ਗੁਰਦੁਆਰਾ ਸੁਧਾਰ ਲਹਿਰ ਵਿਚੋਂ 1920 ਵਿਚ ਜਨਮੀ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿਚ ਹਮੇਸ਼ਾ ਜੱਟ ਸਿੱਖਾਂ ਦਾ ਬੋਲਬਾਲਾ ਰਿਹਾ ਹੈ। ਧਰਮ ’ਤੇ ਆਧਾਰਿਤ ਇਕ ਪਾਰਟੀ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਬਾਕੀ ਪਾਰਟੀਆਂ ਨਾਲੋਂ ਵੱਖਰੀ ਅਤੇ ਅਨੋਖੀ ਹੈ। ਇਹ ਪਾਰਟੀ ਧਰਮ ਅਤੇ ਰਾਜਨੀਤੀ ਨੂੰ ਵੱਖ ਨਹੀਂ ਮੰਨਦੀ ਸਗੋਂ ਦੋਵਾਂ ਦੇ ਸੁਮੇਲ ਵਿਚ ਵਿਸ਼ਵਾਸ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਬਹੁਤਾ ਅਸਰ ਪਿੰਡਾਂ ਵਿਚ ਹੈ ਅਤੇ ਪਿੰਡਾਂ ਵਿਚ ਉਸ ਦਾ ਪ੍ਰਭਾਵ ਹੋਣਾ ਸੁਭਾਵਿਕ ਹੈ। ਪੰਜਾਬ ਦੀ ਦੂਜੀ ਰਾਜਨੀਤਿਕ ਪਾਰਟੀ ਕਾਂਗਰਸ ਹੈ। ਪੰਜਾਬ ਦੀ ਕਾਂਗਰਸ ਪਾਰਟੀ ਕੌਮੀ ਪੱਧਰ ਦੀ ਨੈਸ਼ਨਲ ਕਾਂਗਰਸ ਪਾਰਟੀ ਦੀ ਇਕ ਇਕਾਈ ਹੈ। ਕਿਸੇ ਸਮੇਂ ਆਜ਼ਾਦੀ ਦੀ ਲੜਾਈ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਰਲ ਕੇ ਹਿੱਸਾ ਲਿਆ ਸੀ। 1935 ਦੇ ਐਕਟ ਅਧੀਨ 1936 ਵਿਚ ਹੋਈਆਂ ਪੰਜਾਬ ਅਸੈਂਬਲੀ ਚੋਣਾਂ ਇਸ ਨੇ ਕਾਂਗਰਸ ਨਾਲ ਮਿਲ ਕੇ ਲੜੀਆਂ ਅਤੇ 175 ਮੈਂਬਰਾਂ ਵਾਲੀ ਪੰਜਾਬ ਵਿਧਾਨ ਸਭਾ ਵਿਚ ਸਿੱਖਾਂ ਲਈ ਰਿਜ਼+ਵ 32 ਸੀਟਾਂ ਵਿਚੋਂ 10 ਸੀਟਾਂ ਹਾਸਲ ਕੀਤੀਆਂ। ਇਸ ਤੋਂ ਬਾਅਦ 1946 ਵਿਚ ਹੋਈਆਂ ਚੋਣਾਂ ਵੀ ਇਸ ਨੇ ਕਾਂਗਰਸ ਦੇ ਸਹਿਯੋਗ ਨਾਲ ਲੜੀਆਂ ਅਤੇ ਸਿੱਖਾਂ ਲਈ ਰਿਜ਼ਰਵ 32 ਸੀਟਾਂ ਵਿਚੋਂ 23 ਸੀਟਾਂ ਹਾਸਲ ਕੀਤੀਆਂ। ਦੇਸ਼ ਦੀ ਆਜ਼ਾਦੀ ਤੋਂ ਬਾਅਦ 1950 ਵਿਚ ਅਕਾਲੀ ਦਲ ਨੇ ਕਾਂਗਰਸ ਨਾਲੋਂ ਆਪਣਾ ਨਾਤਾ ਤੋੜ ਲਿਆ। ਇਉਂ ਮੁਢਲੇ ਦੌਰ ਦੀ ਸਿਆਸਤ ਵਿਚ ਅਕਾਲੀ ਦਲ ਅਤੇ ਕਾਂਗਰਸ ਦੀ ਲੀਡਰਸ਼ਿਪ ਵਿਚ ਬਹੁਤਾ ਫਰਕ ਨਹੀਂ ਸੀ ਅਤੇ ਕਾਂਗਰਸ ਤੇ ਅਕਾਲੀਆਂ ਦਾ ਜਾਤੀ ਆਧਾਰ ਵੀ ਇਕੋ ਜਿਹਾ ਸੀ। ਕਾਂਗਰਸ ਇਕ ਨਿਰਪੱਖ ਪਾਰਟੀ ਹੋਣ ਕਾਰਨ ਇਸ ਵਿਚ ਹੌਲੀ-ਹੌਲੀ ਗੈਰ ਜੱਟਾਂ ਨੂੰ ਵੀ ਅਹਮ ਅਹੁਦੇ ਲਿਣ ਲੱਗੇ। 1951 ਵਿਚ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ ਯਤਨਾਂ ਸਦਕਾ ਹੋਂਦ ਵਿਚ ਆਈ ਜਨਸੰਘ 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਤਬਦੀਲ ਹੋ ਗਈ ਸੀ ।ਇਸ ਪਾਰਟੀ ਦਾ ਆਧਾਰ ਹਮੇਸ਼ਾ ਸ਼ਹਿਰੀ ਹਿੰਦੂਆਂ ਵਿਚ ਹੀ ਰਿਹਾ ਹੈ। ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ ਵਿਚ ਵੀ ਜੱਟ ਅਤੇ ਗੈਰ ਜੱਟ ਦਾ ਕੋਈ ਜ਼ਿਆਦਾ ਭੇਦਭਾਵ ਨਹੀਂ ਰਿਹਾ। ਆਮ ਆਦਮੀ ਪਾਰਟੀ ਦੀ ਉਮਰ ਭਾਵੇਂ ਬਹੁਤ ਘੱਟ ਹੈ ਪਰ ਇਸ ਪਾਰਟੀ ਵਿਚ ਜਾਤ ਆਧਾਰਿਤ ਸਿਆਸਤ ਹੁੰਦੀ ਨਹੀਂ ਲੱਗਦੀ। ਜੱਟ ਅਤੇ ਗੈਰ ਜੱਟ ਦੀ ਸਿਆਸਤ ਜ਼ਿਆਦਾਤਰ ਸ਼੍ਰੋਮਣੀ ਅਕਾਲੀ ਦਲ ਵਿਚ ਨਜ਼ਰ ਆਉਂਦੀ ਹੈ।

ਪੰਜਾਬੀ ਸਮਾਜ ਵਿਚ ਵੀ ਜੱਟਾਂ ਦੀ ਪ੍ਰਮੁੱਖਤਾ ਤੇ ਪ੍ਰਬੱਲਤਾ ਹੈ ਅਤੇ ਇਸ ਦਾ ਅਸਰ ਸਿਆਸਤ ’ਤੇ ਪੈਣਾ ਸੁਭਾਵਿਕ ਹੁੰਦਾ ਹੈ। ਪਿੰਡਾਂ ਦੀ ਕਿਸਾਨੀ ਆਧਾਰਿਤ ਆਰਥਿਕਤਾ ਵਿਚ ਬਾਕੀ ਜਾਤਾਂ ਸਿੱਧੇ ਜਾਂ ਅਸਿੱਧੇ ਤੌਰ ’ਤੇ ਕਿਸਾਨੀ ਜਾਂ ਜੱਟਾਂ ’ਤੇ ਨਿਰਭਰ ਕਰਦੀਆਂ ਹਨ। ਆਰਥਿਕ ਨਿਰਭਰਤਾ ਵੀ ਜੱਟਾਂ ਨੂੰ ਸਿਆਸੀ ਤੌਰ ’ਤੇ ਪ੍ਰਭਾਵਸ਼ਾਲੀ ਬਣਾਉਂਦੀ ਰਹੀ ਹੈ। ਪਰਿਵਾਰਵਾਦੀ ਸਿਆਸਤ ਵੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚ ਰਹੀ ਹੈ। ਇਉਂ ਸਿਆਸੀ ਪਰਿਵਾਰਾਂ ਦਾ ਗਲਬਾ ਕਾਇਮ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਵਰਗੀਆਂ ਸਿਆਸੀ ਪਾਰਟੀਆਂ ਪੰਜਾਬ ਵਿਚ ਆਪਣੇ ਪੈਰ ਜਮਾ ਰਹੀਆਂ ਹਨ। ਬਹੁਜਨ ਸਮਾਜ ਪਾਰਟੀ ਵਰਗੀ ਸਿਆਸੀ ਪਾਰਟੀ ਦੇਸ਼ ਵਿਚ ਜਾਤ ਆਧਾਰਿਤ ਸਿਆਸਤ ਰਾਹੀਂ ਦਲਿਤਾਂ ਨੂੰ ਜਾਗਰੂਕ ਕਰ ਰਹੀ ਹੈ। ਸਿੱਖਿਆ ਦੇ ਵਾਧੇ ਕਾਰਨ ਆਮ ਨੌਜਵਾਨ ਵੀ ਜਾਗਰੂਕ ਹੋ ਰਿਹਾ ਹੈ। ਸੋਸ਼ਲ ਮੀਡੀਆ ਵੀ ਇਸ ਪੱਖੋਂ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਕੀ ਅਜਿਹੇ ਹਾਲਾਤ ਵਿਚ ਪੰਜਾਬ ਦੀ ਸਿਆਸਤ ਵਿਚ ਜੱਟਾਂ ਦਾ ਗਲਬਾ ਕਾਇਮ ਰਹੇਗਾ?

## ਸਵੈ ਕਥਨ

# ਆਪਣੇ ਬਾਰੇ 'ਚ ਜ਼ਾਵੇਦ ਅਖ਼ਤਰ



ਕੇਹਰ ਸ਼ਰੀਫ
+49 173 3546050

ਲੋਕ ਜਦੋਂ ਆਪਣੇ ਬਾਰੇ 'ਚ ਲਿਖਦੇ ਹਨ ਤਾਂ ਸਭ ਤੋਂ ਪਹਿਲਾਂ ਇਹ ਦੱਸਦੇ ਹਨ ਕਿ ਉਹ ਕਿਹੜੇ ਸ਼ਹਿਰ ਦੇ ਰਹਿਣ ਵਾਲੇ ਹਨ। ਮੈਂ ਕਿਸ ਸ਼ਹਿਰ ਨੂੰ ਆਪਣਾ ਕਹਾਂ? ..... ਪੈਦਾ ਹੋਣ ਦਾ ਜ਼ੁਰਮ ਗਵਾਲੀਅਰ 'ਚ ਕੀਤਾ, ਹੋਸ਼ ਸੰਭਾਲਿਆ ਲਖਨਊ 'ਚ, ਪਹਿਲੀ ਵਾਰ ਹੋਸ਼ ਗੁਆਇਆ ਅਲੀਗੜ੍ਹ 'ਚ। ਫੇਰ ਭੋਪਾਲ ਵਿਚ ਰਹਿ ਕੇ ਕੁੱਝ ਹੁਸ਼ਿਆਰ ਹੋਇਆ, ਪਰ ਬੰਬਈ ਆ ਕੇ ਕਈ ਦੇਰ ਤੱਕ ਹੋਸ਼ ਟਿਕਾਣੇ ਰਹੇ, ਤਾਂ ਆਉ ਇੰਜ ਕਰਦੇ ਹਾਂ ਕਿ ਮੈਂ ਆਪਣੀ ਜ਼ਿੰਦਗੀ ਦਾ ਛੋਟਾ ਜਿਹਾ ਫਲੈਸ਼ ਬੈਕ ਬਣਾ ਲੈਂਦਾ ਹਾਂ। ਇਸ ਤਰ੍ਹਾਂ ਤੁਹਾਡਾ ਕੰਮ ਭਾਵ ਪੜ੍ਹਨਾ ਵੀ ਸੌਖਾ ਹੋ ਜਾਵੇਗਾ ਅਤੇ ਮੇਰਾ ਕੰਮ ਵੀ ਮਤਲਬ ਲਿਖਣਾ।

ਸ਼ਹਿਰ ਲਖਨਊ .... ਕਿਰਦਾਰ – ਮੇਰੇ ਨਾਨਾ, ਨਾਨੀ ਹੋਰ ਘਰ ਵਾਲੇ ਅਤੇ ਮੈਂ...... ਮੇਰੀ ਉਮਰ ਅੱਠ ਸਾਲ ਹੈ। ਪਿਤਾ ਬੰਬਈ ਵਿਚ ਹੈ, ਮਾਂ ਕਬਰ ਵਿਚ। ਦਿਨ ਭਰ ਘਰ ਦੇ ਵਿਹੜੇ ਵਿਚ ਆਪਣੇ ਛੋਟੇ ਭਰਾ ਨਾਲ ਕ੍ਰਿਕਟ ਖੇਡਦਾ ਹਾਂ। ਸ਼ਾਮ ਨੂੰ ਟਿਊਸ਼ਨ ਪੜ੍ਹਾਉਣ ਵਾਸਤੇ ਇਕ ਡਰਾਉਣੇ ਜਹੇ ਮਾਸਟਰ ਸਾਹਿਬ ਆਉਂਦੇ ਹਨ। ਉਨ੍ਹਾਂ ਨੂੰ ਪੰਦਰਾਂ ਰੁਪਏ ਮਹੀਨਾ ਦਿੱਤਾ ਜਾਂਦਾ ਹੈ (ਇਹ ਗੱਲ ਬਹੁਤ ਚੰਗੀ ਤਰ੍ਹਾਂ ਯਾਦ ਹੈ ਇਸ ਕਰਕੇ ਕਿ ਇਹ ਹਰ ਰੋਜ਼ ਦੱਸੀ ਜਾਂਦੀ ਹੈ)। ਸਵੇਰੇ ਖਰਚ ਕਰਨ ਵਾਸਤੇ ਅੱਧਾ ਆਨਾ ਅਤੇ ਸ਼ਾਮ ਨੂੰ ਇਕ ਆਨਾ ਦਿੱਤਾ ਜਾਂਦਾ ਹੈ। ਇਸ ਕਰਕੇ ਪੈਸਿਆਂ ਦੀ ਕੋਈ ਸਮੱਸਿਆ ਨਹੀਂ ਹੈ। ਸਵੇਰੇ ਰਾਮ ਜੀ ਲਾਲ ਬਾਣੀਏਂ ਦੀ ਦੁਕਾਨ ਤੋਂ ਰੰਗਦਾਰ ਗੋਲ਼ੀਆਂ ਖਰੀਦਦਾ ਹਾਂ ਅਤੇ ਸ਼ਾਮ ਨੂੰ ਸਾਹਮਣੇ ਫੁੱਟਪਾਥ 'ਤੇ ਰੇਹੜੀ ਲਾਉਣ ਵਾਲੇ ਭਾਗਵਤੀ ਦੀ ਚਾਟ 'ਤੇ ਆਨਾ ਖਰਚ ਕਰਦਾ ਹਾਂ। ਐਸ਼ ਹੀ ਐਸ਼ ਹੈ। ਸਕੂਲ ਖੁੱਲ ਗਏ ਹਨ। ਮੇਰਾ ਦਾਖਲਾ ਬੰਬਈ ਦੇ ਪ੍ਰਸਿੱਧ ਸਕੂਲ ਕਾਲਿਅਨ ਤਾਅਲੁਕੇਦਾਰ ਕਾਲਜ ਅੰਦਰ ਛੇਵੀਂ ਜਮਾਤ ਵਿਚ ਕਰਵਾ ਦਿੱਤਾ ਜਾਂਦਾ ਹੈ। ਪਹਿਲਾਂ ਇੱਥੇ ਸਿਰਫ ਜਗੀਰਦਾਰਾਂ (ਅਫਸਰਸ਼ਾਹਾਂ) ਦੇ ਪੁੱਤਰ ਪੜ੍ਹ ਸਕਦੇ ਸਨ। ਹੁਣ ਮੇਰੇ ਵਰਗੇ ਕਮਜਾਤਾਂ ਨੂੰ ਵੀ ਦਾਖਲਾ ਮਿਲ ਜਾਂਦਾ ਹੈ। ਹੁਣ ਵੀ ਬਹੁਤ ਮਹਿੰਗਾ ਸਕੂਲ ਹੈ...... ਮੇਰੀ ਫੀਸ ਸਤਾਰਾਂ ਰੁਪਏ ਮਹੀਨਾ ਹੈ (ਇਹ ਗੱਲ ਬਹੁਤ ਚੰਗੀ ਤਰ੍ਹਾਂ ਯਾਦ ਹੈ ਇਸ ਕਰਕੇ ਕਿ ਹਰ ਰੋਜ਼ .... ਛੱਡੋ ਪਰੇ)। ਮੇਰੀ ਜਮਾਤ ਵਿਚ ਕਈ ਬੱਚੇ ਘੜੀ ਬੰਨ੍ਹਦੇ ਹਨ। ਉਹ ਸਭ ਅਮੀਰ ਘਰਾਂ ਤੋਂ ਹਨ। ਉਨ੍ਹਾਂ ਕੋਲ ਕਿੰਨੇ ਵਧੀਆ ਵਧੀਆ ਸਵੈਟਰ ਹਨ। ਇਕ ਦੇ ਕੋਲ ਤਾਂ ਫਾਊਂਨਟੇਨ ਪੈੱਨ ਵੀ ਹਨ। ਇਹ ਬੱਚੇ ਅੱਧੀ ਛੁੱਟੀ ਵੇਲੇ ਸਕੂਲ ਦੀ ਕੈਨਟੀਨ ਤੋਂ ਅੱਠ ਆਨੇ ਵਾਲੀ ਚਾਕਲੇਟ ਖਰੀਦਦੇ ਹਨ (ਹੁਣ ਭਾਗਵਤੀ ਦੀ ਚਾਟ ਚੰਗੀ ਨਹੀਂ ਲਗਦੀ)। ਕੱਲ੍ਹ ਕਲਾਸ ਵਿਚ ਰਾਕੇਸ਼ ਕਹਿ ਰਿਹਾ ਸੀ ਉਹਦੇ ਡੈਡੀ ਨੇ ਕਿਹਾ ਹੈ ਕਿ ਉਹ ਉਹਨੂੰ ਪੜ੍ਹਨ ਲਈ ਇੰਗਲੈਂਡ ਭੇਜਣਗੇ। ਕੱਲ੍ਹ ਮੇਰਾ ਨਾਨਾ ਕਹਿ ਰਿਹਾ ਸੀ ...... ਓਹ ਕੰਮਬਖਤਾ! ਮੈਟ੍ਰਿਕ ਪਾਸ ਕਰ ਲੈ ਤਾਂ ਕਿਸੇ ਡਾਕਖਾਨੇ ਵਿਚ ਮੋਹਰਾਂ ਲਾਉਣ ਦੀ ਨੌਕਰੀ ਤਾਂ ਮਿਲ ਜਾਵੇਗੀ। ਇਸ ਉਮਰ ਵਿਚ ਜਦੋਂ ਬੱਚੇ ਇੰਜਣ ਡਰਾਈਵਰ ਬਣਨ ਦੇ ਸੁਪਨੇ ਦੇਖਦੇ ਹਨ, ਮੈਂ ਫੈਸਲਾ ਕੀਤਾ ਹੈ ਕਿ ਮੈਂ ਵੱਡਾ ਹੋ ਕੇ ਅਮੀਰ ਬਣਾਂਗਾ।

ਸ਼ਹਿਰ ਅਲੀਗੜ੍ਹ.... ਕਿਰਦਾਰ– ਮੇਰੀ ਮਾਸੀ, ਦੂਜੇ ਘਰ ਵਾਲੇ ਅਤੇ ਮੈਂ ....... ਮੇਰੇ ਛੋਟੇ ਭਰਾ ਨੂੰ ਲਖਨਊ ਵਿਚ ਨਾਨੇ ਦੇ ਘਰ ਹੀ ਰੱਖ ਲਿਆ ਗਿਆ ਹੈ ਅਤੇ ਮੈਂ ਆਪਣੀ ਮਾਸੀ ਦੇ ਹਿੱਸੇ ਆਇਆ ਹਾਂ ਜੋ ਹੁਣ ਅਲੀਗੜ੍ਹ ਆ ਗਈ ਹੈ। ਠੀਕ ਹੀ ਤਾਂ ਹੈ। ਦੋ ਅਨਾਥ ਬੱਚਿਆਂ ਨੂੰ ਕੋਈ ਇਕ ਪਰਿਵਾਰ ਵਿਚ ਤਾਂ ਨਹੀਂ ਰੱਖ ਸਕਦਾ। ਮੇਰੀ ਮਾਸੀ ਦੇ ਘਰ ਸਾਹਮਣੇ ਜਿੱਥੋਂ ਤੱਕ ਨਜ਼ਰ ਜਾਂਦੀ ਹੈ, ਮੈਦਾਨ ਹੈ। ਉਸ ਮੈਦਾਨ ਤੋਂ ਅੱਗੇ ਮੇਰਾ ਸਕੂਲ ਹੈ....... ਨੌਵੀਂ ਜਮਾਤ ਵਿਚ ਹਾਂ, ਉਮਰ ਚੌਦਾਂ ਸਾਲ ਹੈ। ਅਲੀਗੜ੍ਹ ਵਿਚ ਜਦੋਂ ਸਰਦੀ ਹੁੰਦੀ ਹੈ ਤਾਂ ਝੂਠ ਮੂਠ ਦੀ ਨਹੀਂ ਹੁੰਦੀ। ਪਹਿਲਾ ਘੰਟਾ ਸੱਤ ਵਜੇ ਹੁੰਦਾ ਹੈ। ਮੈਂ ਸਕੂਲ ਜਾ ਰਿਹਾ ਹਾਂ। ਸਾਹਮਣੇ ਤੋਂ ਚਾਕੂ ਦੀ ਧਾਰ ਵਰਗੀ ਤਿੱਖੀ ਤੇ ਠੰਢ੍ਹੀ ਹਵਾ ਆ ਰਹੀ ਹੈ। ਹੱਥ ਲਾ ਕੇ ਵੀ ਪਤਾ ਨਹੀਂ ਲਗਦਾ ਕਿ ਚਿਹਰਾ ਆਪਣੀ ਜਗ੍ਹਾ ਹੈ ਜਾਂ ਹਵਾ ਨੇ ਨੱਕ, ਕੰਨ੍ਹ ਕੱਟ ਦਿੱਤੇ ਹਨ। ਉਂਜ ਪੜ੍ਹਾਈ ਵਿਚ ਤਾਂ ਨੱਕ ਕੱਟਦੀ ਹੀ ਰਹਿੰਦੀ ਹੈ। ਪਤਾ ਨਹੀਂ ਕਿਵੇਂ। ਬਸ! ਪਾਸ ਹੋ ਜਾਂਦਾ ਹਾਂ। ਇਸ ਸਕੂਲ ਵਿਚ ਜਿਸ ਦਾ ਨਾਂ ਮਿੰਟੋ ਸਰਕਲ ਹੈ, ਮੇਰਾ ਦਾਖਲਾ ਕਰਵਾਉਂਦੇ ਹੋਏ ਮੇਰੇ ਮਾਸੜ ਨੇ ਟੀਚਰ ਨੂੰ ਕਿਹਾ...... ਇਹਦਾ ਖਿਆਲ ਰੱਖਿਉ, ਦਿਲ ਪੜ੍ਹਾਈ ਵਿਚ ਘੱਟ ਪਰ ਫਿਲਮੀ ਗਾਣਿਆਂ ਵਿਚ ਵੱਧ ਲਗਦਾ ਹੈ। ਦਲੀਪ ਕੁਮਾਰ ਦੀ ਉੜਨ ਖਟੋਲਾ, ਰਾਜ ਕਪੂਰ ਦੀ ਸ੍ਰੀ ਚਾਰ ਸੌ ਬੀਸ ਦੇਖ ਚੁੱਕਾ ਹਾਂ। ਬਹੁਤ ਸਾਰੇ ਫਿਲਮੀ ਗਾਣੇ ਯਾਦ ਹਨ। ਪਰ, ਘਰ ਵਿਚ ਇਹ ਫਿਲਮੀ ਗੀਤ ਗਾਉਣੇ ਤਾਂ ਕੀ ਸੁਣਨ ਦੀ ਵੀ ਮਨਾਹੀ ਹੈ। ਇਸ ਕਰਕੇ ਸਕੂਲ ਤੋਂ ਵਾਪਸ ਆਉਂਦੇ ਹੋਏ ਰਸਤੇ ਵਿਚ ਉੱਚੀ ਉੱਚੀ ਗਾਉਂਦਾ ਹਾਂ (ਮਾਫ ਕਰਨਾ ਜਾਣ ਵੇਲੇ ਤਾਂ ਇੰਨੀ ਠੰਢ ਹੁੰਦੀ ਸੀ ਕਿ ਸਿਰਫ ਪੱਕੇ ਰਾਗ ਹੀ ਗਾਏ ਜਾ ਸਕਦੇ ਸਨ)। ਮੇਰਾ ਸਕੂਲ ਯੂਨੀਵਰਸਿਟੀ ਏਰੀਏ ਵਿਚ ਹੀ ਹੈ। ਮੇਰੀ ਦੋਸਤੀ ਸਕੂਲ ਦੇ ਦੋ ਚਾਰ ਮੁੰਡਿਆਂ ਤੋਂ ਬਿਨਾਂ ਬਹੁਤੀ ਯੂਨੀਵਰਸਿਟੀ ਦੇ ਮੁੰਡਿਆਂ ਨਾਲ ਹੀ ਹੈ। ਮੈਨੂੰ ਵੱਡੇ ਮੁੰਡਿਆਂ ਵਾਂਗ ਹੋਟਲਾਂ ਵਿਚ ਬੈਠਣਾਂ ਚੰਗਾ ਲਗਦਾ ਹੈ। ਅਕਸਰ ਸਕੂਲ ਤੋਂ ਭੱਜ ਜਾਂਦਾ ਹਾਂ। ਸਕੂਲ ਤੋਂ ਸ਼ਿਕਾਇਤਾਂ ਆਉਂਦੀਆਂ ਹਨ। ਕਈ ਵਾਰ ਘਰ ਵਾਲਿਆਂ ਵਲੋਂ ਕਾਫੀ ਮਾਰ ਪਈ, ਪਰ ਕੋਈ ਫਰਕ ਨਹੀਂ ਪਿਆ। ਕੋਰਸ ਦੀਆਂ ਕਿਤਾਬਾਂ ਵਿਚ ਦਿਲ ਨਹੀਂ ਲੱਗਿਆ ਤਾਂ ਨਹੀਂ ਲੱਗਿਆ। ਪਰ ਨਾਵਲ ਬਹੁਤ ਪੜ੍ਹਦਾ ਹਾਂ। ਝਿੜਕਾਂ ਬਹੁਤ ਪੈਂਦੀਆਂ ਹਨ ਪਰ ਫੇਰ ਵੀ ਪੜ੍ਹਦਾ ਹਾਂ। ਮੈਨੂੰ ਸ਼ਿਅਰ ਬਹੁਤ ਯਾਦ ਹਨ। ਯੂਨੀਵਰਸਿਟੀ ਵਿਚ ਜਦੋਂ ਵੀ ਉਰਦੂ ਸ਼ਿਅਰਾਂ ਦਾ ਮੁਕਾਬਲਾ ਹੁੰਦਾ ਹੈ ਮੈਂ ਆਪਣੇ ਸਕੂਲ ਵਲੋਂ ਜਾਂਦਾ ਹਾਂ ਅਤੇ ਹਰ ਵਾਰ ਮੈਨੂੰ ਬਹੁਤ ਸਾਰੇ ਇਨਾਮ ਮਿਲਦੇ ਹਨ। ਯੂਨੀਵਰਸਿਟੀ ਦੇ ਸਾਰੇ ਮੁੰਡੇ–ਕੁੜੀਆਂ ਮੈਨੂੰ ਜਾਣਦੇ ਹਨ। ਮੁੰਡੇ ਮੈਨੂੰ ਜਾਣਦੇ ਹਨ ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਲੜਕੀਆਂ ਜਾਣਦੀਆਂ ਹਨ ਇਸ ਗੱਲ ਦੀ ਬਹੁਤੀ ਖੁਸ਼ੀ ਹੈ। ........

ਹੁਣ ਮੈਂ ਕੁੱਝ ਵੱਡਾ ਹੋ ਗਿਆ ਹਾਂ ...... ਮੈਂ ਪੰਦਰਾ ਸਾਲ ਦਾ ਹਾਂ ਅਤੇ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਲੜਕੀ ਨੂੰ ਖ਼ਤ ਲਿਖ ਰਿਹਾਂ। ਮੇਰਾ ਦੋਸਤ ਬਿੱਲੂ ਮੇਰੀ ਮੱਦਦ ਕਰਦਾ ਹੈ। ਅਸੀਂ ਦੋਵੇਂ ਮਿਲ ਕੇ ਇਹ ਖ਼ਤ ਲਿਖਦੇ ਹਾਂ। ਦੂਜੇ ਦਿਨ ਇਕ ਖਾਲੀ ਬੈਡਮਿੰਟਨ ਕੋਰਟ ਵਿਚ ਉਹ ਲੜਕੀ ਮੈਨੂੰ ਮਿਲਦੀ ਹੈ ਅਤੇ ਹੌਸਲਾ ਕਰਕੇ ਇਹ ਖ਼ਤ ਮੈਂ ਉਹਨੂੰ ਦੇ ਦਿੰਦਾ ਹਾਂ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਤੇ ਆਖਰੀ ਪ੍ਰੇਮ ਪੱਤਰ ਹੈ। (ਉਸ ਖਤ ਵਿਚ ਕੀ ਲਿਖਿਆ ਸੀ ਉਹ ਤਾਂ ਭੁੱਲ ਗਿਆ ਪਰ ਉਹ ਲੜਕੀ ਅੱਜ ਤੱਕ ਯਾਦ ਹੈ)। ਮੈਟ੍ਰਿਕ ਤੋਂ ਬਾਅਦ ਅਲੀਗੜ੍ਹ ਛੱਡ ਰਿਹਾ ਹਾਂ। ਮੇਰੀ ਮਾਸੀ ਬਹੁਤ ਰੋ ਰਹੀ ਹੈ ਅਤੇ ਮੇਰਾ ਮਾਸੜ ਉਹਨੂੰ ਚੁੱਪ ਕਰਵਾਉਣ ਵਾਸਤੇ ਉਹਨੂੰ ਕਹਿ ਰਿਹਾ ਹੈ ਕਿ ਤੂੰ ਤਾਂ ਇਵੇਂ ਰੋ ਰਹੀ ਏਂ ਜਿਵੇਂ ਇਹ ਭੋਪਾਲ ਨਹੀਂ ਵਾਰ ਫਰੰਟ (ਅੱਰ ਫ੍ਰੋਨਟ) 'ਤੇ ਜਾ ਰਿਹਾ ਹੋਵੇ। ਉਸ ਸਮੇਂ ਨਾ ਉਹ ਜਾਣਦੇ ਸਨ ਨਾ ਮੈਂ ਕਿ ਮੈਂ ਸੱਚ ਮੁੱਚ ਵਾਰ ਫਰੰਟ 'ਤੇ ਹੀ ਜਾ ਰਿਹਾ ਸੀ।

ਸ਼ਹਿਰ ਭੋਪਾਲ ...... ਕਿਰਦਾਰ..... ਅਣਗਿਣਤ ਮਿਹਰਬਾਨ, ਬਹੁਤ ਸਾਰੇ ਦੋਸਤ ਅਤੇ ਮੈਂ ...... ਅਲੀਗੜ੍ਹ ਤੋਂ ਬੰਬਈ ਜਾਂਦੇ ਹੋਏ ਮੇਰੇ ਬਾਪ ਨੇ ਮੈਨੂੰ ਭੋਪਾਲ ਜਾਂ ਇਉਂ ਕਹੋ ਅੱਧ–ਵਾਟੇ ਹੀ ਛੱਡ ਦਿੱਤਾ। ਕੁੱਝ ਦਿਨ ਆਪਣੀ ਮਤਰੇਈ ਮਾਂ ਦੇ ਘਰ ਵਿਚ ਰਿਹਾ। ਫੇਰ ਉਹ ਵੀ ਜਾਂਦਾ ਰਿਹਾ। ਸੈਫੀਆ ਕਾਲਜ ਵਿਚ ਪੜ੍ਹਦਾ ਹਾਂ ਅਤੇ ਦੋਸਤਾਂ ਦੇ ਸਹਾਰੇ ਰਹਿੰਦਾ ਹਾਂ। ਦੋਸਤ, ਜਿਨ੍ਹਾਂ ਦੀ ਲਿਸਟ ਬਨਾਉਣ ਬੈਠਾਂ ਤਾਂ ਟੈਲੀਫੋਨ ਡਾਇਰੈਕਟਰੀ ਤੋਂ ਮੋਟੀ ਕਿਤਾਬ ਬਣ ਜਾਵੇਗੀ। ਹੁਣ ਬੀ.ਏ ਦੇ ਦੂਜੇ ਸਾਲ ਵਿਚ ਹਾਂ। ਆਪਣੇ ਦੋਸਤ ਏਜਾਜ਼ ਦੇ ਨਾਲ ਰਹਿੰਦਾ ਹਾਂ। ਕਿਰਾਇਆ ਉਹ ਦਿੰਦਾ ਹੈ, ਮੈਂ ਤਾਂ ਬੱਸ ਰਹਿੰਦਾ ਹਾਂ। ਉਹ ਪੜ੍ਹਦਾ ਹੈ ਤੇ ਟਿਊਸ਼ਨ ਪੜ੍ਹਾ ਕੇ ਗੁਜ਼ਾਰਾ ਕਰਦਾ ਹੈ। ਸਾਰੇ ਦੋਸਤ ਉਹਨੂੰ ਮਾਸਟਰ ਕਹਿੰਦੇ ਹਨ ....... ਮਾਸਟਰ ਨਾਲ ਮੇਰਾ ਕਿਸੇ ਗੱਲੋਂ ਝਗੜਾ ਹੋ ਗਿਆ ਹੈ। ਗੱਲ–ਬਾਤ ਬੰਦ ਹੈ ਇਸ ਕਰਕੇ ਅਜ ਕਲ ਮੈਂ ਉਸ ਤੋਂ ਪੈਸੇ ਨਹੀਂ ਮੰਗਦਾ। ਸਾਹਮਣੇ ਦੀਵਾਰ ਨਾਲ ਟੰਗੀ ਹੋਈ ਉਸਦੀ ਪੈਂਟ ਵਿਚੋਂ ਕੱਢ ਲੈਂਦਾ ਹਾਂ ਜਾਂ ਉਹ ਬਿਨਾ ਮੇਰੇ ਨਾਲ ਗੱਲ ਕੀਤਿਆਂ ਮੇਰੇ ਸਰਹਾਣੇ ਇਕ–ਦੋ ਰੁਪਏ ਰੱਖਕੇ ਚਲਾ ਜਾਂਦਾ ਹੈ।

ਮੈਂ ਬੀ.ਏ ਫਾਈਨਲ ਵਿਚ ਹਾਂ। ਇਹ ਇਸ ਕਾਲਜ ਵਿਚ ਮੇਰਾ ਚੌਥਾ ਸਾਲ ਹੈ। ਕਦੇ ਫੀਸ ਨਹੀਂ ਦਿੱਤੀ ...... ਕਾਲਜ ਵਾਲਿਆਂ ਨੇ ਮੰਗੀ ਵੀ ਨਹੀਂ। ਇਹ ਸ਼ਾਇਦ ਸਿਰਫ ਭੋਪਾਲ ਵਿਚ ਹੀ ਹੋ ਸਕਦਾ ਹੈ।

ਕਾਲਜ ਦੇ ਕੰਪਾਊਡ ਵਿਚ ਇਕ ਖਾਲੀ ਕਮਰਾ, ਉਹ ਵੀ ਮੈਨੂੰ ਮੁਫਤ ਵਿਚ ਦੇ ਦਿੱਤਾ ਗਿਆ ਹੈ। ਜਦੋਂ ਕਲਾਸ ਖਤਮ ਹੋ ਜਾਂਦੀ ਹੈ ਤਾਂ ਮੈਂ ਕਿਸੇ ਕਲਾਸ ਰੂਮ ਵਿਚੋਂ ਦੋ ਬੈਂਚ ਚੁੱਕ ਕੇ ਇਸ ਕਮਰੇ ਵਿਚ ਰੱਖ ਲੈਂਦਾ ਹਾਂ ਅਤੇ ਉਨ੍ਹਾਂ 'ਤੇ ਆਪਣਾ ਬਿਸਤਰਾ ਵਿਛਾ ਲੈਂਦਾ ਹਾਂ। ਬਾਕੀ ਤਾਂ ਸਭ ਠੀਕ ਹੈ ਪਰ ਬੈਂਚਾਂ ਵਿਚ ਖਟਮਲ ਬਹੁਤ ਹਨ। ਜਿਸ ਹੋਟਲ ਵਿਚੋਂ ਉਧਾਰ ਖਾਂਦਾ ਸਾਂ ਉਹ ਮੇਰੇ ਵਰਗੇ ਮੁਫਤਖੋਰਾਂ ਨੂੰ ਉਧਾਰ ਖੁਆ ਖੁਆ ਕੇ ਬੰਦ ਹੋ ਗਿਆ ਹੈ। ਉਸ ਦੀ ਥਾਂ ਜੁੱਤੀਆਂ ਦੀ ਦੁਕਾਨ ਖੁੱਲ੍ਹ ਗਈ ਹੈ। ਹੁਣ ਕੀ ਖਾਵਾਂ ? ਬੀਮਾਰ ਹਾਂ, ਇਕੱਲਾ ਹਾਂ, ਤੇਜ ਬੁਖਾਰ ਹੈ, ਭੁੱਖ ਉਸ ਤੋਂ ਵੀ ਜ਼ਿਆਦਾ ਹੈ। ਕਾਲਜ ਦੇ ਦੋ ਲੜਕੇ ਜਿਨ੍ਹਾਂ ਨਾਲ ਮੇਰੀ ਮਾਮੂਲੀ ਹੀ ਜਾਣ–ਪਹਿਚਾਣ ਹੈ ਮੇਰੇ ਵਾਸਤੇ ਟਿਫਨ ਵਿਚ ਖਾਣਾ ਲੈ ਕੇ ਆਉਂਦੇ ਹਨ ...... ਮੇਰੀ ਦੋਹਾਂ ਨਾਲ ਕੋਈ ਦੋਸਤੀ ਨਹੀਂ ਹੈ, ਫੇਰ ਵੀ ..... ਅਜੀਬ ਬੇਵਕੂਫ ਹਨ। ਪਰ ਮੈਂ ਬਹੁਤ ਚਲਾਕ ਹਾਂ ਉਨ੍ਹਾਂ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ ਕਿ ਉਨ੍ਹਾਂ ਦੋਹਾਂ ਦੇ ਜਾਣ ਤੋਂ ਬਾਅਦ ਮੈਂ ਰੋਵਾਂਗਾ। ਮੈਂ ਠੀਕ ਹੋ ਜਾਂਦਾ ਹਾਂ। ਉਹ ਦੋਵੇਂ ਮੇਰੇ ਬਹੁਤ ਚੰਗੇ ਦੋਸਤ ਬਣ ਜਾਂਦੇ ਹਨ ..... ਮੈਨੂੰ ਕਾਲਜ ਵਿਚ ਡੀਬੇਟ ਵਿਚ ਹਿੱਸਾ ਲੈਣ ਦਾ ਸ਼ੌਕ ਹੋ ਗਿਆ ਹੈ। ਪਿਛਲੇ ਤਿੰਨ ਸਾਲ ਤੋਂ ਭੋਪਾਲ ਦੇ ਰੋਟਰੀ ਕਲੱਬ ਦੇ ਇਨਾਮ ਜਿੱਤ ਰਿਹਾ ਹਾਂ। ਇੰਟਰ ਕਾਲਜ ਡੀਬੇਟ ਵਿਚ ਬਹੁਤ ਸਾਰੀਆਂ ਸ਼ੀਲਡਾਂ ਮੈਂ ਜਿੱਤੀਆਂ ਹਨ। ਵਿਕਰਮ ਯੂਨੀਵਰਸਿਟੀ ਵਲੋਂ ਦਿੱਲੀ ਵਿਚ ਹੋਏ ਨੈਸ਼ਨਲ ਯੂਥ ਫੈਸਟੀਵਲ ਵਿਚ ਵੀ ਹਿੱਸਾ ਲਿਆ ਹੈ। ਕਾਲਜ ਵਿਚ ਦੋ ਪਾਰਟੀਆਂ ਹਨ ਅਤੇ ਚੋਣਾਂ ਵੇਲੇ ਦੋਵੇਂ ਪਾਰਟੀਆਂ ਮੈਨੂੰ ਆਪਣੇ ਵਲੋਂ ਬੋਲਣ ਲਈ ਕਹਿੰਦੀਆਂ ਹਨ ..... ਮੈਨੂੰ ਚੋਣਾਂ ਨਾਲ ਨਹੀਂ, ਸਿਰਫ ਬੋਲਣ ਨਾਲ ਮਤਲਬ ਹੈਂ ਇਸ ਕਰਕੇ ਮੈਂ ਦੋਵਾਂ ਪਾਸਿਆਂ ਵਲੋਂ ਭਾਸ਼ਣ ਕਰ ਦਿੰਦਾ ਹਾਂ।

ਕਾਲਜ ਦਾ ਇਹ ਕਮਰਾ ਵੀ ਜਾਂਦਾ ਰਿਹਾ। ਹੁਣ ਮੈਂ ਮੁਸ਼ਤਾਕ ਸਿੰਘ ਨਾਲ ਹਾਂ। ਮੁਸ਼ਤਾਕ ਸਿੰਘ ਨੌਕਰੀ ਕਰਦਾ ਤੇ ਪੜ੍ਹਦਾ ਹੈ। ਉਹ ਕਾਲਜ ਦੀ ਉਰਦੂ ਅਸੌਸੀਏਸ਼ਨ ਦਾ ਪ੍ਰਧਾਨ ਹੈ। ਮੈਂ ਬਹੁਤ ਚੰਗੀ ਉਰਦੂ ਜਾਣਦਾ ਹਾਂ, ਉਹ ਮੈਥੋਂ ਵੀ ਬਿਹਤਰ ਜਾਣਦਾ ਹੈ। ਮੈਨੂੰ ਅਣਗਿਣਤ ਸ਼ਿਅਰ ਯਾਦ ਹਨ , ਉਹਨੂੰ ਮੈਥੋਂ ਵੀ ਵੱਧ ਯਾਦ ਹਨ। ਮੈਂ ਆਪਣੇ ਘਰ ਵਾਲਿਆਂ ਤੋਂ ਅਲੱਗ ਹਾਂ । ਉਹਦੇ ਘਰ ਵਾਲੇ ਹੈ ਹੀ ਨਹੀਂ। ...... ਦੇਖੋ ਹਰ ਕੰਮ ਵਿਚ ਉਹ ਮੈਥੋਂ ਅੱਗੇ ਹੈ। ਸਾਲ ਭਰ ਤੋਂ ਉਹ ਮੇਰੇ ਨਾਲ ਦੋਸਤੀ ਖਾਣੇ ਅਤੇ ਕੱਪੜੇ 'ਤੇ ਹੀ ਨਿਭਾ ਰਿਹਾ ਹੈ ਭਾਵ ਖਾਣਾ ਵੀ ਖਵਾਉਂਦਾ ਹੈ ਅਤੇ ਕੱਪੜੇ ਵੀ ਉਹ ਹੀ ਸਵਾਉਂਦਾ ਹੈ। ਪੱਕਾ ਸਰਦਾਰ ਹੈ ਪਰ ਮੇਰੇ ਵਾਸਤੇ ਸਿਗਰਟਾਂ ਖਰੀਦਣੀਆਂ ਉਸਦੀ ਜ਼ੁੰਮੇਵਾਰੀ ਹੈ। ਹੁਣ ਮੈਂ ਕਦੇ–ਕਦਾਈਂ ਸ਼ਰਾਬ ਵੀ ਪੀਣ ਲੱਗਿਆ ਹਾਂ। ਅਸੀਂ ਦੋਵੇਂ ਰਾਤ ਨੂੰ ਬੈਠੇ ਸ਼ਰਾਬ ਪੀ ਰਹੇ ਹਾਂ। ਉਹ ਮੈਨੂੰ ਪਾਰਟੀਸ਼ਨ (ਦੇਸ਼ ਦੀ ਵੰਡ) ਅਤੇ ਉਸ ਜ਼ਮਾਨੇ ਦੇ ਦੰਗਿਆਂ ਦੇ ਕਿੱਸੇ ਸੁਣਾ ਰਿਹਾ ਹੈ। ਉਹ ਬਹੁਤ ਛੋਟਾ ਸੀ ਪਰ ਉਸ ਨੂੰ ਯਾਦ ਹੈ ਕਿ ਕਿਵੇਂ ਦਿੱਲੀ ਦੇ ਕਰੋਲ ਬਾਗ ਵਿਚ ਦੋ ਮੁਸਲਮਾਨ ਲੜਕੀਆਂ ਨੂੰ ਜਲਦੇ ਹੋਏ ਲੁੱਕ ਦੇ ਡਰੰਮ ਵਿਚ ਸੁੱਟ ਦਿੱਤਾ ਗਿਆ ਅਤੇ ਕਿਵੇਂ ਇਕ ਮੁਸਲਮਾਨ ਮੁੰਡੇ ਨੂੰ ..... ਮੈਂ ਉਹਨੂੰ ਕਿਹਾ .... "ਮੁਸ਼ਤਾਕ ਸਿੰਘ ! ਤੂੰ ਕੀ ਚਾਹੁੰਦਾ ਐਂ ਕਿ ਇਕ ਘੰਟੇ ਤੋਂ ਅਜਿਹੇ ਕਿੱਸੇ ਸੁਣਾ ਕੇ ਮੁਸਲਿਮ ਲੀਗੀ ਬਨਾਉਣ ਦੀ ਕੋਸ਼ਿਸ਼ ਕਰ ਰਿਹੈਂ। ਜ਼ੁਲਮ ਦੀ ਇਹ ਤਾੜੀ ਤਾਂ ਦੋਵਾਂ ਹੱਥਾਂ ਨਾਲ ਬੱਜੀ ਸੀ – ਹੁਣ ਫੇਰ ਦੂਜੇ ਪਾਸੇ ਦੀ ਵੀ ਕੋਈ ਵਾਰਦਾਤ ਸੁਣਾ।"

ਮੁਸ਼ਤਾਕ ਸਿੰਘ ਹੱਸਣ ਲਗਦਾ ਹੈ..... " ਚਲ! ਸੁਣਾ ਦਿੰਦਾ ਹਾਂ – ਜੱਗ ਬੀਤੀ ਸੁਣਾਵਾਂ ਜਾਂ ਆਪ ਬੀਤੀ" ਮੈਂ ਕਿਹਾ "ਆਪ ਬੀਤੀ" ਅਤੇ ਉਹ ਜਵਾਬ ਦਿੰਦਾ ਹੈ "ਮੇਰਾ ਗਿਆਰਾਂ ਜੀਆਂ ਦਾ ਖਾਨਦਾਨ ਸੀ, ਦਸ ਮੇਰੀਆਂ ਅੱਖਾਂ ਦੇ ਸਾਹਮਣੇ ਕਤਲ ਕਰ ਦਿੱਤੇ ਗਏ ਸਨ ........."

ਮੁਸ਼ਤਾਕ ਸਿੰਘ ਨੂੰ ਉਰਦੂ ਦੇ ਬਹੁਤ ਸਾਰੇ ਸ਼ਿਅਰ ਯਾਦ ਹਨ। ਮੈਂ ਮੁਸ਼ਤਾਕ ਸਿੰਘ ਦੇ ਕਮਰੇ ਵਿਚ ਇਕ ਸਾਲ ਤੋਂ ਰਹਿ ਰਿਹਾ ਹਾਂ। ਬਸ! ਇਕ ਗੱਲ ਸਮਝ ਵਿਚ ਨਹੀਂ ਆਉਂਦੀ "ਮੁਸ਼ਤਾਕ ਸਿੰਘ ਤੈਨੂੰ ਉਨ੍ਹਾਂ ਲੋਕਾਂ ਨੇ ਕਿਵੇਂ ਛੱਡ ਦਿੱਤਾ? ਤੇਰੇ ਵਰਗੇ ਭਲੇ ਲੋਕ ਕਿਸੇ ਜਾਤ ਕਿਸੇ ਮਜ਼੍ਹਬ ਵਿਚ ਪੈਦਾ ਹੋਣ ਹਮੇਸ਼ਾ ਸੂਲੀ 'ਤੇ ਚੜ੍ਹਾਏ ਜਾਂਦੇ ਹਨ – ਤੂੰ ਕਿਵੇਂ ਬਚ ਗਿਆ?

ਅਜ ਕਲ ਉਹ ਗਲਾਸਗੋ ਵਿਚ ਹੈ। ਜਦੋਂ ਅਸੀਂ ਇਕ ਦੂਜੇ ਤੋਂ ਵਿਛੜ ਰਹੇ ਸਾਂ ਤਾਂ ਮੈਂ ਉਸਦਾ ਕੜਾ ਉਸਤੋਂ ਲੈ ਕੇ ਪਹਿਨ ਲਿਆ ਸੀ ਅਤੇ ਉਹ ਅੱਜ ਤੱਕ ਮੇਰੀ ਬਾਂਹ ਵਿਚ ਹੈ ਅਤੇ ਜਦੋਂ ਵੀ ਉਹਦੇ ਬਾਰੇ ਸੋਚਦਾ ਹਾਂ ਤਾਂ ਅਜਿਹਾ ਲਗਦਾ ਹੈ ਕਿ ਉਹ ਮੇਰੇ ਸਾਹਮਣੇ ਹੈ ਅਤੇ ਕਹਿ ਰਿਹਾ ਹੈ:

ਬਹੁਤ ਨਾਕਾਮੀਉਂ ਪਰ ਆਪ ਅਪਨੀ ਨਾਜ਼ ਕਰਤੇ ਹੈਂ
ਅਭੀ ਦੇਖੀ ਕਹਾਂ ਹੈਂ ਆਪ ਨੇ ਨਾਕਾਮੀਆਂ ਮੇਰੀ

### ਸ਼ਹਿਰ ਬੰਬਈ ...... ਕਿਰਦਾਰ – ਫਿਲਮੀ ਇੰਡਸਟਰੀ, ਦੋਸਤ, ਦੁਸ਼ਮਣ ਅਤੇ ਮੈਂ


4 ਅਕਤੂਬਰ 1964 ਨੂੰ ਮੈਂ ਬੰਬਈ ਸੈਂਟਰਲ ਸਟੇਸ਼ਨ 'ਤੇ ਉਤਰਿਆ ਹਾਂ। ਹੁਣ ਇਸ ਅਦਾਲਤ ਵਿਚ ਮੇਰੀ ਜ਼ਿੰਦਗੀ ਦਾ ਫੈਸਲਾ ਹੋਣਾ ਹੈ। ਬੰਬਈ ਆਉਣ ਤੋਂ ਛੇ ਦਿਨ ਬਾਅਦ ਪਿਉ ਦਾ ਘਰ ਛੱਡਣਾ ਪੈਂਦਾ ਹੈ। ਜੇਬ ਵਿਚ 27 ਨਵੇਂ ਪੈਸੇ ਹਨ। ਮੈਂ ਖੁਸ਼ ਹਾਂ ਕਿ ਜ਼ਿੰਦਗੀ ਵਿਚ ਕਦੇ 28 ਨਵੇਂ ਪੈਸੇ ਵੀ ਜੇਬ ਵਿਚ ਆ ਗਏ ਤਾਂ ਮੈਂ ਫਾਇਦੇ ਵਿਚ ਰਵ੍ਹਾਂਗਾ ਅਤੇ ਦੁਨੀਆਂ ਘਾਟੇ 'ਚ।

ਬੰਬਈ ਵਿਚ ਦੋ ਸਾਲ ਲੰਘਣ ਨੂੰ ਹਨ, ਨਾ ਰਹਿਣ ਦਾ ਟਿਕਾਣਾ ਹੈ ਨਾ ਖਾਣ ਦਾ। ਉਂਜ ਤਾਂ ਇਕ ਛੋਟੀ ਜਹੀ ਫਿਲਮ ਵਿਚ 100 ਰੁਪਏ ਮਹੀਨੇ 'ਤੇ ਡਾਇਲਾਗ ਲਿਖ ਚੁੱਕਾ ਹਾਂ। ਕਦੀਂ ਕਿਧਰੇ ਅਸਿਸਟੈਂਟ ਬਣ ਜਾਂਦਾ ਹਾਂ, ਕਦੇ ਕੋਈ ਹੋਰ ਛੋਟਾ–ਮੋਟਾ ਕੰਮ ਮਿਲ ਜਾਂਦਾ ਹੈ। ਅਕਸਰ ਉਹ ਵੀ ਨਹੀਂ ਮਿਲਦਾ। ਦਾਦਰ ਇਕ ਪ੍ਰੋਡਿਊਸਰ ਦੇ ਦਫਤਰ ਆਪਣੇ ਪੈਸੇ ਲੈਣ ਆਇਆ ਹਾਂ ਜਿਸਨੇ ਮੈਥੋਂ ਆਪਣੀ ਫਿਲਮ ਦੇ ਕਾਮੇਡੀ ਸੀਨ ਲਿਖਵਾਏ ਸਨ। ਇਹ ਸੀਨ ਉਸ ਮਸ਼ਹੂਰ ਲੇਖਕ ਦੇ ਨਾਂ 'ਤੇ ਹੀ ਫਿਲਮ ਵਿਚ ਆਉਣਗੇ ਜਿਹੜਾ ਇਹ ਫਿਲਮ ਲਿਖ ਰਿਹਾ ਹੈ। ਦਫਤਰ ਬੰਦ ਹੈ। ਵਾਪਸ ਬਾਂਦਰਾ ਜਾਣਾ ਹੈ, ਜੋ ਕਾਫੀ ਦੂਰ ਹੈ। ਪੈਸੇ ਇੰਨੇ ਕੁ ਹੀ ਹਨ ਕਿ ਜਾਂ ਤਾਂ ਬੱਸ ਦਾ ਟਿਕਟ ਲੈ ਲਵਾਂ ਜਾਂ ਕੁੱਝ ਖਾ ਲਵਾਂ। ਪਰ ਫੇਰ ਪੈਦਲ ਜਾਣਾ ਪਵੇਗਾ। ਛੋਲੇ ਖਰੀਦ ਕੇ ਜੇਬ ਵਿਚ ਪਾਉਂਦਾ ਹਾਂ ਅਤੇ ਪੈਦਲ ਸਫਰ ਸ਼ੁਰੂ ਕਰਦਾ ਹਾਂ। ਕੋਹਿਨੂਰ ਮਿਲਜ਼ ਦੇ ਗੇਟ ਦੇ ਸਾਹਮਣਿਉਂ ਲੰਘਦੇ ਹੋਏ ਸੋਚਦਾ ਹਾਂ ਕਿ ਸ਼ਾਇਦ ਸਭ ਬਦਲ ਜਾਵੇ, ਪਰ ਇਹ ਗੇਟ ਤਾਂ ਰਹੇਗਾ। ਇਕ ਦਿਨ ਇਸ ਗੇਟ ਦੇ ਸਾਹਮਣੇ ਤੋਂ ਆਪਣੀ ਕਾਰ ਵਿਚ ਲੰਘਾਂਗਾ। ਇਕ ਫਿਲਮ ਵਿਚ ਡਾਇਲਾਗ ਲਿਖਣ ਦਾ ਕੰਮ ਮਿਲਿਆ ਹੈ। ਕੁੱਝ ਸੀਨ ਲਿਖ ਕੇ ਡਾਇਰੈਕਟਰ ਦੇ ਘਰ ਜਾਂਦਾ ਹਾਂ। ਉਹ ਬੈਠਾ ਨਾਸ਼ਤੇ ਵਿਚ ਅਨਾਨਾਸ ਖਾ ਰਿਹਾ ਹੈ। ਸੀਨ ਲੈ ਕੇ ਪੜ੍ਹਦਾ ਹੈ ਅਤੇ ਕਾਗਜ਼ ਮੇਰੇ ਮੂਹ 'ਤੇ ਵਗਾਹ ਮਾਰਦਾ ਹੈ ਅਤੇ ਫਿਲਮ ਤੋਂ ਬਾਹਰ ਕੱਢਦਾ ਹੋਇਆ ਕਹਿੰਦਾ ਹੈ ਕਿ ਮੈਂ ਜ਼ਿੰਦਗੀ ਵਿਚ ਕਦੇ ਵੀ ਲੇਖਕ ਨਹੀਂ ਬਣ ਸਕਦਾ। ਕੜਕਦੀ ਧੁੱਪ ਵਿਚ ਇਕ ਸੜਕ ਤੇ ਤੁਰਦੇ ਹੋਏ ਮੈਂ ਆਪਣੀ ਅੱਖ ਦੇ ਇਕ ਕੋਨੇ ਵਿਚ ਆਇਆ ਅਥਰੂ ਪੂੰਝਦਾ ਹਾਂ ਅਤੇ ਸੋਚਦਾ ਹਾਂ ਕਿ ਮੈਂ ਇਕ ਦਿਨ ਇਸ ਡਾਇਰੈਕਟਰ ਨੂੰ ਵਿਖਾਵਾਂਗਾ ਕਿ .... ਫੇਰ ਪਤਾ ਨਹੀਂ ਕਿਉਂ ਖਿਆਲ ਆਉਂਦਾ ਹੈ ਕਿ ਕੀ ਇਹ ਡਾਇਰੈਕਟਰ ਨਾਸ਼ਤੇ ਵਿਚ ਹਰ ਰੋਜ਼ ਹੀ ਅਨਾਨਾਸ ਖਾਂਦਾ ਹੋਵੇਗਾ।

ਰਾਤ ਦੇ ਸ਼ਾਇਦ ਦੋ ਬੱਜੇ ਹੋਣਗੇ। ਬੰਬਈ ਦੀ ਬਰਸਾਤ, ਲਗਦਾ ਹੈ ਕਿ ਅਸਮਾਨ ਤੋਂ ਸਮੁੰਦਰ ਬਰਸ ਰਿਹਾ ਹੈ। ਮੈਂ ਖਾਰ ਸਟੇਸ਼ਨ ਦੇ ਪੈਰਟੀਕੋ ਦੀਆਂ ਪੌੜੀਆਂ ਤੇ ਇਕ ਕਮਜ਼ੋਰ ਜਹੇ ਬਲਬ ਦੀ ਰੌਸ਼ਨੀ ਵਿਚ ਬੈਠਾ ਹਾਂ। ਨੇੜੇ ਹੀ ਜ਼ਮੀਨ 'ਤੇ ਇਸ 'ਨੇਰ੍ਹੀ–ਤੂਫਾਨ ਤੋਂ ਬੇਖਬਰ ਤਿੰਨ ਆਦਮੀ ਸੌਂ ਰਹੇ ਹਨ। ਦੂਰ ਖੂੰਜੇ ਵਿਚ ਭਿੱਜਿਆ ਹੋਇਆ ਇਕ ਕੁੱਤਾ ਕੰਬ ਰਿਹਾ ਹੈ। ਲਗਦਾ ਹੈ ਮੀਂਹ ਕਦੇ ਨਹੀਂ ਹਟੇਗਾ। ਦੂਰ ਤੱਕ ਖਾਲੀ, ਹਨੇਰੀਆਂ ਸੜਕਾਂ 'ਤੇ ਜ਼ੋਰਦਾਰ ਪਾਣੀ ਬਰਸ ਰਿਹਾ ਹੈ। ਖਾਮੋਸ਼ ਬਿਲਡਿੰਗਾਂ ਦੀਆਂ ਰੌਸ਼ਨੀਆਂ ਕਦੋਂ ਦੀਆਂ ਬੁਝ ਚੁੱਕੀਆਂ ਹਨ। ਲੋਕ ਆਪੋ–ਆਪਣੇ ਘਰਾਂ ਵਿਚ ਸੌਂ ਰਹੇ ਹੋਣਗੇ। ਇਸੇ ਸ਼ਹਿਰ ਵਿਚ ਮੇਰੇ ਬਾਪ ਦਾ ਵੀ ਘਰ ਹੈ। ਬੰਬਈ ਕਿੰਨਾ ਵੱਡਾ ਸ਼ਹਿਰ ਹੈ ਤੇ ਮੈਂ ਕਿੰਨਾ ਛੋਟਾ ਹਾਂ, ਜਿਵੇਂ ਕੁੱਝ ਵੀ ਨਾ ਹੋਵਾਂ। ਆਦਮੀ ਕਿੰਨੀ ਵੀ ਹਿੰਮਤ ਰੱਖੇ ਕਦੇ ਕਦੇ ਬਹੁਤ ਡਰ ਲਗਦਾ ਹੈ।

ਮੈਂ ਹੁਣ ਸਾਲ ਭਰ ਤੋਂ ਕਮਾਲ ਸਟੂਡੀਉ (ਜੋ ਹੁਣ ਨਟਰਾਜ ਸਟੂਡੀਉ ਹੈ) ਵਿਚ ਰਹਿੰਦਾ ਹਾਂ। ਕੰਪਾਊਡ ਵਿਚ ਕਿਧਰੇ ਵੀ ਸੌਂ ਜਾਂਦਾ ਹਾਂ। ਕਦੇ ਕਿਸੇ ਵਰਾਂਡੇ ਵਿਚ , ਕਦੇ ਕਿਸੇ ਦਰੱਖਤ ਦੇ ਥੱਲੇ, ਕਦੇ ਕਿਸੇ ਬੈਂਚ 'ਤੇ ਅਤੇ ਕਦੇ ਕਿਸੇ ਕਾਰੀਡੋਰ 'ਚ। ਇੱਥੇ ਮੇਰੇ ਵਰਗੇ ਹੋਰ ਕਈ ਬੇ–ਘਰ ਤੇ ਬੇਰੋਜ਼ਗਾਰ ਇਸੇ ਤਰ੍ਹਾਂ ਹੀ ਰਹਿੰਦੇ ਹਨ। ਉਨ੍ਹਾਂ ਵਿਚੋਂ ਹੀ ਇਕ ਜਗਦੀਸ਼ ਹੈ, ਉਹਦੇ ਨਾਲ ਮੇਰੀ ਚੰਗੀ ਦੋਸਤੀ ਹੋ ਜਾਂਦੀ ਹੈ। ਉਹ ਰੋਜ਼ ਇਕ ਨਵੀਂ ਤਰਕੀਬ ਸੋਚਦਾ ਹੈ ਕਿ ਅੱਜ ਖਾਣਾ ਕਿੱਥੋਂ ਤੇ ਕਿਵੇਂ ਮਿਲ ਸਕਦਾ ਹੈ। ਅੱਜ ਦਾਰੂ ਕੌਣ ਤੇ ਕਿਵੇਂ ਪਿਲਾ ਸਕਦਾ ਹੈ। ਜਗਦੀਸ਼ ਨੇ ਮਾੜੀ ਹਾਲਤ ਵਿਚ ਜੀਊਂਦੇ ਰਹਿਣ ਨੂੰ ਇਕ ਆਰਟ ਬਣਾ ਲਿਆ ਹੈ।

ਮੇਰੀ ਜਾਣ–ਪਹਿਚਾਣ ਅੰਧੇਰੀ ਸਟੇਸ਼ਨ ਦੇ ਨੇੜੇ ਫੁੱਟਪਾਥ ਤੇ ਇਕ ਸੈਕਿੰਡ ਹੈਂਡ ਕਿਤਾਬਾਂ ਵੇਚਣ ਵਾਲੇ ਨਾਲ ਹੋ ਗਈ ਹੈ। ਇਸ ਕਰਕੇ ਕਿਤਾਬਾਂ ਦੀ ਕੋਈ ਘਾਟ ਨਹੀਂ। ਰਾਤ–ਰਾਤ ਭਰ ਕੰਪਾਊਂਡ ਵਿਚ ਜਿੱਥੇ ਵੀ ਥੋੜ੍ਹੀ ਜਹੀ ਰੌਸ਼ਨੀ ਹੁੰਦੀ ਹੈ, ਉੱਥੇ ਹੀ ਬੈਠ ਕੇ ਪੜ੍ਹਦਾ ਰਹਿੰਦਾ ਹਾਂ। ਦੋਸਤ ਮਜ਼ਾਕ ਕਰਦੇ ਹਨ ਕਿ ਮੈਂ ਇੰਨੀ ਘੱਟ ਰੌਸ਼ਨੀ ਵਿਚ ਇੰਨਾ ਜ਼ਿਆਦਾ ਪੜ੍ਹਦਾ ਰਿਹਾ ਤਾਂ ਕੁੱਝ ਦਿਨਾਂ ਵਿਚ ਅੰਨ੍ਹਾਂ ਹੋ ਜਾਵਾਂਗਾ। ...... ਅਜ ਕਲ ਇਕ ਕਮਰੇ ਵਿਚ ਸੌਣ ਦਾ ਮੌਕਾ ਮਿਲ ਗਿਆ ਹੈ। ਸਟੂਡੀਉ ਦੇ ਇਸ ਕਮਰੇ ਵਿਚ ਚਾਰੇ ਪਾਸੇ ਕੰਧਾਂ ਨਾਲ ਲੱਗੀਆਂ ਵੱਡੀਆਂ ਵੱਡੀਆਂ ਅਲਮਾਰੀਆਂ ਹਨ ਜਿਨ੍ਹਾਂ ਵਿਚ ਫਿਲਮ ਪਾਕੀਜ਼ਾ ਦੇ ਦਰਜਣਾ ਕਾਸਟਿਊਮ ਰੱਖੇ ਹਨ। ਮੀਨਾ ਕੁਮਾਰੀ, ਕਮਾਲ ਸਾਹਿਬ ਤੋਂ ਵੱਖ ਹੋ ਗਈ ਹੈ ਇਸ ਕਰਕੇ ਇਨ੍ਹੀਂ ਦਿਨੀਂ ਫਿਲਮ







(ਬਾਕੀ ਅਗਲੇ ਸਫੇ 'ਤੇ)

# ਆਪਣੇ ਬਾਰੇ 'ਚ ਜਾਵੇਦ ਅਖ਼ਤਰ

(ਸਫਾ 17 ਦੀ ਬਾਕੀ)

ਦੀ ਸ਼ੂਟਿੰਗ ਬੰਦ ਹੈ। ਇਕ ਦਿਨ ਮੈਂ ਇਕ ਅਲਮਾਰੀ ਨੂੰ ਖੋਲ੍ਹਦਾ ਹਾਂ ਇਸ ਵਿਚ ਫਿਲਮ ਅੰਦਰ ਵਰਤੇ ਜਾਣ ਵਾਲੇ ਪੁਰਾਣੀ ਕਿਸਮ ਦੀਆਂ ਜੁੱਤੀਆਂ, ਚਪਲਾਂ ਅਤੇ ਸੈਂਡਲ ਪਏ ਹਨ ਅਤੇ ਉਸ ਵਿਚ ਹੀ ਮੀਨਾ ਕੁਮਾਰੀ ਦੇ ਫਿਲਮ ਫੇਅਰ ਐਵਾਰਡ ਪਏ ਹਨ। ਮੈਂ ਉਨ੍ਹਾਂ ਨੂੰ ਝਾੜ-ਪੂੰਝ ਕੇ, ਸਾਫ ਕਰਕੇ ਇਕ ਪਾਸੇ ਵੱਖਰੇ ਰੱਖ ਦਿੰਦਾ ਹਾਂ। ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਕਿਸੇ ਫਿਲਮੀ ਐਵਾਰਡ ਨੂੰ ਛੋਹਿਆ ਹੈ। ਹਰ ਰੋਜ਼ ਰਾਤ ਨੂੰ ਕਮਰਾ ਅੰਦਰ ਤੋਂ ਬੰਦ ਕਰਕੇ, ਉਹ ਟਰਾਫੀ ਆਪਣੇ ਹੱਥ ਵਿਚ ਲੈ ਕੇ ਸ਼ੀਸ਼ੇ ਦੇ ਸਾਹਮਣੇ ਖੜ੍ਹਾ ਹੁੰਦਾ ਹਾਂ ਅਤੇ ਸੋਚਦਾ ਹਾਂ ਕਿ ਜਦੋਂ ਇਹ ਟਰਾਫੀ ਮੈਨੂੰ ਮਿਲੇਗੀ ਤਾਂ ਤਾੜੀਆਂ ਨਾਲ ਗੂੰਜਦੇ ਹੋਏ ਹਾਲ ਵਿਚ ਬੈਠੇ ਹੋਏ ਲੋਕਾਂ ਵੱਲ ਵੇਖਦਿਆਂ ਮੈਂ ਕਿਸ ਤਰ੍ਹਾਂ ਮੁਸਕਰਾਵਾਂਗਾ ਅਤੇ ਕਿਵੇਂ ਹੱਥ ਹਿਲਾਵਾਂਗਾ। ਇਸ ਤੋਂ ਪਹਿਲਾਂ ਕਿ ਇਸ ਬਾਰੇ ਕੋਈ ਫੈਸਲਾ ਕਰ ਸਕਾਂ, ਸਟੂਡੀਓ ਦੇ ਬੋਰਡ 'ਤੇ ਨੋਟਿਸ ਲੱਗਾ ਹੋਇਆ ਹੈ ਕਿ ਜਿਹੜੇ ਲੋਕ ਸਟੂਡੀਓ ਵਿਚ ਕੰਮ ਨਹੀਂ ਕਰਦੇ ਉਹ ਕੰਪਾਊਂਡ ਵਿਚ ਨਹੀਂ ਸੌਂ ਸਕਦੇ। ਜਗਦੀਸ਼ ਫੇਰ ਮੈਨੂੰ ਇਕ ਤਰਕੀਬ ਦੱਸਦਾ ਹੈ ਕਿ ਜਦੋਂ ਤੱਕ ਕੋਈ ਹੋਰ ਇੰਤਜ਼ਾਮ ਨਹੀਂ ਹੁੰਦਾ ਤਾਂ ਆਪਾਂ ਮਹਾਂਕਾਲੀ ਦੀਆਂ ਗੁਫਾਵਾਂ ਵਿਚ ਰਵ੍ਹਾਂਗੇ। (ਮਹਾਂਕਾਲੀ ਅੰਧੇਰੀ ਤੋਂ ਅੱਗੇ ਇਕ ਇਲਾਕਾ ਹੈ ਉੱਥੇ ਹੁਣ ਸੰਘਣੀ ਅਬਾਦੀ ਤੇ ਕਮਾਲਿਸਤਾਨ ਸਟੂਡੀਓ ਹੈ। ਉਸ ਜ਼ਮਾਨੇ ਵਿਚ ਉੱਥੇ ਸਿਰਫ ਇਕ ਸੜਕ ਸੀ, ਜੰਗਲ ਸੀ ਅਤੇ ਛੋਟੀਆਂ ਛੋਟੀਆਂ ਪਹਾੜੀਆਂ ਜਿਨ੍ਹਾਂ ਵਿਚ ਬੋਧੀ ਭਿਕਸ਼ੂਆਂ ਦੀਆਂ ਬਣਾਈਆਂ ਹੋਈਆਂ ਗੁਫਾਵਾਂ ਸਨ, ਜੋ ਅੱਜ ਵੀ ਹਨ। ਉਨ੍ਹਾਂ ਦਿਨਾਂ ਵਿਚ ਉੱਥੇ ਕੁੱਝ ਚਰਸ-ਗਾਂਜਾ ਪੀਣ ਵਾਲੇ ਸਾਧੂ ਪਏ ਰਹਿੰਦੇ ਸਨ) ਮਹਾਂਕਾਲੀ ਦੀਆਂ ਗੁਫਾਵਾਂ ਵਿਚ ਮੱਛਰ ਇੰਨੇ ਵੱਡੇ ਹਨ ਕਿ ਉਨ੍ਹਾਂ ਨੂੰ ਲੜਨ ਦੀ ਨਹੀਂ ਤੁਹਾਡੇ ਪਿੰਡੇ 'ਤੇ ਸਿਰਫ ਬੈਠ ਜਾਣ ਤਾਂ ਅੱਖ ਖੁੱਲ੍ਹ ਜਾਂਦੀ ਹੈ। ਇਕ ਹੀ ਰਾਤ ਵਿਚ ਇਹ ਗੱਲ ਸਮਝ ਆ ਗਈ ਕਿ ਇੱਥੇ ਚਰਸ ਪੀਤੇ ਬਿਨਾਂ ਕੋਈ ਸੌਂ ਹੀ ਨਹੀਂ ਸਕਦਾ। ਤਿੰਨ ਦਿਨ ਜਿਵੇਂ ਕਿਵੇਂ ਗੁਜ਼ਾਰਦਾ ਹਾਂ। ਬਾਂਦਰਾ ਤੋਂ ਇਕ ਦੋਸਤ ਕੁੱਝ ਦਿਨਾਂ ਵਾਸਤੇ ਆਪਣੇ ਕੋਲ ਰਹਿਣ ਲਈ ਸੱਦ ਲੈਂਦਾ ਹੈ। ਮੈਂ ਬਾਂਦਰਾ ਜਾ ਰਿਹਾ ਹਾਂ। ਜਗਦੀਸ਼ ਕਹਿ ਰਿਹਾ ਹੈ ਕਿ ਇਕ-ਦੋ ਦਿਨਾਂ ਵਿਚ ਉਹ ਵੀ ਕਿਧਰੇ ਚਲਾ ਜਾਵੇਗਾ। (ਇਹ ਜਗਦੀਸ਼ ਨਾਲ ਮੇਰੀ ਆਖਰੀ ਮੁਲਾਕਾਤ ਸੀ। ਆਉਣ ਵਾਲੇ ਸਾਲਾਂ ਵਿਚ ਜ਼ਿੰਦਗੀ ਮੈਨੂੰ ਕਿੱਥੋਂ ਤੋਂ ਕਿੱਥੇ ਲੈ ਗਈ ਪਰ ਉਹ ਗਿਆਰਾਂ ਸਾਲ ਬਾਅਦ ਉੱਥੇ, ਉਨ੍ਹਾਂ ਹੀ ਗੁਫਾਵਾਂ ਵਿਚ ਚਰਸ ਅਤੇ ਕੱਚੀ ਦਾਰੂ (ਲਾਹਣ) ਪੀ ਪੀ ਕੇ ਮਰ ਗਿਆ। ਉੱਥੇ ਰਹਿਣ ਵਾਲੇ ਸਾਧੂਆਂ ਅਤੇ ਨੇੜੇ ਰਹਿੰਦੇ ਝੌਂਪੜੀਆਂ ਵਾਲਿਆਂ ਨੇ ਚੰਦਾ ਇਕੱਠਾ ਕਰਕੇ ਉਸਦਾ ਸਸਕਾਰ ਕਰ ਦਿੱਤਾ- ਕਿੱਸਾ ਖਤਮ। ਮੈਨੂੰ ਤੇ ਉਸਦੇ ਹੋਰ ਦੋਸਤਾਂ ਨੂੰ ਉਸਦੇ ਮਰਨ ਦੀ ਖਬਰ ਵੀ ਬਾਅਦ ਵਿਚ ਮਿਲੀ। ਮੈਂ ਅਕਸਰ ਸੋਚਦਾ ਹਾਂ ਕਿ ਮੇਰੇ ਨਾਲ ਕਿਹੜੇ ਮੋਤੀ ਲੱਗੇ ਹਨ ਅਤੇ ਜਗਦੀਸ਼ ਵਿਚ ਅਜਿਹੀ ਕੀ ਖਰਾਬੀ ਸੀ। ਇਹ ਵੀ ਤਾਂ ਹੋ ਸਕਦਾ ਸੀ ਕਿ ਤਿੰਨ ਦਿਨ ਬਾਅਦ ਜਗਦੀਸ਼ ਦੇ ਕਿਸੇ ਦੋਸਤ ਨੇ ਉਹਨੂੰ ਬਾਂਦਰਾ ਸੱਦ ਲਿਆ ਹੁੰਦਾ ਅਤੇ ਮੈਂ ਪਿੱਛੇ ਉਨ੍ਹਾਂ ਗੁਫਾਵਾਂ ਵਿਚ ਰਹਿ ਜਾਂਦਾ। ਕਦੇ ਕਦੇ ਇਹ ਸਭ ਇਤਫਾਕ ਲਗਦਾ ਹੈ। ਅਸੀਂ ਲੋਕ ਕਿਸ ਗੱਲ 'ਤੇ ਘੁਮੰਡ ਕਰਦੇ ਹਾਂ?

ਮੈਂ ਬਾਂਦਰਾ ਵਿਚ ਜਿਸ ਦੋਸਤ ਕੋਲ ਆ ਕੇ ਜਿਸ ਕਮਰੇ ਵਿਚ ਰਿਹਾ ਉਹ ਪੇਸ਼ਾਵਰ ਜੁਆਰੀਆ ਹੈ। ਉਹ ਤੇ ਉਸਦੇ ਦੋ ਸਾਥੀ ਜੂਏ ਵਿਚ ਪੱਤੇ ਲਾਉਣੇ ਜਾਣਦੇ ਹਨ। ਮੈਨੂੰ ਵੀ ਸਿਖਾ ਦਿੰਦੇ ਹਨ। ਕੁੱਝ ਦਿਨ ਉਸ ਨਾਲ ਤਾਸ਼ ਦੇ ਪੱਤਿਆਂ 'ਤੇ ਗੁਜ਼ਾਰਾ ਹੁੰਦਾ ਹੈ। ਫੇਰ ਉਹ ਲੋਕ ਬੰਬਈ ਤੋਂ ਚਲੇ ਜਾਂਦੇ ਹਨ ਅਤੇ ਮੈਂ ਫੇਰ ਉੱਥੇ ਦਾ ਉੱਥੇ। ਹੁਣ ਅਗਲੇ ਮਹੀਨੇ ਇਸ ਕਮਰੇ ਦਾ ਕਿਰਾਇਆ ਕੌਣ ਦੇਵੇਗਾ। ਇਕ ਮਸ਼ਹੂਰ ਅਤੇ ਕਾਮਯਾਬ ਲੇਖਕ ਮੈਨੂੰ ਸੱਦ ਕੇ ਆਫਰ ਦਿੰਦੇ ਹਨ ਕਿ ਜੇ ਮੈਂ ਉਨ੍ਹਾਂ ਦੇ ਡਇਲਾਗ ਲਿਖ ਦਿਆ ਕਰਾਂ (ਜਿਸ ਤੇ ਪੱਕਾ ਹੈ ਕਿ ਮੇਰਾ ਨਹੀਂ ਉਸਦਾ ਹੀ ਨਾਮ ਛਪੇਗਾ) ਤਾਂ ਉਹ ਮੈਨੂੰ ਛੇ ਸੌ ਰੁਪਏ ਮਹੀਨਾ ਦੇਣਗੇ। ਸੋਚਦਾ ਹਾਂ ਕਿ ਇਹ ਛੇ ਸੌ ਰੁਪਏ ਇਸ ਵਕਤ ਮੇਰੇ ਵਾਸਤੇ ਛੇ ਕਰੋੜ ਦੇ ਬਰਾਬਰ ਹਨ, ਇਹ ਨੌਕਰੀ ਕਰ ਲਵਾਂ। ਫੇਰ ਸੋਚਦਾ ਹਾਂ ਕਿ ਜੇ ਨੌਕਰੀ ਕਰ ਲਈ ਤਾਂ ਕਦੇ ਵੀ ਛੱਡਣ ਦੀ ਹਿੰਮਤ ਨਹੀਂ ਪੈਣੀ। ਜ਼ਿੰਦਗੀ ਭਰ ਇਹ ਹੀ ਕੁੱਝ ਕਰਦਾ ਰਹਿ ਜਾਵਾਂਗਾ, ਫੇਰ ਸੋਚਦਾ ਹਾਂ ਕਿ ਅਗਲੇ ਮਹੀਨੇ ਦਾ ਕਿਰਾਇਆ ਦੇਣਾ ਹੈ। ਫੇਰ ਸੋਚਦਾਂ- ਦੇਖੀ ਜਾਊ। ਤਿੰਨ ਦਿਨ ਸੋਚਣ ਤੋਂ ਬਾਅਦ ਇਨਕਾਰ ਕਰ ਦਿੰਦਾ ਹਾਂ। ਦਿਨ, ਹਫਤੇ, ਮਹੀਨੇ ਅਤੇ ਸਾਲ ਲੰਘਦੇ ਹਨ। ਬੰਬਈ ਵਿਚ ਪੰਜ ਸਾਲ ਲੰਘ ਗਏ। ਰੋਟੀ ਚੰਦ ਬਣੀ ਹੋਈ ਹੈ ਅਤੇ ਹਾਲਾਤ ਬੱਦਲ਼। ਚੰਦ ਕਦੇ ਦਿਖਾਈ ਦਿੰਦਾ ਹੈ ਤੇ ਕਦੇ ਛੁਪ ਜਾਂਦਾ ਹੈ। ਇਹ ਪੰਜ ਸਾਲ ਮੇਰੇ ਲਈ ਬਹੁਤ ਔਖੇ ਸਨ, ਪਰ ਮੇਰਾ ਸਿਰ ਨਹੀਂ ਝੁਕਾ ਸਕੇ। ਮੈਂ ਨਾ-ਉਮੀਦ ਨਹੀਂ ਹਾਂ। ਮੈਨੂੰ ਵਿਸ਼ਵਾਸ ਹੈ, ਪੂਰਾ ਵਿਸ਼ਵਾਸ ਹੈ, ਕੁੱਝ ਹੋਵੇਗਾ, ਜ਼ਰੂਰ ਕੁੱਝ ਹੋਵੇਗਾ। ਮੈਂ ਉਂਜ ਹੀ ਤਾਂ ਮਰ ਜਾਣ ਵਾਸਤੇ ਪੈਦਾ ਨਹੀਂ ਹੋਇਆ ਹਾਂ।- ਅਤੇ ਨਵੰਬਰ 1969 ਵਿਚ ਮੈਨੂੰ ਉਹ ਕੰਮ ਮਿਲਦਾ ਹੈ ਜਿਸਨੂੰ ਫਿਲਮ ਵਾਲਿਆਂ ਦੀ ਜ਼ੁਬਾਨ ਵਿਚ ਸਹੀ 'ਬ੍ਰੇਕ' ਕਿਹਾ ਜਾਂਦਾ ਹੈ।

ਕਾਮਯਾਬੀ ਵੀ ਜਿਵੇਂ ਅਲਾਦੀਨ ਦਾ ਚਿਰਾਗ ਹੈ। ਅਚਾਨਕ ਦੇਖਦਾ ਹਾਂ ਕਿ ਦੁਨੀਆਂ ਖੁਬਸੂਰਤ ਹੈ ਅਤੇ ਲੋਕ ਮਿਹਰਬਾਨ। ਸਾਲ, ਡੇਢ੍ਹ ਸਾਲ ਵਿਚ ਬਹੁਤ ਕੁੱਝ ਮਿਲ ਗਿਆ ਹੈ ਅਤੇ ਬਹੁਤ ਕੁੱਝ ਮਿਲਣ ਵਾਲਾ ਹੈ। ਹੱਥ ਲੱਗਦਿਆਂ ਹੀ ਮਿੱਟੀ ਸੋਨਾ ਹੋ ਰਹੀ ਹੈ ਅਤੇ ਮੈਂ ਦੇਖ ਰਿਹਾ ਹਾਂ- ਆਪਣਾ ਪਹਿਲਾ ਘਰ, ਆਪਣੀ ਪਹਿਲੀ ਕਾਰ। ਆਸ਼ਾਵਾਂ ਪੂਰੀਆਂ ਹੋਣ ਦੇ ਦਿਨ ਆ ਗਏ ਹਨ। ਪਰ, ਜ਼ਿੰਦਗੀ ਵਿਚ ਇਕ ਤਨਹਾਈ ਤਾਂ ਅਜੇ ਵੀ ਹੈ। 'ਗੀਤਾ ਔਰ ਸੀਤਾ' ਦੇ ਸੈੱਟ 'ਤੇ ਮੇਰੀ ਮੁਲਾਕਾਤ ਹਨੀ ਇਰਾਨੀ ਨਾਲ ਹੁੰਦੀ ਹੈ । ਉਹ ਇਕ ਖੁੱਲੇ ਦਿਲ ਵਾਲੀ, ਖਰੀ ਜ਼ੁਬਾਨ ਵਾਲੀ ਪਰ ਬਹੁਤ ਹਸਮੁੱਖ ਸੁਭਾਅ ਦੀ ਲੜਕੀ ਹੈ। ਮਿਲਣ ਤੋਂ ਚਾਰ ਮਹੀਨੇ ਬਾਅਦ ਸਾਡੀ ਸ਼ਾਦੀ ਹੋ ਜਾਂਦੀ ਹੈ। ਮੈਂ ਸ਼ਾਦੀ ਵਿਚ ਆਪਣੇ ਬਾਪ ਦੇ ਕਈ ਦੋਸਤਾਂ ਨੂੰ ਬੁਲਾਇਆ ਹੈ ਪਰ ਆਪਣੇ ਬਾਪ ਨੂੰ ਨਹੀਂ (ਕੁੱਝ ਜ਼ਖ਼ਮਾਂ ਨੂੰ ਭਰਨਾ ਅਲਾਦੀਨ ਦੇ ਚਿਰਾਗ ਵਾਲੇ ਦੇਵਤੇ ਦੇ ਵਸ ਦੀ ਵੀ ਗੱਲ ਨਹੀਂ ਇਹ ਕੰਮ ਸਿਰਫ ਵਕਤ ਹੀ ਕਰ ਸਕਦਾ ਹੈ) ਦੋ ਸਾਲ ਵਿਚ ਇਕ ਧੀ ਅਤੇ ਇਕ ਪੁੱਤਰ ਜੋਯਾ ਤੇ ਫਰਹਾਨ ਹੁੰਦੇ ਹਨ।

ਅਗਲੇ ਛੇ ਸਾਲਾਂ ਵਿਚ ਇਕ ਤੋਂ ਬਾਅਦ ਇਕ ਇਨਾਮ, ਲਗਾਤਾਰ ਬਾਰਾਂ ਸੁਪਰ ਹਿੱਟ ਫਿਲਮਾਂ, ਪੁਰਸਕਾਰ, ਸਿਫਤਾਂ, ਅਖਬਾਰਾਂ ਤੇ ਰਸਾਲਿਆਂ ਵਿਚ ਇੰਟਰਵਿਊ, ਤਸਵੀਰਾਂ ਪੈਸਾ ਅਤੇ ਪਾਰਟੀਆਂ, ਦੁਨੀਆਂ ਦੇ ਸਫਰ, ਚਮਕਦੇ ਹੋਏ ਦਿਨ, ਜਗਮਾਉਂਦੀਆਂ ਰਾਤਾਂ- ਜ਼ਿੰਦਗੀ ਇਕ ਟੈਕਨੀਕਲਰ (ਬਹਰੰਗਾ) ਸੁਪਨਾ ਹੈ। ਪਰ ਹਰ ਸੁਪਨੇ ਦੀ ਤਰ੍ਹਾਂ ਇਹ ਸੁਪਨਾ ਵੀ ਟੁੱਟਦਾ ਹੈ। ਪਹਿਲੀ ਵਾਰ ਇਕ ਫਿਲਮ ਦੀ ਨਾਕਾਮੀ (ਫਿਲਮਾਂ ਤਾਂ ਉਸਤੋਂ ਬਾਅਦ ਨਾਕਾਮ ਵੀ ਹੋਈਆਂ ਤੇ ਕਾਮਯਾਬ ਵੀ। ਪਰ ਕਾਮਯਾਬੀ ਦੀ ਉਹ ਖੁਸ਼ੀ ਅਤੇ ਖੁਸ਼ੀ ਦੀ ਮਾਸੂਮੀਅਤ ਜਾਂਦੀ ਰਹੀ)।

18 ਅਗਸਤ 1976 ਨੂੰ ਮੇਰੇ ਬਾਪ ਦੀ ਮੌਤ ਹੁੰਦੀ ਹੈ (ਮਰਨ ਤੋਂ 9 ਦਿਨ ਪਹਿਲਾਂ ਉਨ੍ਹਾਂ ਨੇ ਮੈਨੂੰ ਆਪਣੀ ਕਿਤਾਬ ਆਟੋਗ੍ਰਾਫ ਕਰਕੇ ਦਿੱਤੀ ਸੀ ਉਸ 'ਤੇ ਲਿਖਿਆ ਸੀ – 'ਜਬ ਹਮ ਨਾ ਰਹੇਂਗੇ ਤੋ ਬਹੁਤ ਯਾਦ ਕਰੋਗੇ' ਉਨ੍ਹਾਂ ਨੇ ਠੀਕ ਲਿਖਿਆ ਸੀ। ਹੁਣ ਤੱਕ ਤਾਂ ਮੈਂ ਆਪਣੇ ਆਪ ਨੂੰ ਬਾਗੀ ਅਤੇ ਨਰਾਜ਼ ਬੇਟੇ ਦੇ ਰੂਪ ਵਿਚ ਪਹਿਚਾਣਦਾ ਸੀ ਪਰ ਹੁਣ ਮੈਂ ਕੌਣ ਹਾਂ? ਮੈਂ ਆਪਣੇ ਆਪ ਨੂੰ ਅਤੇ ਫੇਰ ਆਪਣੇ ਚਾਰੇ ਪਾਸੇ, ਨਵੀਆਂ ਨਜ਼ਰਾਂ ਨੂੰ ਦੇਖਦਾ ਹਾਂ ਕਿ ਬੱਸ ਕੀ ਇਹ ਹੀ ਚਾਹੀਦਾ ਸੀ ਮੈਨੂੰ ਜ਼ਿੰਦਗੀ ਤੋਂ। ਇਸ ਦਾ ਪਤਾ ਅਜੇ ਦੂਜਿਆਂ ਨੂੰ ਨਹੀਂ ਹੈ ਪਰ ਉਹ ਸਾਰੀਆਂ ਚੀਜਾਂ ਜੋ ਕੱਲ੍ਹ ਤੱਕ ਮੈਨੂੰ ਖੁਸ਼ੀ ਦਿੰਦੀਆਂ ਸਨ ਝੂਠੀਆਂ ਤੇ ਨੁਮਾਇਸ਼ੀ ਲੱਗਣ ਲੱਗੀਆਂ ਹਨ। ਹੁਣ ਮੇਰਾ ਦਿਲ ਉਨ੍ਹਾਂ ਗੱਲਾਂ ਵਿਚ ਜ਼ਿਆਦਾ ਲਗਦਾ ਹੈ ਜਿਸ ਨੂੰ ਦੁਨੀਆਂ ਦੀ ਜ਼ੁਬਾਨ ਵਿਚ ਕਿਹਾ ਜਾਵੇ ਤਾਂ, ਕੋਈ ਫਾਇਦਾ ਨਹੀਂ। ਸ਼ਾਇਰੀ ਨਾਲ ਮੇਰਾ ਰਿਸ਼ਤਾ ਪੈਦਾਇਸ਼ੀ ਅਤੇ ਦਿਲਚਸਪੀ ਹਮੇਸ਼ਾ ਤੋਂ ਹੈ। ਗਭਰੇਟ ਉਮਰ ਤੋਂ ਹੀ ਜਾਣਦਾ ਹਾਂ ਕਿ ਜੇ ਚਾਹਵਾਂ ਤਾਂ ਸ਼ਾਇਰੀ ਕਰ ਸਕਦਾ ਹਾਂ, ਪਰ ਅੱਜ ਤੱਕ ਕੀਤੀ ਨਹੀਂ ਹੈ। ਇਹ ਵੀ ਮੇਰੀ ਨਰਾਜ਼ਗੀ ਤੇ ਬਗਾਵਤ ਦਾ ਇਕ ਪ੍ਰਤੀਕ ਹੈ।

1979 ਵਿਚ ਪਹਿਲੀ ਵਾਰ ਸ਼ਿਅਰ ਪੜ੍ਹਦਾ ਹਾਂ ਅਤੇ ਇਹ ਸ਼ਿਅਰ ਲਿਖ ਕੇ ਮੈਂ ਅਪਣੀ ਵਿਰਾਸਤ ਅਤੇ ਆਪਣੇ ਬਾਪ ਨਾਲ ਸਮਝੌਤਾ (ਸੁਲਾਹ ਜਾਂ ਰਾਜ਼ੀਨਾਮਾ) ਕਰ ਲਿਆ ਹੈ। ਇਸ ਦੌਰਾਨ ਮੇਰੀ ਮੁਲਾਕਾਤ ਸ਼ਬਾਨਾ ਨਾਲ ਹੁੰਦੀ ਹੈ। ਕੈਫ਼ੀ ਆਜ਼ਮੀ ਦੀ ਧੀ ਸ਼ਬਾਨਾ ਵੀ ਸ਼ਾਇਦ ਆਪਣੀਆਂ ਜੜ੍ਹਾਂ ਵੱਲ ਮੁੜ ਰਹੀ ਹੈ। ਉਹਨੂੰ ਵੀ ਅਜਿਹੇ ਹਜ਼ਾਰਾਂ ਸਵਾਲ ਸਤਾਉਣ ਲੱਗੇ ਹਨ ਜਿਨ੍ਹਾਂ ਦੇ ਬਾਰੇ ਉਸਨੇ ਕਦੇ ਪਹਿਲਾਂ ਨਹੀਂ ਸੋਚਿਆ ਸੀ। ਕੋਈ ਹੈਰਾਨੀ ਨਹੀ ਕਿ ਅਸੀਂ ਨੇੜੇ ਆਉਣ ਲਗਦੇ ਹਾਂ। ਹੌਲੀ ਹੌਲੀ ਮੇਰੇ ਅੰਦਰ ਬਹੁਤ ਕੁੱਝ ਬਦਲ ਰਿਹਾ ਹੈ। ਫਿਲਮੀ ਦੁਨੀਆਂ ਵਿਚ ਜੋ ਮੇਰੀ ਪਾਰਟਨਰਸ਼ਿੱਪ ਸੀ ਉਹ ਟੁੱਟ ਜਾਂਦੀ ਹੈ। ਮੇਰੇ ਨੇੜਲੇ ਲੋਕ ਮੇਰੇ ਵਿਚ ਹੋਣ ਵਾਲੀਆਂ ਇਨ੍ਹਾਂ ਤਬਦੀਲੀਆਂ ਨੂੰ ਪ੍ਰੇਸ਼ਾਨੀ ਨਾਲ ਦੇਖ ਰਹੇ ਹਨ। 1983 ਵਿਚ ਮੈਂ ਤੇ ਹਨੀ ਵੱਖ ਹੋ ਜਾਂਦੇ ਹਾਂ। (ਹਨੀ ਨਾਲ ਮੇਰੀ ਸ਼ਾਦੀ ਜ਼ਰੂਰ ਟੁੱਟ ਗਈ ਹੈ ਪਰ ਤਲਾਕ ਵੀ ਸਾਡੀ ਦੋਸਤੀ ਦਾ ਕੁੱਝ ਨਹੀਂ ਵਿਗਾੜ ਸਕਿਆ। ਜੇ ਕਰ ਮਾਂ-ਬਾਪ ਦੇ ਅਲੱਗ ਹੋਣ 'ਤੇ ਬੱਚਿਆਂ ਵਿਚ ਕੜਵਾਹਟ ਨਹੀਂ ਆਈ ਤਾਂ ਇਸ ਵਿਚ ਮੇਰਾ ਕਮਾਲ ਬਹੁਤ ਘੱਟ ਹੈ ਤੇ ਹਨੀ ਦੀ ਸਿਫਤ ਬਹੁਤ ਜ਼ਿਆਦਾ ਹੈ। ਹਨੀ ਅਜਕਲ ਬਹੁਤ ਕਾਮਯਾਬ ਫਿਲਮ ਰਾਈਟਰ ਹੈ ਅਤੇ ਮੇਰੀ ਬਹੁਤ ਵਧੀਆ ਦੋਸਤ। ਮੈਂ ਦੁਨੀਆਂ ਵਿਚ ਬਹੁਤ ਘੱਟ ਲੋਕਾਂ ਦੀ ਇੰਨੀ ਇੱਜਤ ਕਰਦਾ ਹਾਂ ਜਿੰਨੀ ਮੇਰੇ ਮਨ ਵਿਚ ਹਨੀ ਵਾਸਤੇ ਹੈ)।

ਮੈਂ ਇਕ ਕਦਮ ਚੁੱਕ ਤਾਂ ਲਿਆ ਸੀ ਪਰ ਘਰ ਤੋਂ ਨਿਕਲ ਕੇ ਕਈ ਸਾਲਾਂ ਤੱਕ ਮੇਰੀ ਜ਼ਿੰਦਗੀ "ਕਟੀ ਉਮਰ ਹੋਟ-ਲੋਂ ਮੇਂ, ਮਰੇ ਹਸਪਤਾਲ ਜਾ ਕਰ" ਵਰਗੀ ਹੋ ਗਈ ਸੀ। ਸ਼ਰਾਬ ਪਹਿਲਾਂ ਵੀ ਬਹੁਤ ਪੀਂਦਾ ਸਾਂ ਪਰ ਫੇਰ ਬਹੁਤ ਹੀ ਜ਼ਿਆਦਾ ਪੀਣ ਲੱਗਾ। ਇਹ ਮੇਰੀ ਜ਼ਿੰਦਗੀ ਦਾ ਇਕ ਦੌਰ ਹੈ ਜਿਸ 'ਤੇ ਮੈਂ ਸ਼ਰਮਿੰਦਾ ਹਾਂ। ਇਨ੍ਹਾਂ ਥੋੜ੍ਹੇ ਜਹੇ ਸਾਲਾਂ ਵਿਚ ਜੇ ਦੂਸਰਿਆਂ ਨੇ ਮੈਨੂੰ ਬਰਦਾਸ਼ਤ ਕਰ ਲਿਆ ਤਾਂ ਇਹ ਉਨ੍ਹਾਂ ਦਾ ਅਹਿਸਾਨ ਹੈ। ਇਹ ਸੁਭਾਵਕ ਹੀ ਸੀ ਕਿ ਮੈਂ ਇੰਜ ਹੀ ਸ਼ਰਾਬ ਪੀਂਦਾ ਪੀਂਦਾ ਮਰ ਜਾਂਦਾ ਪਰ ਇਕ ਸਵੇਰੇ ਕਿਸੇ ਦੀ ਕਹੀ ਗੱਲ ਨੇ ਅਜਿਹਾ ਫੜਿਆ ਕਿ ਉਸ ਦਿਨ ਤੋਂ ਮੈਂ ਸ਼ਰਾਬ ਨੂੰ ਹੱਥ ਨਹੀਂ ਲਾਇਆ ਤੇ ਨਾ ਹੀ ਕਦੀਂ ਲਾਵਾਂਗਾ।

ਅੱਜ ਇੰਨੇ ਸਾਲਾਂ ਬਾਅਦ ਜਦ ਆਪਣੀ ਜ਼ਿੰਦਗੀ ਨੂੰ ਦੇਖਦਾ ਹਾਂ ਤਾਂ ਲਗਦਾ ਹੈ ਕਿ ਪਹਾੜਾਂ ਤੋਂ ਝਰਨੇ ਵਾਂਗ ਉਤਰਦੀ, ਚੱਟਾਨਾਂ ਨਾਲ ਟਕਰਾਉਂਦੀ, ਪੱਥਰਾਂ ਵਿਚੋਂ ਆਪਣਾ ਰਸਤਾ ਢੂੰਡਦੀ, ਫੈਲਦੀ, ਵਲ਼ ਖਾਂਦੀ, ਅਣਗਿਣਤ ਘੁੰਮਣਘੇਰੀਆਂ ਬਣਾਉਂਦੀ ਅਤੇ ਆਪਣੇ ਹੀ ਕਿਨਾਰਿਆਂ ਨੂੰ ਖੋਰਦੀ ਹੋਈ ਇਹ ਨਦੀ ਹੁਣ ਮੈਦਾਨਾਂ ਵਿਚ ਆ ਕੇ ਸ਼ਾਂਤ ਅਤੇ ਗਹਿਰੀ ਹੋ ਗਈ ਹੈ।

ਮੇਰੇ ਬੱਚੇ ਜੋਯਾ ਤੇ ਫਰਹਾਨ ਵੱਡੇ ਹੋ ਗਏ ਹਨ ਅਤੇ ਬਾਹਰ ਵਾਲੀ ਦੁਨੀਆਂ ਵਿਚ ਆਪਣੇ ਪਹਿਲੇ ਕਦਮ ਰੱਖਣ ਵਾਲੇ ਹਨ। ਉਨ੍ਹਾਂ ਦੀਆਂ ਅੱਖਾਂ ਵਿਚ ਆਉਣ ਵਾਲੇ ਕੱਲ੍ਹ ਬਾਰੇ ਹੁਸੀਨ ਸੁਪਨੇ ਹਨ। ਸਲਮਾਨ, ਮੇਰਾ ਛੋਟਾ ਭਰਾ ਅਮਰੀਕਾ ਵਿਚ ਬਹੁਤ ਕਾਮਯਾਬ ਸਾਇਕੋਇਨਾਲਿਸਟ, (ਮਾਨਸਿਕ ਰੋਗਾਂ ਦਾ ਮਾਹਰ) ਬਹੁਤ ਸਾਰੀਆਂ ਕਿਤਾਬਾਂ ਦਾ ਲੇਖਕ, ਬਹੁਤ ਵਧੀਆ ਸ਼ਾਇਰ, ਇਕ ਮੁਹੱਬਤ ਕਰਨ ਵਾਲੀ ਬੀਵੀ ਦਾ ਪਤੀ ਅਤੇ ਦੋ ਬਹੁਤ ਹੀ ਹੋਣਹਾਰ ਬੱਚਿਆਂ ਦਾ ਬਾਪ ਹੈ। ਜ਼ਿੰਦਗੀ ਦੇ ਰਸਤੇ ਉਹਦੇ ਵਾਸਤੇ ਘੱਟ ਮੁਸ਼ਕਲ ਨਹੀਂ ਸਨ।

ਪਰ ਉਸਨੇ ਆਪਣੀ ਅਣਥੱਕ ਮਿਹਨਤ ਅਤੇ ਲਗਨ ਨਾਲ ਆਪਣੀ ਹਰ ਮੰਜ਼ਿਲ ਪਾ ਲਈ ਹੈ ਅਤੇ ਅਜੇ ਵੀ ਅੱਗੇ ਤੋਂ ਅੱਗੇ ਵਧ ਰਿਹਾ ਹੈ। ਮੈਂ ਖੁਸ਼ ਹਾਂ ਤੇ ਸ਼ਬਾਨਾ ਵੀ ਜੋ ਸਿਰਫ ਮੇਰੀ ਪਤਨੀ ਹੀ ਨਹੀਂ ਮੇਰੀ ਮਹਿਬੂਬਾ ਵੀ ਹੈ। ਜੋ ਇਕ ਖੁਬਸੂਰਤ ਦਿਲ ਵੀ ਹੈ ਅਤੇ ਕੀਮਤੀ ਜ਼ਿਹਨ ਵੀ "ਮੈਂ ਜਿਸ ਦੁਨੀਆਂ ਮੇਂ ਰਹਿਤਾ ਹੂੰ ਵੋਹ ਉਸ ਦੁਨੀਆਂ ਕੀ ਔਰਤ ਹੈ" ਇਹ ਸਤਰ ਜੇ ਵਰ੍ਹਿਆਂ ਪਹਿਲਾਂ 'ਮਜ਼ਾਜ਼' ਨੇ ਕਿਸੇ ਲਈ ਨਾ ਲਿਖੀ ਹੁੰਦੀ ਤਾਂ ਮੈਂ ਸ਼ਬਾਨਾ ਵਾਸਤੇ ਲਿਖਦਾ।

ਅੱਜ, ਉਂਜ ਤਾਂ ਜ਼ਿੰਦਗੀ ਮੇਰੇ ਉੱਪਰ ਹਰ ਪਾਸਿਉਂ ਮਿਹਰਬਾਨ ਹੈ ਪਰ ਬਚਪਨ ਦਾ ਉਹ ਇਕ ਦਿਨ 18 ਜਨਵਰੀ 1953 ਹੁਣ ਵੀ ਯਾਦ ਆਉਂਦਾ ਹੈ। ਥਾਂ ਲਖਨਊ – ਮੇਰੇ ਨਾਨੇ ਦਾ ਘਰ – ਰੋਂਦੀ ਹੋਈ ਮੇਰੀ ਮਾਸੀ, ਮੇਰੇ ਛੋਟੇ ਭਰਾ ਸਲਮਾਨ ਨੂੰ, ਜਿਸ ਦੀ ਉਮਰ ਸਾਢ੍ਹੇ ਛੇ ਸਾਲ ਹੈ ਅਤੇ ਮੈਨੂੰ ਹੱਥ ਫੜ ਕੇ ਘਰ ਦੇ ਉਸ ਵੱਡੇ ਕਮਰੇ ਵਿਚ ਲੈ ਜਾਂਦੀ ਹੈ ਜਿੱਥੇ ਫਰਸ਼ 'ਤੇ ਬਹੁਤ ਸਾਰੀਆਂ ਔਰਤਾਂ ਬੈਠੀਆਂ ਹਨ। ਤਖਤ ਪਰ ਸਫੈਦ ਕਫ਼ਨ ਵਿਚ ਲਪੇਟੀ ਮੇਰੀ ਮਾਂ ਦਾ ਚਿਹਰਾ ਨੰਗਾ ਹੈ। ਸਿਰਹਾਣੇ ਬੈਠੀ ਮੇਰੀ ਬੁੱਢੀ ਨਾਨੀ ਥੱਕੀ ਜਹੀ ਹੌਲੀ ਹੌਲੀ ਰੋ ਰਹੀ ਹੈ। ਦੋ ਔਰਤਾਂ ਉਹਨੂੰ ਸੰਭਾਲ ਰਹੀਆਂ ਹਨ।

ਮੇਰੀ ਮਾਸੀ ਸਾਨੂੰ ਦੋਹਾਂ ਬੱਚਿਆਂ ਨੂੰ ਉਸ ਤਖਤ ਕੋਲ ਲੈ ਜਾਂਦੀ ਹੈ ਅਤੇ ਕਹਿੰਦੀ ਹੈ, ਆਪਣੀ ਮਾਂ ਨੂੰ ਆਖਰੀ ਵਾਰ ਦੇਖ ਲਉ। ਮੈਂ ਕੱਲ੍ਹ ਹੀ ਅੱਠਾਂ ਸਾਲਾਂ ਦਾ ਹੋਇਆ ਸੀ। ਸਮਝਦਾਰ ਹਾਂ। ਪਤਾ ਹੈ ਮੌਤ ਕੀ ਹੁੰਦੀ ਹੈ। ਮੈਂ ਆਪਣੀ ਮਾਂ ਦੇ ਚਿਹਰੇ ਨੂੰ ਬਹੁਤ ਹੀ ਧਿਆਨ ਨਾਲ ਦੇਖਦਾ ਹਾਂ ਕਿ ਚੰਗੀ ਤਰ੍ਹਾਂ ਯਾਦ ਹੋ ਜਾਵੇ। ਮੇਰੀ ਮਾਸੀ ਕਹਿ ਰਹੀ ਹੈ – ਇਹਦੇ ਨਾਲ ਵਾਅਦਾ ਕਰੋ ਕਿ ਤੁਸੀਂ ਜ਼ਿੰਦਗੀ ਵਿਚ ਕੁੱਝ ਬਣੋਗੇ।

ਇਹਦੇ ਨਾਲ ਵਾਅਦਾ ਕਰੋ ਕਿ ਤੁਸੀਂ ਜ਼ਿੰਦਗੀ ਵਿਚ ਕੁੱਝ ਕਰੋਗੇ। ਮੈਥੋਂ ਕੁੱਝ ਕਹਿ ਨਹੀਂ ਹੁੰਦਾ, ਬਸ! ਦੇਖਦਾ ਰਹਿੰਦਾ ਹਾਂ ਅਤੇ ਫੇਰ ਕੋਈ ਔਰਤ ਮੇਰੀ ਮਾਂ ਦੇ ਚਿਹਰੇ 'ਤੇ ਕੱਫ਼ਨ ਪਾ ਦਿੰਦੀ ਹੈ।

ਅਜਿਹਾ ਤਾਂ ਨਹੀਂ ਕਿ ਮੈਂ ਜ਼ਿੰਦਗੀ ਵਿਚ ਕੁੱਝ ਕੀਤਾ ਹੀ ਨਹੀਂ ਪਰ ਫੇਰ ਇਹ ਖਿਆਲ ਆਉਂਦਾ ਹੈ ਕਿ ਜਿੰਨਾ ਕਰ ਸਕਦਾ ਹਾਂ ਉਸਦਾ ਤਾਂ ਚੌਥਾ ਹਿੱਸਾ ਵੀ ਅਜੇ ਤੱਕ ਨਹੀਂ ਕੀਤਾ ਅਤੇ ਇਸ ਖਿਆਲ ਦੀ ਦਿੱਤੀ ਹੋਈ ਬੇਚੈਨੀ ਜਾਂਦੀ ਨਹੀਂ।

# ਮਰਦ ਗ੍ਰੰਥੀ ਗਦੂਦ (ਪ੍ਰੌਸਟੇਟ) ਦਾ ਵਾਧਾ:- ਕਾਰਨ ਲੱਛਣ ਅਤੇ ਇਲਾਜ

**ਡਾ ਅਜੀਤਪਾਲ ਸਿੰਘ ਐਮ ਡੀ**

ਬੁਢਾਪੇ ਦੀ ਹਾਲਤ ਵਿੱਚ ਮਰਦਾਂ ਨੂੰ ਪੰਜਾਹ ਤੋਂ ਸੱਠ ਸਾਲ ਦੀ ਉਮਰ ਪਿੱਛੋਂ ਹੋਣ ਵਾਲੇ ਇਸ ਰੋਗ ਨੂੰ ਗਦੂਦ (ਪ੍ਰੋਸਟੇਟ) ਦਾ ਵਾਧਾ ਕਿਹਾ ਜਾਂਦਾ ਹੈ। ਗਦੂਦ ਮਰਦਾਂ ਵਿੱਚ ਪਿਸ਼ਾਬ ਦੇ ਬਲੈਡਰ ਦੇ ਅੰਦਰਲੇ ਲਾਂਘੇ ਨੂੰ ਘੇਰ ਕੇ ਰੱਖਦਾ ਹੈ ਅਤੇ ਇਹ ਮਾਸ ਸੂਤਰਾਂ ਨਾਲ ਬਣਿਆ ਹੁੰਦਾ ਹੈ। ਸੂਤ੍ਰਿਕ ਤੰਤੂਆਂ ਨਾਲ ਇੱਛਾ ਦੇ ਕੰਟਰੋਲ ਅਧੀਨ ਰਹਿਣ ਵਾਲੇ ਇਸ ਗਦੂਦ ਦੇ ਦੋ ਭਾਗ ਹੁੰਦੇ ਹਨ। ਇਸ ਦਾ ਵਜ਼ਨ ਵੀਹ ਤੋਂ ਪੱਚੀ ਗ੍ਰਾਮ ਅਤੇ ਇਸ ਦੀ ਸ਼ਕਲ ਅਖਰੋਟ ਵਰਗੀ ਹੁੰਦੀ ਹੈ ਇਸ ਵਿੱਚ ਇੱਕ ਕਿਸਮ ਦਾ ਜੋ ਰਸ ਬਣਦਾ ਹੈ ਉਹ ਸਫੈਦ ਚਿਕਨਾ ਤੇ ਤਰਲ ਹੁੰਦਾ ਹੈ। ਸੰਭੋਗ ਸਮੇਂ ਵੀਰਜ ਵਿੱਚ ਇਹ ਤਰਲ ਪਦਾਰਥ ਮਿਲ ਜਾਂਦਾ ਹੈ। ਵੀਰਜ ਵਿੱਚੋਂ ਜੋ ਇੱਕ ਵਿਸ਼ੇਸ਼ ਕਿਸਮ ਦੀ ਬੋਅ ਆਉਂਦੀ ਹੈ ਉਹ ਇਸ ਤਰਲ ਪਦਾਰਥ (ਰਸ) ਕਰਕੇ ਹੀ ਹੁੰਦੀ ਹੈ। ਵੀਰਜ ਵਿਚਲੇ ਸ਼ਕਰਾਣੂ ਇੱਕ ਤਰ੍ਹਾਂ ਦੇ ਗ਼ੈਰ ਤੇਜਾਬੀ ਦਸ਼ਾ ਵਿੱਚ ਹੀ ਜਿਊਂਦੇ ਰਹਿੰਦੇ ਹਨ। ਇਸ ਮਰਦਾਨਾ ਗ੍ਰੰਥੀ (ਗਦੂਦ) ਦਾ ਨਿਕਲਿਆ ਤਰਲ ਖਾਰਾ ਚਿਕਨਾ ਅਤੇ ਪਤਲਾ ਹੁੰਦਾ ਹੈ ਇਸ ਲਈ ਸ਼ਕਰਾਣੂ ਇਸ ਤਰਲ ਵਿੱਚ ਸਰਕਦੇ ਤੇ ਦੌੜ ਭੱਜ ਬੜੀ ਅਸਾਨੀ ਨਾਲ ਕਰਦੇ ਰਹਿੰਦੇ ਹਨ। ਮਰਦਾਂ ਵਿੱਚ ਸ਼ਕਰਾਣੂ ਕੋਸ਼ ਦੀ ਜਦ ਸੋਜ ਹੋਣ ਲੱਗਦੀ ਹੈ ਤਾਂ ਮਰਦ ਗ੍ਰੰਥੀ ਗਦੂਦ 'ਚ ਵਾਧਾ ਹੋਣ ਲੱਗਦਾ ਹੈ। ਇਸ ਹਾਲਤ ਵਿੱਚ ਪੇਸ਼ਾਬ ਬੰਦ ਹੋਣ ਦਾ ਡਰ ਰਹਿੰਦਾ ਹੈ। ਪਿਸ਼ਾਬ ਰਾਹੀਂ ਤੇਜਾਬੀ ਹੋਏ ਮੂਤਰ ਮਾਰਗ ਨੂੰ ਇਹ ਰਸ ਖਾਰਾ ਬਣਾਉਂਦਾ ਹੈ। ਸ਼ਕਰਾਣੂ ਤੇਜਾਬੀ ਮਹੌਲ ਵਿੱਚ ਜਿਊਂਦੇ ਨਹੀਂ ਰਹਿ ਸਕਦੇ।ਇਹ ਖਾਰਾ ਮਰਦ ਗ੍ਰੰਥੀ ਰਸ ਹੀ ਉਹਨਾਂ ਨੂੰ ਜਿਊਂਦੇ ਰਖਦਾ ਹੈ। ਸੰਭੋਗ ਸਮੇਂ ਮਰਦ ਗ੍ਰੰਥੀ ਗਦੂਦ ਦੇ ਵਿਸ਼ੇਸ਼ ਪੇਸ਼ੀ ਤੰਤੂ ਮੂਤਰ ਬਲੈਡਰ ਦੇ ਮੂੰਹ ਨੂੰ ਰਿੰਗ ਦੀ ਤਰ੍ਹਾਂ ਜਕੜਦੇ ਹੋਏ ਬੰਦ ਕੇ ਦਿੰਦੇ ਹਨ।ਇਸ ਲਈ ਵੀਰਜ ਦੇ ਨਾਲ ਪੇਸ਼ਾਬ ਬਾਹਰ ਨਹੀਂ ਆ ਸਕਦਾ, ਕਾਮਉਤੇਜਨਾ ਰੁਕ ਜਾਣ ਪਿਛੋਂ ਮੂਤਰ ਮਾਰਗ ਫਿਰ ਖੁਲ੍ਹ ਜਾਂਦਾ ਹੈ। ਇਸ ਤਰ੍ਹਾਂ ਮਰਦ ਵਿੱਚ ਮੂਤਰ ਮਾਰਗ ਤੇ ਸ਼ਕਰਾਣੂ ਨਿਰਮਿਤ ਮਾਰਗ ਇੱਕ ਹੋਣ ਤੇ ਵੀ ਦੋ ਵੱਖ ਵੱਖ ਰਾਹ ਹੋ ਜਾਂਦੇ ਹਨ।

**ਮਰਦ ਗ੍ਰੰਥੀ(ਗਦੂਦ) ਦੇ ਵਾਧੇ ਦੇ ਮੁੱਖ ਕਾਰਨ :-**

ਇਸ ਮਰਦ ਗ੍ਰੰਥੀ ਗਦੂਦ ਦੇ ਵਾਧੇ ਵਿੱਚ ਮਰਦ ਹਾਰਮੋਨ ਟੈਸਟੋਸਟੀਰੋਨ ਦੀ ਪੈਦਾਇਸ਼ ਘਟ ਜਾਂਦੀ ਹੈ ਅਤੇ ਔਰਤ ਹਾਰਮੋਨ ਈਸਟਰੋਜਨ ਦੀ ਪੈਦਾਇਸ਼ ਮੁਕਾਬਲਤਨ ਘੱਟ ਨਹੀਂ ਹੁੰਦੀ ਹੈ। ਹਾਰਮੋਨਾਂ ਦੇ ਇਸ ਵਿਗੜੇ ਤਵਾਜ਼ਨ ਨਾਲ ਅਕਸਰ ਦੋ ਪ੍ਰਕਾਰ ਦਾ ਵਾਧਾ ਹੁੰਦਾ ਹੈ, ਸਨਾਯੂ ਤੰਤੂ ਵਾਧਾ ਤੇ ਪ੍ਰੋਸਟਰੇਟ(ਗਦੂਦ) ਦਾ ਵਾਧਾ।

**ਹੋਰ ਕਾਰਨ:-** ਅਸਧਾਰਨ ਹਰਜਾ ਜਿਵੇਂ ਸਕੂਟਰ ਸਾਈਕਲ ਚ ਕਠੋਰ ਚੀਜ਼ ਤੇ ਬੈਠਣ, ਉੱਚੇ ਨੀਵੇਂ ਕੁੱਦਣ,ਅਯੋਨੀ (ਗੈਰ ਕੁਦਰਤੀ) ਸੰਭੋਗ ਆਦਿ। ਪਿਸ਼ਾਬ ਦੇ ਬਲੈਡਰ ਦੀ ਇਨਫੈਕਸ਼ਨ, ਪਿਸ਼ਾਬ ਦੇ ਬਲੈਡਰ ਦੀ ਸੋਜ, ਪੇਸ਼ਾਬ ਦੀ ਪੱਥਰੀ, ਗਠੀਆ, ਸੁਜਾਕ, ਸ਼ੂਗਰ (ਡਾਇਬਟੀਜ਼) ਦੀ ਬੀਮਾਰੀ ਨਾਲ ਮਰਦ ਗ੍ਰੰਥੀ ਗਦੂਦ ; (ਪਰੋਸਟੇਟ) ਤੇ ਅਸਰ ਪੈਂਦਾ ਹੈ। ਸਿੱਟੇ ਵਜੋਂ ਇਸ ਦੇ ਵਾਧੇ ਦਾ ਕਾਰਨ ਬਣਦਾ ਹੈ। ਚਿੰਤਾ, ਵੱਧ ਸ਼ਰਾਬ ਪੀਣਾ ਤੇ ਦੂਸ਼ਿਤ ਆਹਾਰ-ਵਿਹਾਰ ਦੀ ਵਰਤੋਂ ਵੀ ਗਦੂਦ (ਪਰੋਸਟੇਟ) ਦੇ ਵਾਧੇ ਦਾ ਕਾਰਨ ਹੈ।

**ਲੱਛਣ:-** ਵਾਰ ਵਾਰ ਪਿਸ਼ਾਬ ਕਰਨ ਦੀ ਇੱਛਾ,ਪੇਸ਼ਾਬ ਵਿੱਚ ਖੂਨ, ਪੇਡੂ ਵਿੱਚ ਦਰਦ ਜੋ ਸਥਾਈ ਰਹਿੰਦਾ ਹੈ ਤੇ ਪਿਸ਼ਾਬ ਕਰਨ ਪਿੱਛੋਂ ਵੀ ਨਹੀਂ ਘਟਦਾ। ਆਖਰ ਪੇਸ਼ਾਬ ਦਾ ਬੰਨ ਪੈ ਸਕਦਾ ਹੈ, ਜਿਸ ਦਾ ਮਾੜਾ ਅਸਰ ਗੁਰਦਿਆ ਤੇ ਵੀ ਪੈਂਦਾ ਹੈ।ਮਰਦ ਗ੍ਰੰਥੀ ਵਾਧੇ ਦੀ ਸ਼ੁਰੂਆਤੀ ਅਵਸਥਾ ਚ ਸੰਭੋਗ ਦੀ ਇੱਛਾ ਵਧ ਜਾਂਦੀ ਹੈ ਪਰ ਪਿੱਛੋਂ ਕਾਮ ਸ਼ਕਤੀ ਘੱਟਦੀ ਹੈ ਤੇ ਨਿਪੁੰਸਕਤਾ ਪੈਦਾ ਹੋ ਜਾਂਦੀ ਹੈ। ਗਦੂਦ ਦੇ ਵਾਧੇ ਤੋਂ ਪਹਿਲਾਂ ਵਾਰ ਵਾਰ ਪਿਸ਼ਾਬ ਕਰ ਕਰਨ ਦੀ ਇੱਛਾ ਹੋਣ ਤੇ ਪਿਸ਼ਾਬ ਦੀ ਰੁਕਾਵਟ, ਖੂਨ ਆਉਣ ਤੇ ਪਿਸ਼ਾਬ ਦੇ ਬਲੱਡਰ ਦੀ ਸੋਜ ਆਦਿ ਲੱਛਣ ਪ੍ਰਗਟ ਹੁੰਦੇ ਹਨ। ਪੰਜਾਹ ਤੋਂ ਸੱਠ ਸਾਲ ਦੀ ਉਮਰ ਚ ਆਦਮੀ ਰਾਤ ਨੂੰ ਕਈ ਵਾਰ ਪਿਸ਼ਾਬ ਕਰਨ ਉਠਦਾ ਹੈ। ਇਹ ਮਰਦ ਗ੍ਰੰਥੀ ਚ ਪੈਦਾ ਹੋ ਚੁੱਕੀ ਸੋਜ ਵੱਲ ਇਸ਼ਾਰਾ ਹੁੰਦਾ ਹੈ। ਵਾਰ ਵਾਰ ਪਿਸ਼ਾਬ ਕਰਨਾ ਤੇ ਕਰਦੇ ਸਮੇਂ ਪਿਸ਼ਾਬ ਦਾ ਰੁਕ ਜਾਣਾ, ਮੂਤਰ ਨਾਲੀ 'ਚ ਜਲਨ ਮਹਿਸੂਸ ਹੋਣੀ ਜ਼ੋਰ ਲੱਗਣ ਤੇ ਦਰਦ ਨਾਲ ਦੋ ਚਾਰ ਬੂੰਦਾ ਪੇਸ਼ਾਬ ਆਉਣ ਵਰਗੇ ਲੱਛਣ ਪੈਦਾ ਹੁੰਦੇ ਹਨ। ਪੇਸ਼ਾਬ ਤਿਆਗਣ ਸਮੇਂ ਬੂੰਦ ਬੂੰਦ ਕਰਕੇ ਆਉਣ ਦਾ ਰੁਝਾਨ ਹੁੰਦਾ ਹੈ।ਮੂਤਰ ਦੀ ਧਾਰ ਕਮਜ਼ੋਰ ਪਤਲੀ ਹੋ ਜਾਂਦੀ ਹੈ ਜੋ ਦੂਰ ਨਾ ਡਿੱਗ ਕੇ ਨੇੜੇ ਡਿੱਗਦੀ ਹੈ। ਇਸ ਨਾਲ ਮੂਤਰਮਾਰਗ ਵਿੱਚ ਜਲਣ ਤੇ ਵੇਦਨਾ ਹੁੰਦੀ ਹੈ। ਬਲੈਡਰ ਦੀ ਜਾਂਚ ਪਰਖ ਗੁਦਾ ਮਾਰਗ ਵਿੱਚ ਉਂਗਲ ਪਾ ਕੇ ਕੀਤੀ ਦਿੱਤੀ ਜਾਂਦੀ ਹੈ ਉਂਗਲੀ ਨੂੰ ਵਧੀ ਹੋਈ ਗ੍ਰੰਥੀ ਦਾ ਸਪਰਸ਼ ਹੋ ਜਾਂਦਾ ਹੈ ਇਹ ਗ੍ਰੰਥੀ ਅਕਸਰ ਬੁਢਾਪੇ ਸਮੇਂ ਹੀ ਵਧਦੀ ਹੈ।

**ਖੂਨ ਦੀ ਜਾਂਚ:-**ਅੰਤਿਮ ਅਵਸਥਾ ਵਿੱਚ ਦੇਰ ਤੱਕ ਪਿਸ਼ਾਬ ਰੁਕੇ ਰਹਿਣ ਨਾਲ ਯੂਰੀਆਂ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕਦਾ ਅਤੇ ਇਸ ਹਾਲਤ ਵਿੱਚ ਯੂਰੀਆ ਖ਼ੂਨ ਅੰਦਰ ਮਿਲ ਜਾਂਦਾ ਹੈ।ਜਿਸ ਨਾਲ ਪੇਸ਼ਾਬ ਦਾ ਜ਼ਹਿਰੀਲਾਪਣ ਪੈਦਾ ਹੋ ਜਾਂਦਾ ਹੈ।ਖ਼ੂਨ ਵਿੱਚ ਯੂਰੀਆ ਦੀ ਮੌਜੂਦਗੀ ਵਧੀ ਮਿਲਦੀ ਹੈ।

**ਪੇਸ਼ਾਬ ਦੀ ਜਾਂਚ:**

ਖਾਸ ਕਰਕੇ ਗੁਰੂਤਵ(ਗਰੈਵਟੀ) ਘੱਟੋ ਜਾਂਦੀ ਹੈ ਪਿਸ਼ਾਬ ਵਿੱਚ ਵਧੇ ਹੋਏ ਪੱਸ ਸੈਲ(ਇਨਫੈਕਸ਼ਨ) ਪਾਏ ਜਾਂਦੇ ਹਨ। ਗਦੂਦਾ ਦੇ ਵਧੇ ਹੋਣ ਦਾ ਕਾਰਨ ਕੈਂਸਰ ਵੀ ਹੋ ਸਕਦਾ ਹੈ। ਕੈਂਸਰ ਨੂੰ ਨਿਰਧਾਰਿਤ ਕਰਨ ਲਈ ਖੂਨ ਦਾ ਪੀਐੱਸਏ(ਫੰਓ) ਲੈਵਲ ਟੈਸਟ ਕਰਾਇਆ ਜਾਂਦਾ ਹੈ।ਪਿਸ਼ਾਬ ਦਾ ਪੀਐਸਏ ਲੇਬਲ ਤਾਂ ਇਨਫੈਕਸ਼ਨ ਕਾਰਨ ਵੀ ਵਧ ਜਾਂਦਾ ਹੈ ਪਰ ਜੇ ਬਹੁਤ ਹੀ ਜ਼ਿਆਦਾ ਵਧਿਆ ਹੋਵੇ ਤਾਂ ਕੈਂਸਰ ਦੀ ਸੰਭਾਵਨਾ ਬਣ ਜਾਂਦੀ ਹੈ।ਪਹਿਲਾਂ ਤਾਂ ਪਿਸ਼ਾਬ ਦੀ ਇਨਫੈਕਸ਼ਨ ਨੂੰ ਕੰਟਰੋਲ ਕਰਨ ਲਈ ਐਂਟੀਬਾਇਟਿਕ ਦਾ ਕੋਰਸ ਦਿੱਤਾ ਜਾਂਦਾ ਹੈ ਤੇ ਫੇਰ ਪੀਐਸਏ ਦੁਬਾਰਾ ਲੈ ਜਾਂਦਾ ਹੈ।ਜੇ ਪੀਐੱਸਏ ਲੈਵਲ ਫੇਰ ਵੀ ਨਹੀਂ ਘਟਦਾ ਤਾਂ ਕੈਂਸਰ ਦੀ ਸੰਭਾਵਨਾ ਲਾਈ ਜਾਂਦੀ ਹੈ।

**ਇਲਾਜ:-**ਪ੍ਰੋਸਟੇਟ (ਗਦੂਦ) ਦੇ ਸਾਈਜ਼ ਦੇ ਵਧਣ ਦੇ ਕਾਰਨ ਦਾ ਪਤਾ ਲਾ ਕੇ ਹੀ ਇਲਾਜ ਸ਼ੁਰੂ ਕਰਨਾ ਹੁੰਦਾ ਹੈ। ਪਹਿਲਾਂ ਤਾਂ ਦਵਾਈਆਂ ਰਾਹੀਂ ਸਾਈਜ਼ ਘਟਾਉਣ ਦੀ ਕੋਸ਼ਿਸ਼ ਹੁੰਦੀ ਹੈ ਨਹੀਂ ਤਾਂ ਅੰਤ ਵਿੱਚ ਫਿਰ ਸਰਜਰੀ(ਅਪ੍ਰੇਸ਼ਨ) ਹੀ ਇਸ ਦਾ ਹੱਲ ਹੁੰਦਾ ਹੈ।ਯੂਰੀਮੈਕਸ ਦੀਆਂ ਗੋਲੀਆਂ ਦੀ ਇੱਕ ਖੁਰਾਕ ਰੋਜ਼ਾਨਾ ਦਿੰਦੇ ਰਹਿਣ ਨਾਲ ਪਿਸ਼ਾਬ ਦੀ ਰੁਕਾਵਟ ਛੇਤੀ ਕੀਤੇ ਨਹੀਂ ਹੁੰਦੀ ਤੇ ਕਾਫੀ ਸਾਲ ਇਉਂ ਹੀ ਲੰਘ ਜਾਂਦੇ ਹਨ। ਜੇ ਪ੍ਰੋਸਟੇਟ ਗ੍ਰੰਥੀ ਦਾ ਕੈਂਸਰ ਲੱਗਦਾ ਹੋਵੇ ਤਾਂ ਉਸ ਦੀ ਜਾਂਚ ਕਿਸੇ ਮਾਹਰ ਡਾਕਟਰ(ਯੂਰੋਲੋਜਿਸਟ) ਤੋਂ ਕਰਵਾਉਣੀ ਬਣਦੀ ਹੈ ਅਤੇ ਪੀਐਸਏ ਦੇ ਪੱਧਰ ਹੋਣ ਦੀ ਜਾਂਚ ਨਾਲ ਹੀ ਪਤਾ ਲੱਗ ਜਾਂਦਾ ਹੈ। ਕੈਂਸਰ ਦਾ ਇਲਾਜ ਹਾਰਮੋਨ ਥੈਰਪੀ ਰਾਹੀਂ ਕਰਨ ਦੇ ਵੀ ਤਜ਼ਰਬੇ ਹੋ ਚੁੱਕੇ ਹਨ ਜੋ ਮਰੀਜ਼ ਨੂੰ ਕਾਫੀ ਰਾਹਤ ਮੁਹੱਈਆ ਕਰਵਾ ਦਿੰਦੇ ਹਨ ਪਰ ਕੈਂਸਰ ਦੀ ਸਟੇਜ ਜੇ ਅੱਗੇ ਵਧੀ ਹੋਵੇ ਤਾਂ ਇਸ ਦਾ ਇਲਾਜ ਜਟਲ ਹੋ ਜਾਂਦਾ ਹੈ। ਇਸ ਦੀ ਗੰਭੀਰ ਲੱਛਣ ਦਾ ਇਲਾਜ ਅਖ਼ੀਰ ਤੱਕ ਜਾਰੀ ਰਹਿੰਦਾ ਹੈ। ਜੇ ਕੈਂਸਰ ਸ਼ਰੀਰ ਦੇ ਬਾਕੀ ਅੰਗਾਂ ਤਕ ਵੀ ਫੈਲ ਜਾਵੇ(ਖਾਸ ਕਰਕੇ ਜਿਗਰ ਤੇ ਹੱਡੀਆਂ) ਤਾਂ ਸਥਿਤੀ ਕਾਫੀ ਚਿੰਤਾਜਨਕ ਹੋ ਜਾਂਦੀ ਹੈ।ਇਸ ਦਾ ਗੰਭੀਰ ਨੋਟਿਸ ਲੈ ਕੇ ਇਲਾਜ ਲੰਮੇ ਸਮੇਂ ਤਕ ਚਲਾਇਆ ਜਾਣਾ ਚਾਹੀਦਾ ਹੈ।ਬਿਮਾਰੀ ਕਿੰਨੀ ਵੀ ਜਟਿਲ ਹੋਵੇ ਹੌਸਲਾ ਨਹੀਂ ਛੱਡਣਾ ਚਾਹੀਦਾ। ਆਖ਼ਰੀ ਦਮ ਤਕ ਜੂਝਦੇ ਰਹਿਣ ਨਾਲ ਹੀ ਜ਼ਿੰਦਗੀ ਦੀ ਗੱਡੀ ਰੋੜ੍ਹੀ ਜਾ ਸਕਦੀ ਹੈ।

(ਬਾਕੀ ਅਗਲੇ ਸਫੇ 'ਤੇ)

# ਸ਼ੂਗਰ ਦੀ ਬੀਮਾਰੀ (ਡਾਇਬਟੀਜ਼) ਪਿਛੋਕੜ ਕਾਰਨ ਲੱਛਣ ਤੇ ਇਲਾਜ



**ਡਾ ਅਜੀਤਪਾਲ ਸਿੰਘ ਐਮ ਡੀ**
**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**
91-98156-29301

ਗੱਲ 1889 ਸਾਲ ਦੀ ਹੈ ਜਰਮਨੀ ਦੇ ਆਸਕਰ ਸਿੰਕੋਵਗਕੀ ਸ਼ਰੀਰ ਬਾਰੇ ਨਵੀਂ ਨਵੀਂ-ਨਵੀਂ ਜਾਣਕਾਰੀ ਹਾਸਲ ਕਰਨ ਲਈ ਜਾਨਵਰਾਂ ਤੇ ਖੋਜ ਕਰ ਰਹੇ ਸਨ। ਇਸ ਲੜੀ ਵਿੱਚ ਉਨ੍ਹਾਂ ਨੇ ਕੁੱਤੇ ਦੇ ਪੈਨਕਰੀਆਜ਼ ਨੂੰ ਹਟਾ ਕੇ ਕੁੱਤੇ ਦੀਆਂ ਸਰੀਰਕ ਕਿਰਿਆਵਾਂ ਦਾ ਅਧਿਐਨ ਕੀਤਾ, ਜਦੋਂ ਉਨ੍ਹਾਂ ਨੂੰ ਇੱਕ ਨਵਾਂ ਤੇ ਹੈਰਾਨਕੁੰਨ ਸਿੱਟਾ(ਸਬੂਤ) ਮਿਲਿਆ। ਉਨ੍ਹਾਂ ਵੇਖਿਆ ਕਿ ਕੁੱਤੇ ਦੀ ਪੈਨਕਰੀਆਜ਼ ਨੂੰ ਹਟਾ ਦੇਣ ਨਾਲ ਕੁੱਤੇ ਦੇ ਖੂਨ ਚ ਸ਼ੂਗਰ ਦੀ ਮਾਤਰਾ ਵੱਧ ਗਈ। ਨਾਲ ਹੀ ਪਿਸ਼ਾਬ ਵਿੱਚ ਸ਼ੂਗਰ ਜਾਣ ਲੱਗੀ। ਡਾਕਟਰੀ ਜਗਤ ਵਿੱਚ ਇਹ ਇੱਕ ਅਜਿਹੀ ਖੋਜ ਸੀ, ਜਿਸ ਨੇ ਸ਼ੂਗਰ ਦੀ ਬਿਮਾਰੀ(ਡਾਇਬਟੀਜ਼) ਦਾ ਭੇਦ ਖੋਹਲ ਦਿੱਤਾ। ਡਾਇਬਿਟੀਜ਼ ਦੇ ਇਤਿਹਾਸ ਵਿੱਚ ਇਸ ਮਹੱਤਵਪੂਰਨ ਖੋਜ ਨੇ ਇਸ ਰੋਗ ਦੇ ਇਲਾਜ ਦੇ ਦਰਵਾਜ਼ੇ ਵੀ ਖੋਲ੍ਹ ਦਿੱਤੇ। ਇਸ ਨਵੀਂ ਖੋਜ ਨਾਲ ਇੱਕ ਗੱਲ ਸਾਫ਼ ਹੋ ਗਈ ਕਿ ਪੈਨਕਰੀਆਜ਼ ਵਿੱਚ ਅਜਿਹਾ ਤਰਲ ਬਣਦਾ ਹੈ ਜੋ ਸਰੀਰ ਦੇ ਗੁਲੂਕੋਜ਼ ਨੂੰ ਕੰਟਰੋਲ ਕਰਦਾ ਹੈ। ਪਿੱਛੋਂ ਲੈਂਗਰਹੈਂਸ ਨੇ ਪੈਨਕ੍ਰਿਆਜ਼ ਵਿੱਚ ਉਸ ਤਰਲ (ਰਸਾਇਣ) ਬਣਾਉਣ ਵਾਲੇ ਸੈਲਾ ਦੀ ਖੋਜ ਕੀਤੀ। ਡਾਕਟਰੀ ਜਗਤ ਨੇ ਇਨ੍ਹਾਂ ਸੈੱਲਾਂ ਦਾ ਨਾਮ ਇਸ ਖੋਜ ਕਰਤਾ ਦੇ ਨਾਂ ਤੇ ਰੱਖ ਦਿੱਤਾ। ਉਹਨਾਂ ਨੂੰ "ਆਈਲੈਟਸ ਆਫ ਲੈਂਗਰਹੈਂਸ (ਲੈਂਗਰਹੈਂਸ ਦੀਪ ਸਮੂਹ)" ਜਾਣਿਆ ਜਾਣ ਲੱਗਿਆ ਪਰ ਅਜੇ ਵੀ ਸ਼ੂਗਰ ਦੀ ਬੀਮਾਰੀ (ਡਾਇਬਿਟੀਜ) ਦਾ ਇਲਾਜ ਸੰਭਵ ਨਹੀਂ ਹੋ ਰਿਹਾ ਸੀ। ਸ਼ੂਗਰ ਦੇ ਰੋਗੀ ਲਾਇਲਾਜ ਮੰਨੇ ਜਾਂਦੇ ਸਨ ਅਤੇ ਹਸਪਤਾਲਾਂ ਵਿੱਚ ਭਰਤੀ ਹੋ ਕੇ ਮੌਤ ਦੀ ਉਡੀਕ ਕਰਦੇ ਰਹਿੰਦੇ। ਬਚਪਨ ਵਿੱਚ ਡਾਇਬਟੀਜ਼ ਨਾਲ ਪੀੜਤ ਆਪਣੇ ਦੋਸਤ ਦੀ ਮੌਤ ਨੇ ਸਰ ਬੈਂਟਿਗ ਨੂੰ ਝਜ਼ੋੜ ਦਿੱਤਾ। ਉਸ ਨੇ ਪ੍ਰਣ ਕੀਤਾ ਕਿ ਆਪਣੇ ਜਿਉਂਦੇ ਜੀ ਉਸ ਰੋਗ ਤੇ ਜਿੱਤ ਹਾਸਲ ਕਰਕੇ ਹੀ ਰਹਿਣਗੇ। ਉਸ ਨੇ ਦਿਨ ਰਾਤ ਆਪਣੇ ਸਹਿਯੋਗੀ ਚਾਰਲਸ ਹਰਬਰਟ ਨਾਲ ਮਿਲ ਕੇ ਖੋਜ ਕੀਤੀ ਤੇ ਆਖਰਕਾਰ ਸਫਲਤਾ ਮਿਲ ਵੀ ਗਈ। ਸੰਨ 1921 ਵਿੱਚ ਉਸ ਨੇ ਇਨਸੂਲਿਨ ਦੀ ਖੋਜ ਕਰਨ ਲਈ। ਇਸ ਕਰਾਤੀਕਾਰੀ ਖੋਜ ਵਿੱਚ ਉਸ ਨੇ ਡਾਕਟਰ ਕੂਲਿਪ, ਡਾਕਟਰ ਮੈਕਿਲ ਆਡ ਦਾ ਵੀ ਭਰਪੂਰ ਸਹਿਯੋਗ ਲਿਆ। ਪੂਰੇ ਸੰਸਾਰ ਵਿੱਚ ਉਹਨਾਂ ਨੂੰ ਮਾਣ ਇੱਜਤ ਮਿਲੀ। ਸੰਨ 1923 ਵਿੱਚ ਇਹਨਾਂ ਚਾਰਾਂ ਨੂੰ ਨੋਬਲ ਪੁਰਸਕਾਰ ਨਾਲ ਨਿਵਾਜਿਆ ਗਿਆ।


**ਇੰਸੂਲਿਨ ਦਾ ਪਹਿਲਾ ਟੀਕਾ:-**

ਇਨਸੂਲਿਨ ਦੀ ਖੋਜ ਤੋਂ ਪਹਿਲਾਂ ਡਾਇਬਟੀਜ਼ (ਸ਼ੂਗਰ ਦੀ ਬਿਮਾਰੀ) ਦੇ ਰੋਗੀ ਮੌਤ ਨੂੰ ਉਡੀਕਦੇ ਰਹਿੰਦੇ ਸਨ।ਡਾਕਟਰ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੋਈ ਪਾਏਦਾਰ ਦਵਾਈ ਨਾ ਹੋਣ ਕਰਕੇ ਉਨ੍ਹਾਂ ਨੂੰ ਬਚਾ ਨਹੀਂ ਸਕਦੇ ਸਨ। ਟਾਈਪ-1 ਡਾਇਬਿਟੀਜ ਨਾਲ ਪੀੜਤ ਲਿਓਜਾਰਡ ਥਾਮਸਨ ਦਾ ਵੀ ਇਹੀ ਹਾਲ ਸੀ। ਹੁਣ ਉਹ ਟੋਰਾਂਟੋ ਜਨਰਲ ਹਸਪਤਾਲ ਚ ਮਰਨ ਕਿਨਾਰੇ ਪਿਆ ਸੀ ਪਰ ਮੌਕਾਮੇਲ ਵੇਖੋ, ਬੈਟਿੰਗ ਨੇ ਬੇਸਟ ਵੱਲੋਂ ਖੋਜੀ ਗਈ ਇਨਸੂਲਿਨ ਦਾ ਪਹਿਲਾ ਟੀਕਾ ਇਸ ਬੱਚੇ ਨੂੰ ਲਾਉਂਣ ਦਾ ਫੈਸਲਾ ਲਿਆ। 12 ਜਨਵਰੀ 1922 ਨੂੰ ਇਸ ਨੂੰ ਇਨਸੂਲਿਨ ਦਾ ਪਹਿਲਾ ਟੀਕਾ ਲਾਇਆ ਗਿਆ, ਬੁਝਦੀ ਲੋਅ ਫਿਰ ਤੋਂ ਜਲਣ ਲੱਗੀ, ਲਿਓਨਾਰਡ 'ਚ ਜ਼ਿੰਦਗੀ ਮੁੜ ਆਈ। ਇਸ ਤਰ੍ਹਾਂ ਡਾਇਬਿਟੀਜ ਦੇ ਇਤਿਹਾਸ 'ਚ ਇੰਸੂਲਿਨ ਦਾ ਇਹ ਪਹਿਲਾ ਟੀਕਾ ਲੈਣ ਵਾਲਾ ਵਿਅਕਤੀ ਬਣਿਆ।

ਰੋਗੀਆਂ ਨੂੰ ਕਿਹੜੀਆਂ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਅਤੇ ਵੱਖ ਵੱਖ ਇਲਾਜ ਪ੍ਰਣਾਲੀ ਚ ਇਸ ਦਾ ਇਲਾਜ ਕਿਹੋ ਜਿਹਾ ਹੈ ਤੇ ਸਾਰੀ ਗੱਲ ਸ਼ੂਗਰ ਦੀ ਬਿਮਾਰੀ ਬਾਰੇ ਇਸ ਲੇਖ ਵਿੱਚ ਦੱਸੀ ਜਾਵੇਗੀ ਪਰ ਪਹਿਲਾਂ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਕਰਨੀਆ ਬਾਕੀ ਹਨ ਜਿਨ੍ਹਾਂ ਦੀ ਜਾਣਕਾਰੀ ਦੇਣੀ ਲਾਜ਼ਮੀ ਹੈ,ਖ਼ਾਸ ਕਰਕੇ ਸ਼ੂਗਰ ਦੇ ਰੋਗੀਆਂ ਲਈ ਤਾਂ ਬੇਹੱਦ ਜ਼ਰੂਰੀ ਹੈ। ਡਾਕਟਰ ਇਲਿਅਟ ਪੀ. ਜਾਸਲਿਨ ਨੇ ਇਸ ਵਾਰੇ ਬੜੀ ਹੀ ਮਹੱਤਵਪੂਰਨ ਗੱਲ ਕਹੀ ਹੈ ਉਹ ਨੇ ਕਿਹਾ ਹੈ " ਸ਼ੂਗਰ ਦੇ ਜਿਸ ਰੋਗੀ ਨੂੰ ਸਭ ਤੋਂ ਵੱਧ ਗਿਆਨ ਹੋਵੇ ਉਹ ਸਭ ਤੋਂ ਵੱਧ ਸਮਾਂ ਜਿਉਂਦਾ ਰਹਿੰਦਾ ਹੈ।" ਇਨਸੂਲਿਨ ਤੇ ਉਸ ਦੀ ਕਾਰਜ ਪ੍ਰਣਾਲੀ ਨੂੰ ਸਮਝਣ ਤੋਂ ਪਹਿਲਾਂ ਸਰੀਰ ਦੀ ਕਾਰਜ ਪ੍ਰਣਾਲੀ ਨੂੰ ਸਮਝ ਲੈਣਾ ਠੀਕ ਹੋਵੇਗਾ।

**ਸਰੀਰ ਦੀ ਕਾਰਜ ਪ੍ਰਣਾਲੀ:-**

ਇਸ ਗੱਲ ਨੂੰ ਅਸੀਂ ਜਾਣਦੇ ਹਾਂ ਕਿ ਸਾਡਾ ਸਰੀਰ ਬੇਹੱਦ ਸੂਖਮ ਸੈੱਲਾਂ ਤੋਂ ਬਣਿਆ ਹੈ। ਹਰੇਕ ਸੈੱਲ ਵਿੱਚ ਕਈ ਤਰ੍ਹਾਂ ਦੀਆਂ ਰਸਾਇਣਿਕ ਕਿਰਿਆਵਾਂ ਚਲਦੀਆਂ ਰਹਿੰਦੀਆਂ ਹਨ। ਇੰਨ੍ਹਾਂ ਨੂੰ ਨਿਰੰਤਰ ਚਲਾਈ ਰੱਖਣ ਲਈ ਊਰਜਾ ਦੀ ਨਿਰੰਤਰ ਲੋੜ ਰਹਿੰਦੀ ਹੈ। ਗੁਲੂਕੋਜ਼ ਉਸ ਊਰਜਾ ਦੀ ਲੋੜ ਨੂੰ ਪੂਰੀ ਕਰਦਾ ਹੈ। ਭੋਜਨ ਦਾ ਮਕਸਦ ਹੀ ਹੋਰ ਲੋੜਾਂ ਦੀ ਪੂਰਤੀ ਤੋ ਇਲਾਵਾ ਸੈੱਲਾਂ ਦੀ ਲੋੜ ਲਈ ਗੁਲੂਕੋਜ ਮੁਹੱਈਆ ਕਰਨਾ ਹੁੰਦਾ ਹੈ। ਦਰਅਸਲ ਅਸੀਂ ਜੋ ਵੀ ਭੋਜਨ ਕਰਦੇ ਹਾਂ ਉਨ੍ਹਾਂ ਵਿੱਚ ਮੌਜੂਦ ਕਾਰਬੋਹਾਈਡਰੇਟ ਅੰਤੜੀਆਂ 'ਚ ਪਾਚਣ ਕ੍ਰਿਆ ਪਿੱਛੋਂ ਗੁਲੂਕੋਜ਼ ਵਿੱਚ ਬਦਲ ਜਾਂਦਾ ਹੈ ਤੇ ਫਿਰ ਇਹ ਰੂਪਾਂਤ੍ਰਿਤ ਗੁਲੂਕੋਜ਼ ਖ਼ੂਨ ਵਿੱਚ ਮਿਲ ਕੇ ਸਰੀਰ ਦੇ ਵੱਖ ਵੱਖ ਹਿਸਿਆਂ ਵਿੱਚ ਪਹੁੰਚ ਕੇ ਸੈੱਲਾਂ ਅੰਦਰ ਜਾ ਕੇ ਉਨ੍ਹਾਂ ਨੂੰ ਊਰਜਾ ਦੇਣ ਲੱਗਦਾ ਹੈ। ਇਸ ਜਾਣਕਾਰੀ ਤੋਂ ਇਹ ਗੱਲ ਸਪੱਸ਼ਟ ਹੋਈ ਕਿ ਭੋਜਨ ਤੋਂ ਗੁਲੂਕੋਜ ਬਣਦਾ ਹੈ ਪਰ ਜਦੋਂ ਅਸੀਂ ਭੁੱਖੇ ਹੁੰਦੇ ਹਾਂ ਯਾਨੀ ਪੇਟ ਵਿੱਚ ਕੁਝ ਨਹੀਂ ਹੁੰਦਾ ਉਦੋਂ ਵੀ ਗੁਲੂਕੋਜ ਖ਼ੂਨ ਵਿੱਚ ਪਹੁੰਚਦਾ ਰਹਿੰਦਾ ਹੈ। ਉਸ ਸਮੇਂ ਇਸ ਦੀ ਸਪਲਾਈ ਲਿਵਰ ਤੋਂ ਹੁੰਦੀ ਹੈ ਜਿਸ ਚ ਗੁਲੂਕੋਜ ਦਾ ਸੁਰੱਖਿਅਤ ਭੰਡਾਰ ਔਖੇ ਵੇਲੇ



ਕੰਮ ਆਉਣ ਲਈ ਹੁੰਦਾ ਹੈ। ਜਾਣੀ ਗੁਲੂਕੋਜ ਦੀ ਸਪਲਾਈ ਹਰ ਵੇਲੇ ਹੁੰਦੀ ਰਹਿੰਦੀ ਹੈ ਤੇ ਸੈੱਲ ਊਰਜਾ ਹਾਸਲ ਕਰਦੇ ਰਹਿੰਦੇ ਹਨ। ਸੈੱਲਾਂ ਚ ਗਲਟ- 4 ਨਾਮਕ ਇੱਕ ਦਰਵਾਜ਼ਾ ਹੁੰਦਾ ਹੈ ਜੋ ਆਮ ਹਾਲਤ ਚ ਬੰਦ ਹੀ ਰਹਿੰਦਾ ਹੈ। ਅਜਿਹੇ ਵਿੱਚ ਖ਼ੂਨ ਵਾਲੇ ਗੁਰੂਕੋਜ ਦਾ ਸੈਲਾਂ ਵਿੱਚ ਦਾਖਲਾ ਸੰਭਵ ਨਹੀਂ ਹੁੰਦਾ। ਆਖਿਰ ਦਰਵਾਜ਼ਾ ਬੰਦ ਹੋਣ ਦੀ ਹਾਲਤ ਤੇ ਕੋਈ ਕਿਵੇਂ ਅੰਦਰ ਜਾ ਸਕਦਾ ਹੈ? ਅਜਿਹੇ ਚ ਇਸ ਜਟਿਲ ਪ੍ਰਕਿਰਿਆ ਰਾਹੀਂ ਇਨਸੂਲਿਨ ਸੈੱਲਾਂ ਦੇ ਦਰਵਾਜ਼ੇ ਨੂੰ ਖੋਲ੍ਹ ਕੇ ਉਸ ਵਿੱਚ ਗੁਲੂਕੋਜ਼ ਦਾ ਦਾਖਲਾ ਕਰਵਾ ਦਿੰਦੀ ਹੈ। ਇਸ ਤਰ੍ਹਾਂ ਇਨਸੂਲੀਨ ਦੇ ਮਹੱਤਵ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

**ਇਨਸੂਲਿਨ ਹੈ ਕੀ?**

ਪੇਟ ਚ ਮਹਿਦੇ ਪਿਛੇ ਸਥਿਤ ਅਗਨੀਸ਼ਾਹ (ਪੇਨਕ੍ਰਿਆਜ) ਗ੍ਰੰਥੀ ਚ ਸਥਿਤ ਉਤਿਕ ਇੰਸੂਲਿਨ ਨਾਂ ਦੇ ਹਾਰਮੋਨ ਦਾ ਨਿਰਮਾਣ ਕਰਦੇ ਹਨ ਇਨ੍ਹਾਂ ਉਤਕਾਂ ਨੂੰ "ਆਈਲੈਟਸ ਆਫ ਲੈਂਗਰਹੰਸ"ਦਾ ਨਾਂ ਦਿੱਤਾ ਗਿਆ ਹੈ। ਇਸ ਵਿੱਚ ਸਥਿਤ ਬੀਟਾ ਸੈੱਲਸ ਹੀ ਅਸਲ ਵਿੱਚ ਇਨਸੂਲੀਨ ਬਣਾਉਂਦੇ ਹਨ। ਜਦੋਂ ਵੀ ਖ਼ੂਨ ਵਿੱਚ ਇਨਸੂਲਿਨ ਦੀ ਮਾਤਰਾ ਵਧਦੀ ਹੈ ਉਦੋਂ ਬੀਟਾ ਸੈਲਜ਼ ਇਨਸੂਲਿਨ ਬਣਾਉਣ ਲੱਗਦੇ ਹਨ। ਇਹ ਇਨਸੂਲਿਨ ਖ਼ੂਨ ਦੀਆਂ ਨਸਾਂ ਰਾਹੀਂ ਸ਼ਰੀਰ ਦੇ ਵੱਖ ਵੱਖ ਭਾਗਾਂ ਵਿੱਚ ਪਹੁੰਚ ਕੇ ਗੁਲੂਕੋਜ ਨੂੰ ਸੈੱਲਾਂ ਚ ਦਾਖਲ ਕਰਨ ਲੱਗਦਾ ਹੈ ਅਤੇ ਕਈ ਤਰ੍ਹਾਂ ਦੀਆਂ ਜੈਵਿਕ ਕਿਰਿਆਵਾਂ ਉਸ ਨਾਲ ਕੰਟਰੋਲ ਰਹਿੰਦੀਆਂ ਹਨ। ਇਸ ਤਰ੍ਹਾਂ ਇਨਸੂਲਿਨ ਸੈੱਲਾਂ ਦੀ ਗਲਟ-4 ਨਾਮਕ ਦਰਵਾਜੇ ਦੇ ਤਾਲੇ ਖੋਲ੍ਹਣ ਦਾ ਕੰਮ ਕਰਦਾ ਹੈ। ਜਿਸ ਵਿੱਚ ਗੁਲੂਕੋਜ ਸੈਲਾਂ ਚ ਦਾਖਲ ਹੋ ਕੇ ਮੈਟਾਬੋਲਿਜ਼ਮ ਦੀਆਂ ਕਿਰਿਆਵਾਂ ਵਿੱਚ ਹਿੱਸਾ ਲੈਂਦਾ ਹੋਇਆ ਊਰਜਾ ਪੈਦਾ ਕਰਨ ਲੱਗਦਾ ਹੈ। ਪਾਠਕ ਇਹ ਨਾ ਸਮਝਣ ਕਿ ਇਨਸੂਲੀਨ ਦਾ ਸਿਰਫ ਇਹੀ ਕੰਮ ਹੈ ਉਹ ਗੁਲੂਕੋਜ ਨੂੰ ਸੈੱਲਾਂ ਅੰਦਰ ਪਹੁੰਚ ਜਾਵੇ।ਅਸਲ 'ਚ ਤਾਂ ਉਸ ਦੇ ਅਨੇਕਾਂ ਕੰਮਾਂ ਵਿੱਚੋਂ ਹੀ ਇਹ ਇੱਕ ਕੰਮ ਹੈ,ਇਸ ਤੋਂ ਇਲਾਵਾ ਵੀ ਹੋਰ ਕਈ ਫਰਜ਼ ਇਨਸੂਲਿਨ ਨੂੰ ਨਿਭਾਉਣੇ ਪੈਂਦੇ ਹਨ। ਇਹ ਬਲੱਡ ਪ੍ਰੈਸ਼ਰ ਤੇ ਖ਼ੂਨ ਦੇ ਕਲੈਸਟਰੋਲ ਦੇ ਕੰਟਰੋਲ ਦੀਆਂ ਕਿਰਿਆਵਾਂ 'ਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ।

**ਜਦੋਂ ਇਨਸੂਲਿਨ ਦੇ ਕੰਮ ਵਿੱਚ ਅੜਿੱਕਾ ਲੱਗਣ ਲੱਗਦਾ ਹੈ:-**

ਕਈ ਵਿਗਾੜ ਹਨ ਜੋ ਸਰੀਰ ਚ ਪੈਦਾ ਹੋ ਕੇ ਜਾਂ ਤਾਂ ਇੰਸੁਲਿਨ ਦੇ ਰਿਸਾਅ ਨੂੰ ਘੱਟ ਕਰ ਦਿੰਦੇ ਹਨ ਜਾਂ ਇਸ ਦੇ ਕਾਰਜ ਵਿੱਚ ਅੜਿੱਕਾ ਪੈਦਾ ਕਰਨ ਲੱਗਦੇ ਹਨ। ਇਨ੍ਹਾਂ ਅੜਿੱਕਿਆਂ ਕਰਕੇ ਇਨਸੂਲਿਨ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਸਕਦਾ ਸਿੱਟੇ ਵਜੋਂ ਖ਼ੂਨ ਵਿਚਲਾ ਇਨਸੂਲਿਨ ਸੈੱਲਾਂ ਵਿੱਚ ਨਹੀਂ ਪਹੁੰਚਦਾ ਅਤੇ ਉਸ ਦਾ ਪੱਧਰ ਖ਼ੂਨ ਵਿੱਚ ਵਧਣ ਲੱਗਦਾ ਹੈ ਅਤੇ "ਪਾਣੀ ਵਿੱਚ ਮੱਛੀ ਪਿਆਸੀ" ਵਰਗੀ ਹਾਲਤ ਬਣ ਜਾਂਦੀ ਹੈ। ਖ਼ੂਨ ਵਿੱਚ ਭਰਪੂਰ ਗੁਰੂਕੋਜ਼ ਹੁੰਦੇ ਹੋਏ ਵੀ ਗਲਟ-4 ਨਾਮਕ ਦਰਵਾਜ਼ਾ ਬੰਦ ਰਹਿਣ ਨਾਲ ਸੈੱਲ ਗੁਲੂਕੋਜ ਹਾਸਲ ਕਰਨ ਵਿੱਚ ਅਸਫਲ ਰਹਿਣ ਕਰਕੇ ਭੁੱਖੇ ਰਹਿ ਜਾਂਦੇ ਹਨ।ਦੂਜੇ ਪਾਸੇ ਖ਼ੂਨ ਵਿੱਚ ਵਧਿਆ ਹੋਇਆ ਗੁਲੂਕੋਜ ਕੋਈ ਤਰ੍ਹਾਂ ਦੇ ਵਗਾੜ ਪੈਦਾ ਕਰਨ ਲੱਗਦਾ ਹੈ ਅਤੇ ਇਸੇ ਹਾਲਤ ਨੂੰ ਸ਼ੂਗਰ ਰੋਗ(ਡਾਇਬਿਟੀਜ) ਕਿਹਾ ਜਾਂਦਾ ਹੈ।

**ਸ਼ੂਗਰ ਰੋਗ ਦੀਆਂ ਕਿਸਮਾਂ:-**

ਇਨਸੂਲਿਨ ਦੀ ਕਾਰਜ ਪ੍ਰਣਾਲੀ ਵਿੱਚ ਅੜਿੱਕਾ ਆਉਣ ਨਾਲ ਹੀ ਡਾਇਬਿਟੀਜ ਸ਼ੁਰੂ ਹੋ ਜਾਂਦੀ ਹੈ ਪਰ ਇਹ ਹਾਲਾਤ ਆਉਣ ਦੇ ਕਈ ਕਾਰਨ ਹੁੰਦੇ ਹਨ, ਇਨ੍ਹਾਂ ਕਾਰਨਾਂ ਨੂੰ ਦੇਖ ਕੇ ਸਮਝ ਕੇ ਸ਼ੂਗਰ ਨੂੰ ਦਾ ਵਰਗੀਕਰਨ ਕੀਤਾ ਗਿਆ ਹੈ।

**ਸ਼ੂਗਰ ਰੋਗ(ਡਾਇਬਿਟੀਜ -1):-**

ਇਹ ਇੱਕ ਗੰਭੀਰ ਰੋਗ ਮੰਨਿਆ ਜਾਂਦਾ ਹੈ। ਦਰਅਸਲ ਟਾਈਪ- ਵਨ-ਡਾਇਬਿਟੀਜ ਉਹ ਵਜ੍ਹਾ ਕਰਕੇ ਪਣਪਦੀ ਹੈ ਜਦ ਪੈਨਕਰੀਆਜ ਵਿੱਚ ਸਥਿਤ "ਆਈਲੈਟਸ ਆਫ ਲੈਂਗਰਹਾਂਸ"ਵਿੱਚ ਹਾਜ਼ਰ ਬੀਟਾ ਸੈੱਲ ਗੰਭੀਰ ਰੂਪ.ਵਿੱਚ ਹਰਜਾਗ੍ਰਿਸਤ ਹੋ ਜਾਂਦੇ ਹਨ। ਸਰੀਰ ਅੰਦਰ ਰੋਗਾਂ ਨਾਲ ਲੜਨ ਵਾਲੀ ਰੋਗ ਪ੍ਰਤੀਰਿਧਿਕ ਪ੍ਰਨਾਲੀ (ਇਮਿਊਨ ਸਿਸਟਮ) ਵਿੱਚ ਇੱਕ ਭਰਮ ਜਿਹਾ ਪੈਦਾ ਹੋ ਜਾਂਦਾ ਹੈ ਇਨ੍ਹਾਂ ਤੋਂ ਬਣਨ ਵਾਲੀਆਂ ਐਂਟੀਬਾਡੀਜ਼ ਭਰਮ ਵਿੱਚ ਰੋਗਾਣੂਆਂ ਤੇ ਬੀਟਾ ਸੈਲਜ਼ ਦੀ ਰਚਨਾ ਵਿੱਚ ਸਾਮਾਨਤਾ ਹੋਣ ਕਰਕੇ ਕੋਈ ਫਰਕ ਨਹੀਂ ਕਰ ਸਕਦਾ ਅਤੇ ਦੋਨਾਂ ਤੇ ਹਮਲਾ ਕਰ ਦਿੰਦਾ ਹੈ। ਸਿੱਟੇ ਵਜੋਂ ਇਨਫੈਕਸ਼ਨ ਵਾਲੇ ਰੋਗਾਣੂਆਂ ਦੇ ਖਾਤਮੇ ਦੇ ਨਾਲ ਨਾਲ ਬੀਟਾ ਸੈਲਜ਼ ਵੀ ਮਰ ਜਾਂਦੇ ਹਨ।

ਸਰੀਰ ਵਿੱਚ ਮੌਜੂਦ ਕੁਝ ਖਾਸ ਤਰ੍ਹਾਂ ਦੇ ਜੀਨਜ਼(ਓ ਦੀ ਵਿਸ਼ੇਸ਼ ਕਿਸਮ) ਅਮਿਊਨ ਸਿਸਟਮ ਨੂੰ ਗਲਤ ਦਿਸ਼ਾ ਵਿੱਚ ਕਾਰਜ ਕਰਨ ਦਾ ਨਿਰਦੇਸ਼ ਦੇ ਹਨ। ਇਹ ਜਿਨ੍ਹਾਂ ਬੰਦਿਆਂ 'ਚ HLA ਜੀਨਜ਼ ਹੁੰਦੇ ਹਨ। ਉਨ੍ਹਾਂ ਚ ਇਨਫੈਕਸ਼ਨ ਦੀ ਹਾਲਤ ਵਿੱਚ ਅਮੀਊਨ ਸਿਸਟਮ ਦੀ ਗਲਤ ਦਿਸ਼ਾ ਵਿੱਚ ਸਰਗਰਮੀ ਕਰਕੇ ਟਾਈਪ- ਵਨ ਡਾਇਬਿਟੀਜ ਹੁੰਦੀ ਹੈ। ਸ਼ੂਗਰ ਦੀ ਇਹ ਕਿਸਮ ਕਾਫੀ ਗੰਭੀਰ ਹੁੰਦੀ ਹੈ ਅਤੇ ਬੱਚਿਆਂ ਤੇ ਨੌਜਵਾਨਾਂ ਚ ਹੀ ਇਹ ਹੁੰਦਾ ਹੈ। ਵੈਸੇ ਇਹ ਕਿਸੇ ਵੀ ਉਮਰ ਚ ਵਿੱਚ ਹੋ ਸਕਦਾ ਹੈ। ਇਸ ਰੋਗ ਦੇ ਮੁੱਖ ਲੱਛਣ ਨੂੰ ਤਿੱਖੇ ਹੁੰਦੇ ਹਨ। ਇਨ੍ਹਾਂ ਦੇ ਪੇਸ਼ਾਬ 'ਚ ਗੁ-ਲੂਕੋਜ਼ ਦੇ ਇਲਾਵਾ ਕੀਟੋਨ ਵੀ ਆਉਣ ਲੱਗਦਾ ਹੈ। ਸਿੱਟੇ ਵਜੋਂ ਕੀਟੋਇਨ-ਸੂਲੀਨ ਦੇ ਟੀਕੇ ਦੀ ਖੋਜ ਅਜਿਹੇ ਰੋਗੀਆਂ ਲਈ ਅੰਮ੍ਰਿਤ ਤੋਂ ਘੱਟ ਨਹੀਂ। ਕਿਉਂਕਿ ਇਸ ਤੋਂ ਪਹਿਲਾਂ ਤਾਂ ਟਾਈਪ-1 ਡਾਇਬਟੀਜ਼ ਹੋਣ ਦਾ ਮਤਲਬ ਦੀ ਬੇਮੌਤ ਮਰਨਾ ਹੀ ਮੰਨਿਆ ਜਾਂਦਾ ਸੀ।

**ਟਾਈਪ -2 ਡਾਇਬਟੀਜ਼:-**

ਇਸ ਰੋਗ ਦੀ ਸ਼ੁਰੂਆਤ ਚ ਇਨਸੂਲਿਨ ਦੀ ਕਾਰਜ ਸਮਰਥਾ ਅਸਰਅੰਦਾਜ਼ ਹੋਣ ਲੱਗਦੀ ਹੈ ਇਹ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰ ਸਕਦੀ ਇਸ ਹਾਲਤ ਨੂੰ "ਇਨਸੂਲੀਨ ਅਵਰੋਧ" ਕਹਿੰਦੇ ਹਨ ਅਜਿਹੀ ਹਾਲਤ ਬਣਦਿਆਂ ਹੀ ਪੈਨਕਰੀਆਜ਼ ਵੱਧ ਇੰਸੁਲਿਨ ਬਣਾਉਣ ਲੱਗਦਾ ਹੈ ਤਾਂ ਕਿ ਖ਼ੂਨ ਚ ਗੁਲੂਕੋਜ਼ ਦੀ ਮਾਤਰਾ ਵਧੇ ਨਾ।

ਇਹ ਕੰਟਰੋਲ ਵਿੱਚ ਹੀ ਰਹੇ। ਅਜਿਹੀ ਹਾਲਤ ਨੂੰ ਹਾਈਪਰਇਨਸੂਲੀਨੀਮੀਆਂ ਕਿਹਾ ਜਾਂਦਾ ਹੈ। ਹੁਣ ਇਨਸੂਲਿਨ ਦੀ ਕਾਰਜ ਪ੍ਰਣਾਲੀ ਵਿੱਚ ਇਹ ਅੜਿੱਕਾ ਬਣਿਆ ਰਹਿੰਦਾ ਹੈ ਤਾਂ ਇਨਸੂਲਿਨ ਬਣਾਉਣ ਵਾਲੇ ਬੀਟਾ ਸੈੱਲ ਘਟਨ ਲੱਗਦੇ ਹਨ। ਸਿੱਟੇ ਵਜੋਂ ਵੀ ਇਨਸੂਲਿਨ ਦੇ ਨਿਰਮਾਣ ਚ ਕਮੀ ਆਉਣ ਲੱਗਦੀ ਹੈ ਤਾਂ ਉੱਥੋਂ ਜੋ ਰੋਗ ਪਣਪਦਾ ਹੈ ਉਸ ਨੂੰ ਡਾਇਬਟੀਜ਼ ਟਾਈਪ-ਟੂ ਕਹਿੰਦੇ ਹਨ। ਅੱਗੇ ਕੁਝ ਸਮੇਂ ਪਿੱਛੋਂ ਹਾਲਾਤ ਹੋਰ ਵੀ ਖਰਾਬ ਹੋ ਜਾਂਦੇ ਹਨ ਜਾਂ ਥੱਕੇ ਹੋਏ ਬੀਟਾ ਸੈੱਲ ਦਮ ਤੋੜ ਲੱਗਦੇ ਹਨ। ਅਜਿਹੇ ਚ ਇਨਸੁਲਿਨ ਦੀ ਮਾਤਰਾ ਹੋਰ ਵੀ ਘਟ ਜਾਂਦੀ ਹੈ। ਇਸ ਤਰ੍ਹਾਂ ਟਾਈਪ-ਟੂ-ਡਾਇਬਿਟੀਜ਼ ਇਨਸੂਲਿਨ ਦੀ ਕਾਰਜ ਸਮਰੱਥਾ ਚ ਕਮੀ ਆਉਣ ਨਾਲ ਸ਼ੁਰੂ ਹੁੰਦੀ ਹੈ ਅਤੇ ਪਿੱਛੋਂ ਇਨਸੂਲਿਨ ਘੱਟ ਹੋ ਜਾਂਦੀ ਹੈ ਭਾਵੇਂ ਕਿ ਇਸ ਤਰ੍ਹਾਂ ਦੇ ਸ਼ੂਗਰ ਰੋਗ ਦੇ ਲੱਛਣ ਤਿਖੇ ਨਹੀਂ ਹੁੰਦੇ ਪਰ ਵਿਡੰਬਨਾ ਇਹ ਹੈ ਕਿ ਰੋਗ ਦੀ ਮਾਰ ਹੇਠ ਰਹਿੰਦੇ ਹੋਏ ਵੀ ਮਰੀਜ਼ ਅਕਸਰ ਇਸ ਰੋਗ ਦੀ ਮੌਜੂਦਗੀ ਤੋਂ ਅਣਜਾਣ ਰਹਿੰਦੇ ਹਨ। ਜਿਸ ਕਰਕੇ ਉਨ੍ਹਾਂ ਕੋਈ ਪ੍ਰਹੇਜ਼ ਨਹੀਂ ਰੱਖਦੇ ਹਨ ਤੇ ਨਾ ਨਾ ਹੀ ਦਵਾਈ ਦੀ ਵਰਤੋਂ ਕਰਦੇ ਹਨ। ਇਸ ਦਾ ਨਤੀਜਾ ਕੁਝ ਸਮੇਂ ਪਿਛੋਂ ਰੋਗ ਦੇ ਗੰਭੀਰ ਹੋ ਜਾਣ ਪਿੱਛੋਂ ਹੀ ਸਾਹਮਣੇ ਆਉਂਦਾ ਹੈ,ਉਦੋਂ ਤੱਕ ਬਹੁਤ ਸਾਰੇ ਮਰੀਜ਼ ਇਸ ਰੋਗ ਦੀ ਜਟਿਲਤਾ ਦੀ ਲਪੇਟ ਵਿੱਚ ਆ ਚੁੱਕੇ ਹੁੰਦੇ ਹਨ। ਉਹ ਵਧੇ ਹੋਏ ਬਲੱਡ ਗੁਲੂਕੋਜ਼ ਅਤੇ ਕਲੈਸਟ੍ਰੋਲ ਨਾਲ ਗ੍ਰਸਤ ਹੋ ਜਾਂਦੇ ਹਨ। ਸਾਡੇ ਦੇਸ਼ ਚ 95 ਫੀਸਦੀ ਰੋਗੀ ਡਾਇਬਿਟੀਜ ਟਾਇਪ-2 ਤੋਂ ਪੀੜਤ ਹਨ।

**ਗੈਸਟੇਸ਼ਨਲ ਡਾਇਬਿਟੀਜ:-**

ਡਾਇਬਿਟੀਜ ਦੀ ਇਹ ਕਿਸਮ ਗਰਭ ਅਵਸਥਾ ਵਿੱਚ ਵੇਖਣ ਨੂੰ ਮਿਲਦੀ ਹੈ ਜਦੋਂ ਕਈ ਤਰ੍ਹਾਂ ਦੇ ਹਾਰਮੋਨਲ ਬਦਲਾਅ ਇਨਸੂਲਿਨ ਦੀ ਕਾਰਜ ਪ੍ਰਣਾਲੀ ਵਿੱਚ ਅੜਿੱਕਾ ਪਾਉਣ ਲਗਦੇ ਹਨ ਤੇ ਗਰਭਵਤੀ ਔਰਤ ਡਾਇਬਿਟੀਜ ਦੀ ਮਰੀਜ਼ ਬਣ ਜਾਂਦੀ ਹੈ। ਗਰਭ ਅਵਸਥਾ ਦੇ 6 ਵੇਂ ਮਹੀਨੇ ਇਹ ਸਥਿਤੀ ਬਣ ਸਕਦੀ ਹੈ। ਮੋਟੀਆਂ ਔਰਤਾਂ ਵਿੱਚ ਅਕਸਰ ਗੈਸਟੇਸ਼ਨਲ ਡਾਇਬਿਟੀਜ਼ ਪਾਈ ਜਾਂਦੀ ਹੈ। ਜਣੇਪੇ ਪਿਛੋਂ ਇਹ ਰੋਗ ਆਪਣੇ ਆਪ ਖਤਮ ਹੋ ਜਾਂਦਾ ਹੈ। ਡਾਇਬਟੀਜ਼ ਭਾਰਤੀ ਅਰਥਚਾਰੇ ਤੇ ਬੋਝ ਬਣਦੀ ਜਾ ਰਹੀ ਹੈ। ਬਲਡ ਗੁਲੂਕੋਜ ਕੰਟਰੋਲ ਕਰਨ ਵਾਲੀਆਂ ਦਵਾਈਆਂ ਅਕਸਰ ਇਨਸੂਲਿਨ ਤਾਂ ਬਣਾਉਂਦੀਆਂ ਹਨ ਪਰ ਉਹ ਬੀਟਾ ਸੈੱਲ ਦਾ ਪੁਨਰ ਨਿਰਮਾਣ ਨਹੀਂ ਕਰ ਸਕਦੀਆਂ। ਸ਼ੂਗਰ ਦੀ ਬੀਮਾਰੀ ਨਾਲ ਹਾਈ ਬਲੱਡ ਪ੍ਰੈਸ਼ਰ, ਕਲੈਸਟਰੋਲ ਵੱਧ ਹੋਣਾ, ਦਿਲ ਦੀਆਂ ਧਮਨੀਆ ਦਾ ਬੰਦ ਹੋਣਾ, ਕਿਡਨੀ, ਨਾਸਾ ਤੇ ਅੱਖਾਂ ਆਦਿ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

# 'ਨਸ਼ੇ ਦੀ ਆਦਤ ਛੇਤੀ ਮੇਰਾ ਪਿੱਛਾ ਨਹੀ ਛੱਡਣ ਵਾਲੀ'

ਨਸ਼ੇ ਦੀ ਓਵਰਡੋਜ਼ ਕਰਕੇ ਪਿਛਲੇ ਮਹੀਨੇ ਹਸਪਤਾਲ ਵਿੱਚ ਭਰਤੀ ਹੋਈ ਅਮਰੀਕੀ ਪੌਪ ਗਾਇਕਾ ਡੈਮੀ ਲੋਵਾਟੋ ਨੇ ਪ੍ਰੈਸ ਸਟੇਟਮੈਂਟ ਜਾਰੀ ਕੀਤੀ ਹੈ।

ਇੰਸਟਾਗ੍ਰਾਮ 'ਤੇ 25 ਸਾਲਾ ਗਾਇਕਾ ਨੇ ਲਿਖਿਆ, "ਮੈਂ ਸ਼ੁਰੂਆਤ ਤੋਂ ਹੀ ਆਪਣੀ ਨਸ਼ੇ ਦੀ ਲਤ ਨਹੀਂ ਲੁਕਾਈ। ਇਹ ਬਿਮਾਰੀ ਛੇਤੀ ਜਾਣ ਵਾਲੀ ਨਹੀਂ ਹੈ, ਮੈਨੂੰ ਇਸ ਨਾਲ ਲੜਨਾ ਪਵੇਗਾ।''

ਲੋਵਾਟੋ ਪਹਿਲਾਂ ਨਸ਼ੇ ਦੀ ਲਤ, ਬਾਈਪੋਲਰ ਅਤੇ ਖਾਣ ਨਾਲ ਜੁੜੇ ਡਿਸਆਰਡਰਜ਼ ਬਾਰੇ ਵੀ ਗੱਲ ਕਰ ਚੁਕੀ ਹੈ।

ਲੋਵਾਟੋ ਨੇ ਆਪਣੇ ਪਰਿਵਾਰ ਅਤੇ ਹਸਪਤਾਲ 'ਸੇਡਾਰਸ-ਸਿਨਾਈ' ਦੇ ਡਾਕਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਲਿਖਿਆ, ''ਜੇ ਇਹ ਨਹੀਂ ਹੁੰਦੇ ਤਾਂ ਮੈਂ ਤੁਹਾਨੂੰ ਅੱਜ ਇਹ ਲਿਖ ਨਹੀਂ ਰਹੀ ਹੁੰਦੀ''।

''ਮੈਨੂੰ ਜੀਵਤ ਰੱਖਣ ਲਈ ਮੈਂ ਰੱਬ ਦੀ ਧੰਨਵਾਦੀ ਹਾਂ। ਪਿਆਰ ਅਤੇ ਸਹਾਰੇ ਲਈ ਹਮੇਸ਼ਾ ਆਪਣੇ ਫੈਨਜ਼ ਦੀ ਸ਼ੁਕਰਗੁਜ਼ਾਰ ਹਾਂ।''

ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਮੁੜ ਤੋਂ ਠੀਕ ਹੋਣ ਲਈ ਸਮਾਂ ਚਾਹੀਦਾ ਹੈ ਅਤੇ ਉਹ ਲੜਦੀ ਰਹਿਣਗੀ।

ਲੋਵਾਟੋ ਪਿਛਲੇ ਕਈ ਸਾਲਾਂ ਤੋਂ ਨਸ਼ੇ ਦੀ ਲਤ ਤੋਂ ਜੂਝ ਰਹੀ ਹਨ ਅਤੇ ਪਿਛਲੇ ਕੁਝ ਹਫਤਿਆਂ ਵਿੱਚ ਮੁੜ ਤੋਂ ਇਸ ਦੀ ਸ਼ਿਕਾਰ ਹੋ ਗਈ ਸਨ।

'ਸਕਾਏਸਕ੍ਰੇਪਰ', 'ਕੂਲ ਫਾਰ ਦਿ ਸਮਰ' ਅਤੇ 'ਸੌਰੀ ਨੌਟ ਸੌਰੀ' ਉਨ੍ਹਾਂ ਦੇ ਹਿੱਟ ਗੀਤ ਹਨ।

ਪਿਛਲੇ ਮਹੀਨੇ ਇਸੇ ਬਿਮਾਰੀ ਕਰਕੇ ਸ਼ੋਅ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਲੰਡਨ ਦੇ ੋ2 ਅਰੀਨਾ ਵਿੱਚ ਆਪਣਾ ਕੌਨਸਰਟ ਰੱਦ ਕਰ ਦਿੱਤਾ ਸੀ।



ਹਾਲ ਹੀ ਵਿੱਚ ਰਿਲੀਜ਼ ਹੋਏ ਉਨ੍ਹਾਂ ਦੇ ਗੀਤ 'ਸੋਬਰ' ਵਿੱਚ ਉਹ ਮੁੜ ਤੋਂ ਨਸ਼ੇ ਕਰਨ ਲਈ ਆਪਣੇ ਮਾ-ਪਿਆਂ ਤੋਂ ਮੁਆਫੀ ਮੰਗ ਰਹੀ ਹਨ।

ਉਨ੍ਹਾਂ ਦੇ ਫੈਨਜ਼ ਮੁਤਾਬਕ ਡੈਮੀ ਦੇ ਸੰਘਰਸ਼ ਤੋਂ ਉਨ੍ਹਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ।

ਲੋਵਾਟੋ ਅਮਰੀਕਾ ਦੇ ਸ਼ਹਿਰ ਟੈਕਸਸ ਵਿੱਚ ਵੱਡੀ ਹੋਈ। ਸਭ ਤੋਂ ਪਹਿਲਾਂ ਬੱਚਿਆਂ ਦੀ ਟੀਵੀ ਸੀਰੀਜ਼ 'ਬਾਰਨੇ ਐਂਡ ਫਰੈਂਡਜ਼' ਵਿੱਚ ਨਜ਼ਰ ਆਈ।

ਡਿਜ਼ਨੀ ਚੈਨਲ ਦੀ ਫਿਲਮ 'ਕੈਂਪ ਰੌਕ' ਵਿੱਚ ਜੋਨਸ ਬਰਦਰਸ ਨਾਲ ਉਹ ਨਜ਼ਰ ਆਈ।

2008 ਵਿੱਚ ਉਨ੍ਹਾਂ ਆਪਣੀ ਪਹਿਲੀ ਐਲਬਮ 'ਡੌਂਟ ਫੌਰਗੈਟ' ਰਿਲੀਜ਼ ਕੀਤੀ।

'ਸਿਮਪਲੀ ਕੌਮਪਲੀਕੇਟਿਡ' ਨਾਂ ਦੀ ਇੱਕ ਯੂ-ਟਿਊਬ ਡੌਕਿਊਮੈਂਟਰੀ ਵਿੱਚ ਲੋਵਾਟੋ ਨੇ ਦੱਸਿਆ ਸੀ ਕਿ 17 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਸਭ ਤੋਂ ਪਹਿਲਾਂ ਕੋਕੇਨ ਦਾ ਇਸਤੇਮਾਲ ਕੀਤਾ ਸੀ।

# ਜਵਾਬਦੇਹੀ ਤੇ ਪਾਰਦਰਸ਼ਤਾ ਸਦਾ ਹੀ ਬਹੁਤ ਜ਼ਰੂਰੀ

ਅੰਗ-ਸੰਗ



ਸ਼ਾਮ ਸਿੰਘ
98141-13338

**ਬਾਦਸ਼ਾਹਾਂ, ਰਾਜਿਆਂ ਦਾ ਜ਼ਮਾਨਾ ਸੀ। ਉਹ ਸਦਾ ਲੋਕਾਂ ਤੋਂ ਗੁਪਤ ਕੰਮ ਕਰਦੇ ਸਨ ਅਤੇ ਫ਼ੈਸਲਿਆਂ ਦਾ ਐਲਾਨ ਕਰਨ ਤੋਂ ਪਹਿਲਾਂ ਭੇਤ ਨਸ਼ਰ ਨਹੀਂ ਸਨ ਹੋਣ ਦਿੰਦੇ। ਤਾਨਾਸ਼ਾਹ ਤਾਂ ਮਰਜ਼ੀ ਦੇ ਮਾਲਕ ਸਨ ਅਤੇ ਮਨਮਰਜ਼ੀ ਤੋਂ ਬਾਜ਼ ਨਹੀਂ ਸਨ ਆਉਂਦੇ। ਬਾਦਸ਼ਾਹ, ਰਾਜੇ ਅਤੇ ਤਾਨਾਸ਼ਾਹ ਪਾਰਦਰਸ਼ੀ ਹੁੰਦੇ ਹੀ ਨਹੀਂ ਸਨ ਅਤੇ ਕਿਸੇ ਅੱਗੇ ਉਨ੍ਹਾਂ ਦਾ ਜਵਾਬਦੇਹ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਨ੍ਹਾਂ ਦੀ ਅਥਾਹ ਸ਼ਕਤੀ ਅਤੇ ਰੋਹਬ-ਦਾਬ ਅੱਗੇ ਕਿਸੇ ਦਾ ਹੌਸਲਾ ਹੀ ਬਾਹਰ ਨਹੀਂ ਸੀ ਨਿਕਲਦਾ ਕਿ ਉਹ ਉਨ੍ਹਾਂ ਨੂੰ ਸਵਾਲ ਕਰ ਕੇ ਜਵਾਬ ਲੈਣ ਦੀ ਤਵੱਕੋ ਰੱਖਦੇ। ਹੁਣ ਉਹ ਸਮੇਂ ਜਾਂਦੇ ਰਹੇ ਅਤੇ ਰੰਗ-ਢੰਗ ਬਦਲ ਗਏ।**

ਅੱਜ ਜਵਾਬਦੇਹੀ ਘਰ-ਘਰ ਦੀ ਕਹਾਣੀ ਹੋ ਗਈ ਅਤੇ ਪਾਰਦਰਸ਼ਤਾ ਵੀ। ਕਈ ਵਾਰ ਤਾਂ ਪਾਰਦਰਸ਼ਤਾ ਹੀ ਜਵਾਬਦੇਹੀ ਵਜੋਂ ਭੁਗਤ ਜਾਂਦੀ ਹੈ, ਕਿਉਂਕਿ ਕੋਈ ਪਰਦਾ ਨਹੀਂ ਰਹਿੰਦਾ। ਪਹਿਲਾਂ-ਪਹਿਲ ਘਰ ਦਾ ਬਜ਼ੁਰਗ ਹੀ ਬਾਕੀ ਜੀਆਂ ਦੀ ਜਵਾਬਦੇਹੀ ਕਰਦਾ ਸੀ, ਉਸ ਦੀ ਜਵਾਬਦੇਹੀ ਕੋਈ ਨਹੀਂ ਸੀ ਕਰ ਸਕਦਾ, ਕਿਉਂਕਿ ਉਹ ਆਪਣੀ ਪਦਵੀ ਦੀ ਅਥਾਹ ਸ਼ਕਤੀ ਕਾਰਨ ਕਿਸੇ ਅੱਗੇ ਜਵਾਬਦੇਹ ਨਹੀਂ ਸੀ ਹੁੰਦਾ। ਕਿਸੇ ਕੋਲ ਏਨੀ ਹਿੰਮਤ ਵੀ ਨਹੀਂ ਸੀ ਹੁੰਦੀ ਕਿ ਕੋਈ ਜੀਅ ਉਸ ਨੂੰ ਸਵਾਲ ਕਰ ਕੇ ਉਸ ਤੋਂ ਜਵਾਬ ਮੰਗਣ ਦੀ ਕਰਦਾ। ਹੁਣ ਸਮਾਂ ਬਦਲਿਆ ਹੀ ਨਹੀਂ, ਸਗੋਂ ਉਲਟ ਗਿਆ। ਹਰ ਜੀਅ ਬਜ਼ੁਰਗ ਬਾਪੂ ਨੂੰ ਸਵਾਲ ਕਰਨ ਤੋਂ ਉੱਕਾ ਹੀ ਨਹੀਂ ਝਿਜਕਦਾ। ਸਾਰੇ ਦੇ ਸਾਰੇ ਜੀਅ ਇੱਕ ਦੂਜੇ ਨੂੰ ਸਵਾਲ-ਜਵਾਬ ਕਰਨ ਤੋਂ ਕਦੇ ਗੁਰੇਜ਼ ਹੀ ਨਹੀਂ ਕਰਦੇ।

ਬਾਦਸ਼ਾਹਾਂ, ਰਾਜਿਆਂ ਦਾ ਜ਼ਮਾਨਾ ਸੀ। ਉਹ ਸਦਾ ਲੋਕਾਂ ਤੋਂ ਗੁਪਤ ਕੰਮ ਕਰਦੇ ਸਨ ਅਤੇ ਫ਼ੈਸਲਿਆਂ ਦਾ ਐਲਾਨ ਕਰਨ ਤੋਂ ਪਹਿਲਾਂ ਭੇਤ ਨਸ਼ਰ ਨਹੀਂ ਸਨ ਹੋਣ ਦਿੰਦੇ। ਤਾਨਾਸ਼ਾਹ ਤਾਂ ਮਰਜ਼ੀ ਦੇ ਮਾਲਕ ਸਨ ਅਤੇ ਮਨਮਰਜ਼ੀ ਤੋਂ ਬਾਜ਼ ਨਹੀਂ ਸਨ ਆਉਂਦੇ। ਬਾਦਸ਼ਾਹ, ਰਾਜੇ ਅਤੇ ਤਾਨਾਸ਼ਾਹ ਪਾਰਦਰਸ਼ੀ ਹੁੰਦੇ ਹੀ ਨਹੀਂ ਸਨ ਅਤੇ ਕਿਸੇ ਅੱਗੇ ਉਨ੍ਹਾਂ ਦਾ ਜਵਾਬਦੇਹ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਨ੍ਹਾਂ ਦੀ ਅਥਾਹ ਸ਼ਕਤੀ ਅਤੇ ਰੋਹਬ-ਦਾਬ ਅੱਗੇ ਕਿਸੇ ਦਾ ਹੌਸਲਾ ਹੀ ਬਾਹਰ ਨਹੀਂ ਸੀ ਨਿਕਲਦਾ ਕਿ ਉਹ ਉਨ੍ਹਾਂ ਨੂੰ ਸਵਾਲ ਕਰ ਕੇ ਜਵਾਬ ਲੈਣ ਦੀ ਤਵੱਕੋ ਰੱਖਦੇ। ਹੁਣ ਉਹ ਸਮੇਂ ਜਾਂਦੇ ਰਹੇ ਅਤੇ ਰੰਗ-ਢੰਗ ਬਦਲ ਗਏ।

ਬਹੁਤ ਦੇਸਾਂ ਵਿੱਚ ਬਾਦਸ਼ਾਹਤਾਂ ਤਾਂ ਖ਼ਤਮ ਹੋ ਗਈਆਂ ਅਤੇ ਲੋਕਤੰਤਰੀ ਸਰਕਾਰਾਂ ਲੋਕਾਂ 'ਤੇ ਰਾਜ ਕਰਨ ਲੱਗ ਪਈਆਂ, ਜਿਹੜੀਆਂ ਹਰ ਸਮੇਂ ਲੋਕਾਂ ਅੱਗੇ ਜਵਾਬਦੇਹ ਹੁੰਦੀਆਂ ਹਨ, ਕਿਉਂਕਿ ਲੋਕਾਂ ਵੱਲੋਂ ਚੁਣੀਆਂ ਜਾਂਦੀਆਂ ਹਨ ਅਤੇ ਭਵਿੱਖ ਵਿੱਚ ਬਣਨ ਵਾਲੀਆਂ ਵੀ ਉਨ੍ਹਾਂ ਵੱਲੋਂ ਹੀ ਚੁਣੀਆਂ ਜਾਣਗੀਆਂ। ਲੋਕਤੰਤਰੀ ਸਰਕਾਰਾਂ ਨੂੰ ਇਹ ਸੋਭਦਾ ਹੀ ਨਹੀਂ ਕਿ ਉਹ ਜਨਤਾ ਤੋਂ ਛੁਪਾ ਕੇ ਕੰਮ ਕਰਨ। ਉਨ੍ਹਾਂ ਨੂੰ ਤਾਂ ਆਪਣੇ ਲੋਕਾਂ ਅੱਗੇ ਬੇਪਰਦ ਜਾਂ ਪਾਰਦਰਸ਼ੀ ਹੀ ਹੋਣਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਦੇ ਮੱਥਿਆਂ ਵਿੱਚ ਸਰਕਾਰਾਂ ਪ੍ਰਤੀ ਸ਼ੰਕੇ ਨਾ ਉਪਜ ਸਕਣ। ਜਿਹੜੀ ਕੋਈ ਸਰਕਾਰ ਪਾਰਦਰਸ਼ਤਾ ਨਹੀਂ ਰੱਖਦੀ, ਉਹ ਲੋਕਾਂ ਦੀਆਂ ਨਜ਼ਰਾਂ ਵਿੱਚ ਉੱਚੇ ਥਾਂ ਟਿਕੀ ਨਹੀਂ ਰਹਿੰਦੀ।

ਲੋਕਤੰਤਰ ਵਿੱਚ ਜਿਹੜੀ ਸਰਕਾਰ ਪਾਰਦਰਸ਼ਤਾ ਨਹੀਂ ਰੱਖਦੀ, ਉਹ ਨੋਟਬੰਦੀ ਰਾਹੀਂ ਝਾਕਣ ਤੋਂ ਨਹੀਂ ਬਚਦੀ। ਅਜਿਹੇ ਵਰਤਾਰੇ ਤੋਂ ਲੋਕ ਤਰਾਹ-ਤਰਾਹ ਕਰਨ ਲੱਗ ਪੈਂਦੇ ਹਨ, ਕਿਉਂਕਿ ਲੋਕਾਂ ਦੀ ਸਹਿਜ ਚਾਲ ਕਾਇਮ ਨਹੀਂ ਰਹਿੰਦੀ। ਉਹ ਦੁਖੀ ਹੁੰਦੇ ਹਨ, ਪਰ ਉਨ੍ਹਾਂ ਦੀ ਤਕਲੀਫ਼ ਸੁਣਨ ਲਈ ਕੋਈ ਉਨ੍ਹਾਂ ਕੋਲ ਨਹੀਂ ਬਹੁੜਦਾ। ਜਵਾਬਦੇਹ ਸਰਕਾਰ ਜਨਤਾ ਅੱਗੇ ਪਾਰਦਰਸ਼ੀ ਨਹੀਂ ਹੁੰਦੀ ਅਤੇ ਤਰਕ ਪੂਰਨ ਜਵਾਬ ਦੇਣ ਵਾਸਤੇ ਕਤੱਈ ਵੀ ਤਿਆਰ ਨਹੀਂ ਹੁੰਦੀ। ਪਾਰਦਰਸ਼ਤਾ ਨਾ ਹੋਣ ਕਾਰਨ ਹੀ ਅੰਬਾਨੀ, ਅਡਾਨੀ, ਟਾਟਾ, ਬਿਰਲਾ ਅਤੇ ਅਜਿਹੇ ਹੀ ਹੋਰ ਅਮੀਰ ਲੋਕ ਜਨਤਾ ਦੀਆਂ ਨਜ਼ਰਾਂ ਵਿੱਚ ਸ਼ੱਕੀ ਪਾਤਰ ਵੀ ਬਣਦੇ ਹਨ ਅਤੇ ਦੇਸ਼ ਦੀ ਜਨਤਾ ਨਾਲੋਂ ਦੂਰ ਵੀ, ਕੱਟੇ ਹੋਏ ਵੀ। ਜੇ ਸਰਕਾਰਾਂ ਅਜਿਹੇ ਸਨਅਤਕਾਰਾਂ ਨਾਲ ਪਾਰਦਰਸ਼ਤਾ ਦਾ ਰਿਸ਼ਤਾ ਰੱਖਣ ਤਾਂ ਲੋਕਾਂ ਨੂੰ ਇਨ੍ਹਾਂ ਬਾਰੇ ਜਵਾਬਦੇਹੀ ਦੀ ਲੋੜ ਹੀ ਨਾ ਪਵੇ।

ਜਦੋਂ ਪਾਰਦਰਸ਼ਤਾ ਅਤੇ ਜਵਾਬਦੇਹੀ ਘਰ-ਘਰ ਤੱਕ ਹੋਣ ਲੱਗ ਪਈ ਹੈ, ਤਾਂ ਲੋਕਤੰਤਰੀ ਸਰਕਾਰ ਨੂੰ ਇਹ ਗੱਲ ਭਲੀ-ਭਾਂਤ ਸਮਝ ਆ ਜਾਣੀ ਚਾਹੀਦੀ ਹੈ ਕਿ ਹਮੇਸ਼ਾ ਲੋਕਾਂ ਦੀ ਆਮ ਰਾਏ ਮੁਤਾਬਕ ਚੱਲੇ ਅਤੇ ਹਰ ਕਾਰਜ ਬਾਰੇ ਸਹੀ, ਢੁੱਕਵਾਂ ਅਤੇ ਤਰਕ ਪੂਰਨ ਜਵਾਬ ਦੇਵੇ, ਤਾਂ ਕਿ ਜਨਤਾ ਸ਼ੰਕਾਵਾਂ ਦੇ ਰਾਹ ਪੈ ਹੀ ਨਾ ਸਕੇ। ਇਹ ਲੋਕਾਂ ਦਾ ਹੱਕ ਵੀ ਬਣਦਾ ਹੈ ਕਿ ਸਰਕਾਰ ਦੇ ਕੰਮਾਂ-ਕਾਰਾਂ, ਨੀਤੀਆਂ, ਯੋਜਨਾਵਾਂ ਅਤੇ ਸਕੀਮਾਂ ਬਾਰੇ ਜਾਣਕਾਰੀ ਰੱਖਣ ਅਤੇ ਉਸ ਦੇ ਆਧਾਰ 'ਤੇ ਸਰਕਾਰ ਤੋਂ ਜੋ ਵੀ ਜਾਣਕਾਰੀ ਮੰਗਣ, ਉਸ ਦਾ ਢੁੱਕਵਾਂ ਜਵਾਬ ਲੈਣ। 'ਰਾਈਟ ਟੂ ਇਨਫਰਮੇਸ਼ਨ' ਰਾਹੀਂ ਸਰਕਾਰ ਨੇ ਸੂਚਨਾ ਦੇਣ ਦਾ ਪ੍ਰਬੰਧ ਤਾਂ ਕੀਤਾ ਹੈ, ਪਰ ਜਿਨ੍ਹਾਂ 'ਤੇ ਰਾਜ ਕੀਤਾ ਜਾ ਰਿਹਾ ਹੈ, ਉਨ੍ਹਾਂ ਦੇ ਸੁਝਾਵਾਂ ਨੂੰ ਮੰਨਿਆਂ ਨਹੀਂ ਜਾਂਦਾ।

ਸੂਚਨਾ ਦੀ ਪਾਰਦਰਸ਼ਤਾ ਨੂੰ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਵਰਤਿਆ ਜਾਵੇ ਅਤੇ ਨਾਲ ਦੀ ਨਾਲ ਰਾਜ ਕਰਨ ਦੇ ਢੰਗ-ਤਰੀਕਿਆਂ ਵਿੱਚ ਸੁਧਾਰ ਕੀਤਾ ਜਾਵੇ। ਜਿੱਥੇ ਜਵਾਬ ਮੰਗਿਆ ਜਾਵੇ, ਉਸ ਨੂੰ ਦੇਣ ਲੱਗਿਆਂ ਘੇਸਲ ਨਾ ਮਾਰੀ ਜਾਵੇ, ਸਗੋਂ ਸਹੀ ਜਵਾਬ ਦਿੱਤੇ ਜਾਣ ਦੇ ਵਰਤਾਰੇ ਨੂੰ ਤਰਜੀਹ ਦਿੱਤੀ ਜਾਵੇ, ਤਾਂ ਜੁ ਲੋਕਾਂ ਦੇ ਸ਼ੱਕ-ਸ਼ੁਬਹੇ ਦੂਰ ਕੀਤੇ ਜਾ ਸਕਣ। ਸੁਰੱਖਿਆ ਦੇ ਨਾਂਅ 'ਤੇ ਜਿਹੜੇ ਭੇਤ ਦੇਣ ਤੋਂ ਨਾਂਹ-ਨੁੱਕਰ ਕੀਤੀ ਜਾਂਦੀ ਹੈ, ਉਸ ਲਈ ਵੀ ਸਹੀ ਰਾਹ ਤਲਾਸ਼ ਕੀਤੇ ਜਾਣ, ਤਾਂ ਕਿ ਪਰਦਾਪੋਸ਼ੀ ਨਾ ਹੋ ਸਕੇ।

ਸਰਕਾਰਾਂ ਛੁਪਾ ਕੇ ਕੰਮ ਕਰਨ ਨੂੰ ਪਹਿਲ ਦਿੰਦੀਆਂ ਰਹੀਆਂ, ਜਦੋਂ ਕਿ 'ਸੂਚਨਾ ਦਾ ਅਧਿਕਾਰ' ਦੇਣ ਵਾਲੇ ਕਨੂੰਨ ਨੇ ਇਹ ਰਾਹ ਤਾਂ ਖੋਲ੍ਹ ਦਿੱਤੇ ਕਿ ਜਨਤਾ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਜਾਣ ਸਕੇ, ਪਰ ਇਹ ਅਧਿਕਾਰ ਨਹੀਂ ਦਿੱਤਾ ਕਿ ਉਹ ਰਾਜ ਕਰਨ ਦੇ ਢੰਗ-ਤਰੀਕਿਆਂ ਵਿੱਚ ਭਾਗੀਦਾਰ ਬਣ ਸਕੇ। ਲੋਕਰਾਜ ਵਿੱਚ ਅਜਿਹਾ ਹੋਣਾ ਬਹੁਤ ਜ਼ਰੂਰੀ ਹੈ ਕਿ ਲੋਕਾਂ ਦੇ ਸੁਝਾਵਾਂ, ਸਲਾਹਾਂ ਨੂੰ ਮੰਨਿਆ ਜਾਵੇ। ਹਰੇਕ ਸਲਾਹ, ਸੁਝਾਅ ਨੂੰ ਮੰਨਣਾ ਤਾਂ ਸੰਭਵ ਨਹੀਂ ਹੋ ਸਕਦਾ, ਪਰ ਗੁਣਾਂ ਦੇ ਆਧਾਰ 'ਤੇ ਪਰਖ ਕੇ ਚੰਗੇ ਅਤੇ ਮਿਆਰੀ ਦਰਜਾ ਰੱਖਣ ਵਾਲੇ ਮੰਨ ਲਏ ਜਾਣ ਤਾਂ ਉਨ੍ਹਾਂ ਦਾ ਲਾਜ਼ਮੀ ਹੈ ਕਿ ਫਾਇਦਾ ਹੀ ਹੋਵੇਗਾ।

ਮੁੱਕਦੀ ਗੱਲ ਤਾਂ ਇਹੀ ਹੈ ਕਿ ਲੋਕਰਾਜ ਵਿੱਚ ਲੋਕਾਂ ਨੂੰ ਰਾਜ-ਭਾਗ ਤੋਂ ਦੂਰ ਰੱਖਣ ਤੋਂ ਕੀਤਾ ਜਾਂਦਾ ਪ੍ਰਹੇਜ਼ ਹੁਣ ਹਟਾ ਦੇਣਾ ਚਾਹੀਦਾ ਹੈ, ਤਾਂ ਕਿ ਲੋਕਾਂ ਦੀ ਭਾਗੀਦਾਰੀ ਨਾਲ ਜ਼ਮੀਨੀ ਹਕੀਕਤ ਦੇ ਮੱਦੇ-ਨਜ਼ਰ ਚੰਗੇ ਨਤੀਜਿਆਂ ਵੱਲ ਵਧਿਆ ਜਾ ਸਕੇ। ਸਰਕਾਰੀ ਕੰਮਾਂ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇ ਅਤੇ ਜਵਾਬਦੇਹੀ ਤੋਂ ਝਿਜਕਿਆ ਨਾ ਜਾਵੇ, ਤਾਂ ਜਨਤਾ ਵਿੱਚ ਸਰਕਾਰ ਦਾ ਅਕਸ ਵਧੀਆ ਉੱਭਰੇਗਾ।

### ਗੋਸ਼ਟੀਆਂ ਤੇ ਪ੍ਰਸੰਸਾ

ਆਮ ਤੌਰ 'ਤੇ ਪੁਸਤਕ ਗੋਸ਼ਟੀਆਂ ਹੁੰਦੀਆਂ ਹਨ, ਜਿਨ੍ਹਾਂ 'ਚ ਬਹੁਤੀ ਵਾਰ ਉਨ੍ਹਾਂ ਲੋਕਾਂ ਤੋਂ ਹੀ ਪਰਚੇ ਪੜ੍ਹਵਾਏ ਜਾਂਦੇ ਹਨ, ਜਿਹੜੇ ਸਿਫ਼ਤਾਂ ਕਰ ਸਕਣ। ਜੇ ਕਿਤਾਬ ਉੱਚ-ਪਾਏ ਦੀ ਨਾ ਹੋਵੇ, ਪਰ ਸਿਫ਼ਤਾਂ ਫੇਰ ਵੀ ਹੋਈ ਜਾਣ ਤਾਂ ਉਹ ਗਿਆਨ ਜਾਂ ਸਾਹਿਤ ਦਾ ਤਾਂ ਕੁਝ ਸੁਆਰ ਨਹੀਂ ਸਕਣਗੀਆਂ, ਪਰ ਅਜਿਹਾ ਕੀਤੇ ਜਾਣ ਨਾਲ ਨੁਕਸਾਨ ਜ਼ਰੂਰ ਹੋਵੇਗਾ।

ਜ਼ਰੂਰੀ ਹੈ ਕਿ ਪੰਜਾਬੀ ਅਤੇ ਹਿੰਦੀ ਵਾਲੇ ਲੋਕ ਗੋਸ਼ਟੀਆਂ 'ਚ ਕੇਵਲ ਸਿਫ਼ਤਾਂ ਕਰਾਉਣ ਦੀ ਰੁਚੀ ਤੋਂ ਉੱਪਰ ਉੱਠਣ। ਪਾਰਖੂਆਂ ਨੂੰ ਮਰਜ਼ੀ ਨਾਲ ਆਪਣੀ ਗੱਲ ਕਹਿਣ ਦੀ ਖੁੱਲ੍ਹ ਦਿੱਤੀ ਜਾਵੇ। ਇਹ ਵੀ ਕਿ ਸਮਾਗਮ ਰਚਾਉਣ ਵਾਲਿਆਂ ਨੂੰ ਇਹ ਅਧਿਕਾਰ ਵੀ ਹੋਣ ਕਿ ਉਹ ਪਰਚਾ ਲੇਖਕਾਂ ਅਤੇ ਬੁਲਾਰਿਆਂ ਦੀ ਚੋਣ ਕਰ ਸਕਣ, ਤਾਂ ਕਿ ਕਿਤਾਬ ਦੇ ਮਸੌਦੇ ਦੀ ਚੰਗੀ ਅਤੇ ਨਿਰਪੱਖ ਨਿਰਖ-ਪਰਖ ਹੋ ਸਕੇ। ਅਜਿਹਾ ਹੋਣ ਨਾਲ ਹੀ ਸਿਰਜਕ ਲੇਖਕਾਂ ਨੂੰ ਗਿਆਨ ਵਿੱਚ ਵਾਧਾ ਕਰਨ ਲਈ ਹੱਲਾਸ਼ੇਰੀ ਮਿਲੇਗੀ ਅਤੇ ਸਾਹਿਤ ਦੇ ਮਿਆਰਾਂ ਵਿੱਚ ਵਾਧਾ ਕਰਨ ਵਾਸਤੇ ਮਿਹਨਤ ਕਰਨਗੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਗਾਹਕ : ਚੂਹੇ ਮਾਰਨੇ ਦੀ ਦਵਾ ਹੈ ਤਾਂ ਦੇ ਦਿਉ?
ਦੁਕਾਨਦਾਰ : ਘਰ ਲਿਜਾਣ ਲਈ ਹੀ ਦੇ ਸਕਦਾ ਹਾਂ।
ਗਾਹਕ : ਮੈਂ ਤਾਂ ਚੂਹਾ ਨਾਲ ਹੀ ਲੈ ਕੇ ਆਇਆਂ।
ਦੁਕਾਨਦਾਰ : ਅਜੀਬ ਆਦਮੀ ਹੋ, ਅਜਿਹਾ ਕਿਉਂ?
ਗਾਹਕ : ਇਹ ਦੇਖਣ ਲਈ ਕਿ ਦਵਾਈ ਅਸਲੀ ਹੈ ਜਾਂ ਨਕਲੀ!

ਨਵਾਂ ਲੇਖਕ ਵੱਡੇ ਲੇਖਕ ਕੋਲ ਗਿਆ। ਸਲਾਹ ਮੰਗੀ ਕਿ ਨਾਵਲ ਕਾਹਦੇ ਬਾਰੇ ਲਿਖਾਂ। ਵੱਡੇ ਲੇਖਕ ਨੇ ਸੋਚਿਆ ਕਿ ਇਹ ਸਾਰੀ ਉਮਰ ਛੜਾ ਰਿਹਾ ਹੈ ਤੇ ਛੜਿਆਂ ਬਾਰੇ ਅਨੁਭਵ ਹੋਣ ਕਰ ਕੇ ਨਾਵਲ ਉਨ੍ਹਾਂ ਬਾਰੇ ਹੀ ਲਿਖੇ। ਨਵੇਂ ਲੇਖਕ ਨੇ ਪੁੱਛਿਆ ਕਿ ਨਾਂਅ ਕੀ ਰੱਖਾਂ। ਵੱਡੇ ਲੇਖਕ ਨੇ ਸਲਾਹ ਦਿੱਤੀ ਕਿ ਨਾਂਅ ਰੱਖ 'ਛੜਾ'। ਵਿੱਚ ਕੁਝ ਹੋਵੇ ਨਾ ਹੋਵੇ, ਪਰ ਨਾਂਅ ਕਰ ਕੇ ਪ੍ਰਕਾਸ਼ਕ ਛਾਪ ਵੀ ਆਰਾਮ ਨਾਲ ਦੇਵੇਗਾ ਅਤੇ ਨਾਂਅ ਕਰ ਕੇ ਹੀ ਵਿਕ ਵੀ ਜਾਵੇਗਾ ਧੜਾਧੜ।

# ਸਮਾਂ ਸਮਰੱਥ ਬਨਾਮ ਫੇਸਬੁੱਕ



ਪਰਮਪਾਲ ਸਿੰਘ ਡੋਡ (ਯੂਰਪ)
4369911092143

ਸਮਾਂ, ਵਰਤਮਾਨ ਯੁੱਗ ਦਾ ਅਤਿ ਮਹੱਤਵਪੂਰਨ ਸਾਥੀ ਹੈ, ਜਿਸ ਨਾਲ ਕਦਮ ਮਿਲਾ ਕੇ ਜੋ ਵੀ ਭਵਿੱਖ-ਕਦਮੀ ਪਹਿਲ ਕਰੇਗਾ, ਯਕੀਨਨ ਸਮੇਂ ਦੇ ਸਮਰੱਥ ਹੋਣ ਦਾ ਗਵਾਹ ਹੋ ਨਿਬੜੇਗਾ ਪ੍ਰੰਤੂ ਹਾਲਾਤਾਂ, ਦੁਸ਼ਵਾਰੀਆਂ ਬਦਲਦੇ ਰਿਸ਼ਤੇ ਅਤੇ ਆਧੁਨਿਕਤਾ ਦੇ ਨਵੀਨ ਮਾਪਦੰਡਾਂ ਨਾਲ ਦੋ ਚਾਰ ਹੁੰਦਾ ਮਨੁੱਖ ਸਮੇਂ ਦਾ ਹਾਣੀ ਕਹਿਲਾਵੇ ਜਾਂ ਫਿਰ ਕੁਦਰਤ ਦੀ ਸਾਜੀ, ਇਸ ਕਾਇਨਾਤ ਦਾ 'ਜਨੂਨੀ ਮੁਜੱਸਮਾ' ਜੋ ਅਜੀਮ ਨਜ਼ਾਰੇ ਭੁੱਲ ਆਪਣੇ ਹੀ ਮਨੁੱਖੀ ਭਾਈਚਾਰੇ ਤੇ ਆਪਣੀ 'ਸਿਆਣਪ' ਦੀ ਛਾਪ ਛੱਡਣ ਨੂੰ ਤਰੱਕੀ ਦਾ ਨਾਮ ਦੇ ਰਿਹਾ। ਵੈਸੇ ਸਮਾਂ ਸਮਰੱਥ ਨੇ 'ਨਾਮੀ ਸਿਆਣੇ' ਵੀ ਮਨਾ ਲਏ, ਗੱਲ ਦਾ ਪੱਧਰ 'ਫੇਸਬੁਕੀਏ ਸਾਹਿਤਕਾਰਾਂ' ਤੱਕ ਸੀਮਤ ਕਰਿਆ ਜਾਵੇ ਤਾਂ ਕਿ 'ਅਜੋਕੇ ਮਾਹੌਲ' ਮੁਤਾਬਿਕ ਢੁਕਵੀਂ ਦਲੀਲ ਦਿੱਤੀ ਜਾ ਸਕੇ। ਕਹਿਣ ਨੂੰ ਤਾਂ ਇਹ ਵਿਸਥਾਰਿਤ ਜਿੰਦਗੀ ਹੈ, ਪਰ ਸਾਰੇ ਭਾਰਤੀਆ ਤੇ ਖਾਸ ਕਰ ਪੰਜਾਬੀਆ ਲਈ ਆਹ ਨਜ਼ਾਰਾ ਮਨ-ਪਰਚਾਵੇ ਦੇ ਨਾਲ ਨਾਲ 'ਸੱਧਰਪੁਣੇ' ਨੂੰ ਅੱਖਰੀ ਰੂਪ ਦੇ ਕੇ ਬਸ ਮਨ ਨੂੰ ਹੁਲਾਸ ਤੇ ਤਸੱਲੀ ਪ੍ਰਗਟ ਕਰਨ ਵਾਲਾ ਹੈ। ਸਮੇਂ ਸਮਰੱਥ ਮੁਤਾਬਕ ਫੇਸਬੁੱਕ ਨੂੰ 'ਸਾਡੇ ਆਲੇ' ਤਾਂ ਸ਼ੋਸੇਬਾਜੀ, ਦਿਖਾਵੇਬਾਜੀ, ਤੇ ਕੁਝ ਕ' ਪੜੇ ਲਿਖੇ ਅਜੋਕੀ ਸ਼ੋਹਰਤ ਦਾ ਮਾਪਦੰਡ, 'ਅਖੌਤੀ ਸਾਹਿਤਕਾਰੀ ਦੇ ਰਸਮੀ ਅਲੰਬਰਦਾਰ' ਤੇ ਜਿਆਦਾ ਤਰ ਸਮੁੱਚੇ ਤੌਰ ਤੇ ਵਪਾਰ ਜਾਂ, ਨੌਕਰੀ ਸਮਾਦਾਨ' ਦੇ ਤੌਰ ਤੇ ਵਰਤ ਕੇ ਬਹੁਤ 'ਪ੍ਰਸੰਨਤਾ' ਮਹਿਸੂਸ ਕਰਦੇ ਹਨ।ਬੇਸ਼ੱਕ ਸਮੁੱਚੇ ਯੂਰਪ ਵਿੱਚ ਅਸਲੀ 'ਕਾਮਰੇਡੀ ਲਹਿਰ ਦੇ ਆਖਰੀ ਸਾਹਾਂ ਵਾਲੀ ਤੰਦ ਟੁੱਟਣ ਵਾਲੀ ਹੈ ਪਰ ਆਹ ਫੇਸਬੁੱਕ ਨੂੰ ਇਥੇ ਵਿਰਲਾ-ਟਾਂਵਾ ਹੀ ਪੁੱਛਣ ਵਾਲਾ ਰਹਿ ਗਿਆ, ਉਥੇ ਸਾਡੇ ਪੰਜਾਬੀਆ ਅੰਦਰੋਂ ਮਰ ਚੁੱਕੀ 'ਕਾਮਰੇਡੀ ਆਸ਼ਕੀ' ਦਾ ਮੁਸ਼ਕ ਫੇਸਬੁੱਕ ਤੇ ਰੱਜਵਾਂ ਆ ਰਿਹਾ, ਜਦ ਦੂਜੇ ਪਾਸੇ ਕਈ ਕੱਟੜਪੰਥੀ ਤੇ 'ਗੁਲਾਮ ਪੰਥੀ' ਸਮੇਂ ਸਮਰੱਥ' ਨਾਲ ਇਸ ਨੂੰ 'ਆਧੁਨਿਕ ਹਥਿਆਰ' ਵਜੋਂ ਦੇਖ ਰਹੇ ਹਨ। ਸਮੇਂ ਸਮਰੱਥ ਨਾਲ ਹੀ 'ਬਦਲਾਓ' ਬਣਿਆ ਕਿ ਕਹਿਣ ਨੂੰ 'ਲੋਕ ਮੀਡੀਆ' ਪ੍ਰੰਤੂ ਸਬ ਤੋ ਵੱਧ ਇਸ ਨੂੰ ਸਰਕਾਰੀ ਸਰਪ੍ਰਸਤੀ ਹਾਸਿਲ ਹੈ, ਜਿਸ ਦੀ ਵਰਤੋਂ ਸਿਰਫ਼ 'ਵੋਟ ਤੰਤਰ, ਦੰਗੇ, ਗੁਮਰਾਹਕੁੰਨ ਪ੍ਰਚਾਰ, ਲੋਕ-ਲਾਭਾਉ ਨੀਤੀਆਂ, ਗੈਂਗਵਾਰ ਅਤੇ ਅਧਰਮ ਪ੍ਰਦਰਸ਼ਨ ਲਈ ਕੀਤਾ ਜਾਂਦਾ।ਇਹ ਵੀ ਸਮਾਂ ਸਮਰੱਥ ਕਿ ਆਸ਼ਕਾਂ ਦੀ ਜੰਤਰੀ ਵਜੋਂ ਮਸ਼ਹੂਰ ਇਸ ਤਬਾਹਕੁੰਨ ਘੁੰਮਣਘੇਰੀ ਨੇ ਭਾਰਤੀ ਸਮਾਜ ਦੇ ਅੰਦਰੋਂ ਅੰਦਰੀਂ ਪ੍ਰਖੱਚੇ ਉਡਾ ਦਿੱਤੇ ਹਨ। ਸਮੇਂ ਦੇ ਹਾਣੀ ਸਾਡੇ 'ਸਿਆਣੇ' ਇਸ ਆਧੁਨਿਕ ਭੇਡ-ਚਾਲ ਤੋ ਸੱਖਣੇ ਸਮਝਦੇ ਹੋਏ ਆਪਣੇ ਆਪ ਨੂੰ 'ਪਛੜਿਆ' ਸਮਝ ਦਿਨ ਰਾਤ ਇੱਕ ਕਰਕੇ ਆਪਣਾ ਆਪ ਇਸ ਸਮਰੱਥ ਕਰਕੇ 'ਫੇਸਬੁੱਕ ਦੀਆਂ ਕੰਧਾਂ' ਉਪਰ ਚਿਪਕੇ ਰਹਿਣਾ ਚਾਹੁੰਦੇ ਹਨ। ਇਹ ਵੀ ਸਮਾਂ ਸਮਰੱਥ ਕਿ 'ਪਰਵਾਸ' ਨੂੰ 'ਸ੍ਰ ਕਹਿਣ ਵਾਲੇ ' ਸੱਜਣ' ਅੱਜ ਕੱਲ ਪ੍ਰਵਾਸ ਦੀ 'ਦਾਤ' ਲੱਭਦੇ ਫਿਰ ਰਹੇ ਨੇ, ਕਾਰਨ ਸਪਸ਼ਟ ਕਿ ਸਮੇਂ ਦੇ ਸ਼ਾਹ ਸਵਾਰ 'ਹਾਲਾਤ' ਅੱਗੇ ਗੋਡੇ ਟੇਕ ਗਏ ਜਾਂ ਔਲਾਦ' ਅੱਗੇ ਤੇ ਕਈ ਨਰਮੇ ਕਪਾਹਾਂ, ਕਣਕ ਝੋਨੇ, ਤੇ ਭਾਦੋਂ ਦੇ ਅੱਕੇ ਅਕਾਏ 'ਵਿਦੇਸ਼' ਆ ਕਿ 'ਜੂਨ ਬੁਰੀ'' ਭੁੱਲ ਕੇ ਵਿਦੇਸ਼ੀ ਵਿਕਾਸ, ਮਸ਼ੀਨੀਕਰਨ ਤੇ ਵਿਕਸਤ ਸਮਾਜਿਕ ਢਾਂਚੇ ਦੇ ਗੁਣ ਗਾਣ ਕਰਦੇ, ਨੱਚਦੇ ਗਾਉਂਦੇ, ਝੂਮਦੇ ਫੇਸਬੁੱਕ ਤੇ ਭਾਰਤੀ ਕਾਰਜ ਪ੍ਰਣਾਲੀ ਨੂੰ ਇੰਝ ਭੰਡਦੇ ਨਜ਼ਰ ਆਉਂਦੇ ਜਿਵੇਂ ਸਮੁੱਚਾ ਰਾਸ਼ਟਰ ਅੱਖਾਂ ਅੱਡ ਕੇ ਇਹਨਾਂ ਦੇ ਹੀ ਵਿਚਾਰ-ਗੋਸ਼ਟ ਉਡੀਕ ਰਿਹਾ ਹੁੰਦਾ ਹੈ। ਗੌਰਤਲਬ ਕਿ ਛੁੱਟ ਭਾਰਤੀ ਸਮਾਜ ਸਮੁੱਚੇ ਵਿਕਸਤ ਦੇਸਾਂ ਦੇ ਅਸਲੀ ਬਾਸ਼ਿੰਦੇ ਸਿਰਫ਼ ਤੇ ਸਿਰਫ਼ ਕੁਦਰਤੀ ਜੀਵਨ ਨੂੰ ਪਿਆਰ ਕਰਦੇ, ਅਪਣਾਉਂਦੇ, ਹੰਢਾਉਂਦੇ ਹਨ ਤੇ ਇਸ ਸੰਦਰਭ ਵਿੱਚ ਖਾਸ ਜਿਕਰ ਯੋਗ ਕਿ ਇਹ ਜਾਂਬਾਜ ਆਪਣੀ ਅੱਧੀ ਕਮਾਈ ਕੁਦਰਤੀ ਸੈਰ-ਗਾਹਾਂ ਤੇ ਛੁੱਟੀ ਬਿਤਾ ਕਿ ਗੁਜ਼ਾਰਦੇ। ਦੇਖੇ ਸਮਾਂ ਸਮਰੱਥ ਕਿ 'ਸਾਡੇ ਆਲੇ' ਗੋਰੇ ਰੰਗ ਲਈ ਮੰਨਤਾਂ-ਮਨਾਉਤਾਂ ਤੋ ਸ਼ੁਰੂ ਹੋ ਕਿ ਕਰੀਮਾਂ-ਪਾਊਡਰ ਦਾ ਹੜ੍ਹ ਲਿਆ ਦਿੰਦੇ ਤੇ ਇਹ ਵੀ ਸਮਾਂ ਸਮਰੱਥ ਕੇ 'ਭਗਵੇ ਕਰਨ' ਦਾ ਸਿਆਸੀ 'ਮੋਹਰਾ' ਲੱਤਾਂ ਬਾਂਹਾਂ ਦੇ ਵਿੰਗ ਵਲ ਕੱਢਦਾ ਅੱਗ ਕਲ ਬਣ 'ਯੋਗੀ ਉਤਰ ਪਹਾੜੋਂ ਆਏ' ਤੇ ਲੱਗਿਆ 'ਸਵਦੇਸੀ 'ਸ਼ਿੰਗਾਰ ਸਾਜੋ ਸਮਾਨ ਬਣਾਉਣ, ਉਧਾਰ ਗੋਰੇ ਇਸ 'ਪਿਲਪਿਲੇ ਮੇਹਣੇ' ਨੂੰ ਗਲੋਂ ਲਾਹੁਣ ਲਈ ਆਪਣਾ ਆਪ ਭੱਠ ਚ' ਝੋਕਣ ਨੂੰ ਵੀ ਤਿਆਰ ਨੇ।

ਅਜੋਕੇ ਧਨਾਢ ਵੀ ਸਮੇਂ ਸਮਰੱਥ ਨੇ ਅਸਲੀਅਤ ਦੇ 'ਤਲਾਬ' ਵਿੱਚੋਂ ਬਾਹਰ ਕੱਢ ਨੰਗੇ ਚਿੱਟੇ ਸਾਡੇ ਸਾਹਮਣੇ ਲਿਆ ਖੜੇ ਕੀਤੇ। ਜਿੰਨਾ ਤੇ ਫੇਸਬੁੱਕ ਸਮਾਜ ਨੇ ਭੋਰਾ ਤਰਸ ਨਾ ਕੀਤਾ। ਰਹਿੰਦੀ ਕਸਰ ਫੇਸਬੁਕ ਕਾਢੂਆਂ ਦੁਆਰਾ ਇਹਨਾਂ ਦੀ 'ਪਰਦਾ-ਨਿਕਾਸ਼ੀ' ਹੋਣ ਨਾਲ ਮੰਜਰ ਕੁਝ ਸਪਸ਼ਟਤਾ ਵਾਲਾ ਹੋ ਚੁੱਕਾ । 'ਦੂਰ ਦੇ ਢੋਲ' ਹੁਣ ਫੇਸਬੁਕੀਏ ਡਾਕੀਆ ਨੇ ਦਿਮਾਗਾਂ ਵਿੱਚ ਦੀ ਪਰੋ-ਬੁਣ ਕੇ ਜੇਬਾਂ ਵਿੱਚ ਵਾੜ ਦਿੱਤੇ ਤੇ ਸਮਾਂ ਸਮਰੱਥ ਨੇ ਤਾਂ ਐਨ.ਆਰ.ਆਈ' ਸਮਾਜ ਦੀ 'ਲਿਪੀ ਪੋਚੀ' ਤੇ ਵੀ ਮੋਹ਼ਲੇਧਾਰ ਬੁਛਾਰਾਂ ਵਰਸ, ਸੱਚ ਦੇ ਵਿਹੜੇ ਦਾ ਪਾਂਡੋ ਬਾਹਰ ਕੱਢ ਲੈ ਆਦਾ।

ਸਮਾਂ ਸਮਰੱਥ ਕਿ ਇਹਨਾਂ ਵਿਦੇਸ਼ੀ ਮਹਿਮਾਨਾਂ ਵੱਲ ਹੁਣ ਦਾ ਪੋਸ਼ ਅੱਖ ਪੱਟ ਕੇ ਨੀ ਝਾਕਦਾ। ਉਹ ਵੇਲੇ ਲੱਧ ਗਏ ਜਦ ਧੂੜ ਉਡਾਉਦੀਆਂ ਆਉਂਦੀਆਂ ਜਾਂਦੀਆਂ ਕਾਰਾਂ ਮਗਰ ਸਾਰਾ ਪਿੰਡ 'ਟਾਟਾ' ਕਰਦਾ ਜਾਂਦਾ ਸੀ, ਘਰ ਘਰ ਦੇ ਐਨ. ਆਰ. ਆਈ' ਨੇ ਨਿੱਤ ਦੀ ਆਓ ਭਗਤ ਦੇ ਸਵਾਦ ਵਾਲਾ ਗੁੜ ਕਦੋਂ ਦਾ ਵੰਡ ਵਰਤਾ ਲਿਆ ਤੇ ਹੁਣ ਸਿਰਫ਼ ਫੇਸਬੁਕ ਦੀ ਕੰਧ ਤੇ' ਕਲਾਸਿਕ ਮੈਮਰੀਜ ਵਿਦ ਓਲਡੀਜ' ਦੇ ਫਰੇਮ ਬਣ ਲਟਕ ਗਏ। ਵੈਸੇ ਫੇਸਬੁਕ ਵਾਲਿਆਂ ਹਰ ਸਾਲ ਉਸ ਦਿਨ ਫੇਰ 'ਕੈਲੰਡਰ ਹੋਈ ਤਸਵੀਰ' ਦਿਖਾ ਸਬ ਨੂੰ ਨਵੀਂ ਤਾਸੀਰ ਨਾਲ ਪੁਰਾਣਾ ਚੂਰਨ ਸਬ ਕੁੱਝ ਹਜ਼ਮ ਕਰਨ ਲਈ ਦਿੱਤਾ ਜਾਂਦਾ ।ਖੈਰ ਕੁੱਝ ਵੀ ਕਹੋ ਪਰ ਫੇਸਬੁਕ ਦਾ ਇਹ ਬਿਮਾਰ ਕਰਨ ਵਾਲਾ ਆਲਮੀ ਨਸ਼ਾ ਹਰ ਵਰਗ ਦੀ ਮਜਬੂਰੀ ਬਣ ਗਿਆ।

ਸਮੇਂ ਸਮਰੱਥ ਨਾਲ ਇਹ 'ਸਾਂਤ-ਸ਼ਿਕਾਰੀ' ਆਪਣਾ ਜਾਲ ਬੁਣ ਚੁੱਕਾ ਤੇ ਦੇਖਣਾ ਇਹ ਕਿ ਅਜੋਕੇ ਬੁੱਧੀ ਜੀਵੀਆਂ ਦੀ ਪਕੜ ਇਸ ਕਾਟ ਕਰਦੀ ਜਾਂ 'ਲਾਇਕ, ਕੋਮਿੰਟਸ' ਦੀ ਲੱਤ ਦਿਨ ਬ ਦਿਨ ਹੋਰ ਜਿਆਦਾ ਪ੍ਰਚੰਡ ਹੁੰਦੀ ?

ਅੰਤ ਵਿੱਚ ਇੱਕ ਰੋਚਿਕ ਤੱਥ ਜਿਸ ਪ੍ਰਾਣੀ ਨੇ ਇਹ ਬੂਟਾ ਲਾਇਆ, ਮਾਰਕ ਜੁਕਰਬਰਗ ਜੀ ਮਹਾਰਾਜ, ਉਹਨਾਂ ਨੇ ਆਪਣੇ ਸਕੇ ਸੰਬੰਧੀਆ ਤੇ ਦੋਸਤਾਂ ਮਿੱਤਰਾਂ ਨੂੰ ਸਲਾਹ, ਮਸ਼ਵਰਾ ਤੇ ਬੇਨਤੀ ਕੀਤੀ ਕਿ ਭਾਈ ਜੇ ਬੱਚਿਆਂ ਦਾ ਸਰਵ ਪੱਖੀ, ਨਿਰੋਗ, ਆਤਮ ਨਿਰਭਰ, ਤੇ ਮਜ਼ਬੂਤ ਇਰਾਦੇ ਵਾਲਾ ਵਿਕਾਸ ਚਾਹੁੰਦੇ ਤਾਂ ਸਮਰੱਥ ਦੇ ਬਦਲ ਦੇ ਪੈਤਰੇਂ ਤੋ ਬਚਦੇ ਇਹਨਾਂ ਅਣਭੋਲ ਪਰਿੰਦਿਆਂ ਨੂੰ 'ਸਮਾਰਟ ਫੋਨ' ਦੇ ਦਰਸ਼ਨ 14 ਸਾਲ ਤੱਕ ਵੀ ਨਾ ਕਰਵਾਇਓ ਤਾਂ ਕਿ ਜਰਨਲਿਸਟ ਨੇ ਜਵਾਬ ਦਿੱਤਾ'' ਲੋੜ ਹੀ ਨੀ ਯਾਰ ਬਸ ਫੇਸਬੁਕ ਤੋਂ ਬਚ ਗਏ ਤਾਂ ਸਮਝੋ ਤਰ ਗਏ... ਨਹੀਂ ਫੇਰ ਸਮਾਂ ਸਮਰੱਥ'।

# ਡੀਜੀਪੀ ਦੇ ਹੁਕਮਾਂ 'ਤੇ ਕੋਟਕਪੂਰਾ ਗੋਲੀ ਕਾਂਡ ਸਬੰਧੀ ਕੇਸ ਦਰਜ

**ਬਠਿੰਡਾ-** ਪੌਣੇ ਤਿੰਨ ਸਾਲਾਂ ਬਾਅਦ ਫਰੀਦਕੋਟ ਪੁਲੀਸ ਨੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ 'ਚ ਕੋਟਕਪੂਰਾ (ਸ਼ਹਿਰੀ) ਥਾਣੇ 'ਚ ਅਣਪਛਾਤਿਆਂ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਹੈ ਜਦਕਿ ਬਹਿਬਲ ਕਲਾਂ ਗੋਲੀ ਕਾਂਡ ਕੇਸ 'ਚ ਪੁਲੀਸ ਅਫ਼ਸਰਾਂ ਨੂੰ ਨਾਮਜ਼ਦ ਕੀਤੇ ਜਾਣ ਦਾ ਮਾਮਲਾ ਟਲ ਗਿਆ ਹੈ। ਅੱਜ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ 'ਚ ਦੁਪਹਿਰ ਮਗਰੋਂ ਇਰਾਦਾ ਕਤਲ ਦਾ ਪੁਲੀਸ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ। ਪਤਾ ਚੱਲਿਆ ਹੈ ਕਿ ਕੋਟਕਪੂਰਾ ਥਾਣੇ ਦੇ ਮੁੱਖ ਥਾਣਾ ਅਫ਼ਸਰ ਨੇ ਪੀੜਤਾਂ ਨੂੰ ਬਿਆਨ ਦੇਣ ਲਈ ਬੁਲਾਇਆ। ਗੋਲੀ ਕਾਂਡ ਵਿੱਚ ਜ਼ਖ਼ਮੀ ਹੋਏ ਅਜੀਤ ਸਿੰਘ ਦੇ ਬਿਆਨਾਂ 'ਤੇ ਧਾਰਾ 307 ਤਹਿਤ ਅਣਪਛਾਤਿਆਂ 'ਤੇ ਕੇਸ ਦਰਜ ਕੀਤਾ ਗਿਆ ਹੈ।

ਅਜੀਤ ਸਿੰਘ ਜ਼ਿਲਾ ਬਰਨਾਲਾ ਦਾ ਬਾਸ਼ਿੰਦਾ ਹੈ ਜਿਸ ਦੀ ਲੱਤ ਵਿੱਚ ਇਸ ਘਟਨਾ ਦੌਰਾਨ ਗੋਲੀ ਲੱਗੀ ਸੀ। ਜ਼ਖ਼ਮੀ ਹੋਣ ਕਰ ਕੇ ਉਸ ਦਾ ਲੁਧਿਆਣਾ ਦੇ ਡੀ.ਐਮ.ਸੀ ਹਸਪਤਾਲ ਵਿੱਚ ਇਲਾਜ ਚੱਲਿਆ ਸੀ।

ਦੱਸਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ ਹੋਏ ਸਨ ਜਿਸ ਤਹਿਤ ਕੋਟਕਪੂਰਾ, ਬਹਿਬਲ ਕਲਾਂ, ਗੋਨਿਆਣਾ ਆਦਿ ਵਿਖੇ ਵੀ ਸਿੱਖ ਸੰਗਤਾਂ ਵੱਲੋਂ ਰੋਸ ਧਰਨੇ ਲਾਏ ਗਏ ਸਨ। ਵੇਰਵਿਆਂ ਅਨੁਸਾਰ ਪੁਲੀਸ ਮੁਖੀ ਨੇ ਅੱਜ ਐੱਸ.ਐੱਸ.ਪੀ ਫ਼ਰੀਦਕੋਟ ਨੂੰ ਚੰਡੀਗੜ੍ਹ ਬੁਲਾਇਆ ਸੀ। ਸੂਤਰਾਂ ਨੇ ਦੱਸਿਆ ਕਿ ਬਹਿਬਲ ਗੋਲੀ ਕਾਂਡ ਦੇ ਸਬੰਧ ਵਿਚ ਬਾਜਾਖਾਨਾ ਥਾਣੇ ਵਿਚ ਦਰਜ ਐਫ.ਆਈ.ਆਰ ਨੰਬਰ 130 ਵਿੱਚ ਪੁਲੀਸ ਅਫ਼ਸਰਾਂ ਨੂੰ ਨਾਮਜ਼ਦ ਕੀਤੇ ਜਾਣ ਦਾ ਮਾਮਲਾ ਟਾਲ ਦਿੱਤਾ ਗਿਆ ਹੈ ਜਿਸ 'ਤੇ ਪੂਰੇ ਸਿੱਖ ਜਗਤ ਦੀ ਨਜ਼ਰ ਲੱਗੀ ਹੋਈ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਵਿਚ ਪੁਲੀਸ ਅਫਸਰਾਂ ਦੇ ਨਾਮ ਵੀ ਜ਼ਾਹਰ ਕਰ ਚੁੱਕੇ ਸਨ।

ਟਰੱਕਾਂ ਵਾਲੇ ਵੀਰਾਂ ਲਈ ਖ਼ੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer

ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

RAJINDER SINGH

GLOBAL SOLUTION FOR TRANSPORTATION
(A PAPERLESS SOLUTION FOR TRUCKING)
email: info@etruckingsolution.com • www.etruckingsolution.com

LAKHVIR SINGH



# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

New folding bed verities

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 41.99+Tax

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99

Bio Bidet Elite 2 $ 39.99+ Tax

ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# TANDOOR

Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# AAA

AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh

# ਪੰਦਰਾਂ ਅਗਸਤ

ਆਉਂਣਾ ਪੰਦਰਾਂ ਅਗਸਤ ਤੇ ਜਸ਼ਨ ਹੋਣੇ ਲਾਲ ਕਿਲ੍ਹੇ ਤੇ ਪਰਚਮ ਲਹਿਰਾਏ ਜਾਂਣੇ

ਧੂਆਂ ਧਾਰ ਭਾਸ਼ਨ ਵੀ ਬਹੁਤ ਹੋਣੇ ਫੋਕੇ ਵਾਅਦੇ ਨੇ ਕਈ ਦੁਹਰਾਏ ਜਾਂਣੇ

ਰੁਕ ਰੁਕ ਕੇ ਦੇਸ਼ ਦਾ ਬੜਾ ਆਗੂ ਪਰਧਾਨ ਮੰਤਰੀ ਜਦੋਂ ਬਿਆਨ ਦਾਗੂ

ਲਾਲ ਕਿਲ੍ਹੇ ਦੀਆਂ ਕੰਧਾਂ ਵੀ ਕੰਬਣੀਆਂ ਨੇ ਐਟਮ ਬੰਬ ਦੇ ਧੌਂਸ ਜਮਾਏ ਜਾਂਣੇ

ਸੋਭਾ ਕਰੂਗਾ ਆਪਣੀ ਹੀ ਪੋਲਸੀ ਦੀ ਉਂਗਲ ਦੂਜਿਆਂ ਵਲ ਨੂੰ ਚੁਕ ਚੁਕ ਕੇ

ਅੰਤਰ ਰਾਸ਼ਟਰ ਵਿਚ ਬਣੀ ਹੈ ਭਲ ਸਾਡੀ ਬਾਰ ਬਾਰ ਇਹ ਸ਼ਬਦ ਦੁਹਰਾਏ ਜਾਣੇ

ਆਪੇ ਰਜੀ ਪੁਜੀ ਤੇ ਆਪੇ ਜੀਣ ਬੱਚੇ ਲਛੇਦਾਰ ਭਾਸ਼ਨ ਸਿਫਤਾਂ ਆਪਣੀਆਂ ਦੇ

ਬਿਨਾ ਝਾਤ ਪਾਏ ਗਿਰੇਬਾਨ ਆਪਣੇ ਫਰਜ਼ ਜੰਤਾ ਨੂੰ ਬੜੇ ਸਮਝਾਏ ਜਾਣੇ

ਸ਼ਾਝੀ ਵਾਲਤਾ ਦੀ ਤੌੜੀ ਦਿਸੇ ਬਾਹਰੋਂ ਕਟੜਵਾਦ ਦਾ ਰਿਝੇ ਪਕਵਾਨ ਅੰਦਰ

ਹਿੰਦੂ -ਤਵ ਦੇ ਦੈਂਤ ਦੇ ਪਾਲਣੇ ਲਈ ਅੰਦਰੋਂ ਅੰਦਰੀਂ ਨੇ ਕੁਸ਼ਤੇ ਛਕਾਏ ਜਾਣੇ

ਕੁਰਸੀ ਡੋਲੇ ਨਾ ਡੋਲ ਜਾਏ ਦੇਸ਼ ਭਾਮੇਂ ਖੋਰਾ ਲਗੇ ਖਜ਼ਾਨੇ ਨੂੰ ਫਿਕਰ ਕਿਸਨੂੰ

ਲਤਾਂ ਕੁਰਸੀ ਦੀਆਂ ਤਕੜੀਆਂ ਕਰਨ ਦੇ ਲਈ ਕੁਝ ਹੋਰ ਵਜ਼ੀਰ ਬਣਾਏ ਜਾਣੇ

ਇਕਨਾ ਫੌਜੀ ਸਲਾਮੀਆਂ ਲੈਣੀਆਂ ਨੇ ਚੰਗੇ ਚੰਗੇ ਪਕਵਾਨ ਵੀ ਮਾਣਨੇ ਨੇ

ਝੌਂਪੜਪਟੀਆਂ ਵਿਚ ਦਿਨ ਕਟਣ ਵਾਲਿਆਂ ਨੇ ਢਿਡੋਂ ਭੁਖੇ ਜੁਆਕ ਸੁਲਾਏ ਜਾਣੇ

ਅਨਦਾਤਾ ਕਿਰਸਾਨ ਦੀ ਫਿਕਰ ਕਿਸਨੂੰ ਮਾਲ ਉਸਦਾ ਰੁਲੇ ਵਿਚ ਮੰਡੀਆਂ ਦੇ

ਲੋਕੀ ਕਰ ਨਾ ਦੇਣ ਵਿਦਰੋਹ ਕਿਧਰੇ ਘੋਟੋ ਜਿਹੇ ਕਾਨੂੰਨ ਬਣਾਏ ਜਾਣੇ

ਜੇਹੜੇ ਧਰਮ ਦਾ ਵਾਸਤਾ ਪਾਪਾ ਕੇ ਆਪੋ ਵਿਚ ਨੇ ਤੈਂਨੂੰ ਲੜਾਈ ਜਾਂਦੇ

ਜੇ ਨਾਂ ਉਹਨਾ ਦੀ ਤੈਂ ਪਹਿਚਾਣ ਕੀਤੀ ਦੁਖ ਉਮਰਾਂ ਦੇ ਫੇਰ ਹੰਢਾਏ ਜਾਣੇ

ਮਤ ਦਾਨ ਵੇਲੇ ਜੇ ਨਾ ਮਤ ਵਰਤੀ, ਦਿਤੇ ਮਤ ਜੇ ਭੁਕੀ ਸ਼ਰਾਬ ਬਦਲੇ

" ਘੱਗ " ਦੋਸ਼ ਫੇਰ ਕਰਮਾਂ ਨੂੰ ਕਿਉਂ ਦੇਮੇ ਆਪੇ ਸਾਜ ਕੇ ਨਰਕ ਹੰਢਾਏ ਜਾਣੇ

**– ਮੁਹਿੰਦਰ ਸਿੰਘ ਘੱਗ**

# ਰੁੱਖ

ਆਪ ਖੜੇ ਰਹਿੰਦੇ ਧੁੱਪੇ
ਸਾਨੂੰ ਕਰਦੇ ਨੇ ਛਾਵਾਂ ,,
ਇਹਨਾਂ ਬੁਢੇ ਰੁੱਖਾਂ ਉਤੇ
ਮੈਂ ਵਾਰੇ ਵਾਰੇ ਜਾਵਾਂ ॥
ਸ਼ਾਂ ਰਵੇ ਓਹ ਮਹਿਕਦੀ
ਮੈਂ ਬੂਟਾ ਜਿੱਥੇ ਲਾਵਾਂ ,,
ਰਹਿਣ ਇੱਕੋ ਥਾਂ ਖਲੋਤੇ
ਵੱਖ ਕਰਦੇ ਨਾ ਥਾਵਾਂ ॥
ਇਹਨਾਂ ਰੁੱਖਾਂ ਉਤੇ
ਤੱਕਿਆ ਐ ਮੈਂ ,,
ਸੱਚੇ ਪਰੇਮੀਆਂ ਦੀ
ਯਾਦ ਦਾ ਸਿਰਨਾਮਾਂ ॥
ਬੱਚੇ ਖੇਡਦੇ ਥੱਲੇ
ਇੱਕਠੇ ਕਰ ਕੇ ਚਾਵਾਂ ,,
ਕੁੜੀਆਂ ਪਾਉਂਦੀਆਂ ਪੀਘਾਂ
ਪੱਤੇ ਇੱਕਠੇ ਕਰਦੀਆਂ ਮਾਵਾਂ ॥
ਇਹਨਾਂ ਰੁੱਖਾਂ ਦੀ ਹੋਂਦ
ਅੱਜ ਖੱਤਰੇ ਚ ਜਾਪੇ ,,
ਨਾ ਵੱਡੋ ਇਹਨਾਂ ਨੂੰ
ਮੈਂ ਅਰਜ ਗੁਜਾਰਾਂ ॥
ਕਿੱਥੋ ਲਵੋਗੇ ਸਾਹ
ਜੇ ਰੁੱਖ ਹੀ ਨਾ ਰਹੇ ,,
ਮਰਨ ਤੋਂ ਸਵਾਏ ਸਾਡੇ
ਕੋਲ ਬਚਣਾ ਨੀ ਕੋਈ ਚਾਰਾ ॥
ਹੱਸਪਤਾਲ ਵਿੱਚ ਜੋ ਪਏ
ਮਰੀਜ ਪੁੱਛੋ ਉਹਨਾਂ ਕੋਲੋ ਜਾ ,,
ਸਾਹ ਕਿੰਨੇ ਕੁ ਆ ਮਹਿੰਗੇ
ਮੈਂ ਝੁੱਠੀਆਂ ਕਰਾ ਨਾ ਵਿਚਾਰਾ ॥

**ਜੱਸ ਖੰਨੇ ਵਾਲਾ**
9914926342

# ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ

ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਕਦੇ ਫਿੱਕੇ ਕਦੇ ਇਹ ਗੂੜ੍ਹੇ ਨੇ
ਅਕਸਰ ਲੱਗਦਾ ਰਹਿੰਦਾ ਜ਼ਿੰਦਗੀ 'ਚ
ਕੰਮ ਅਜੇ ਵੀ ਬੜੇ ਅਧੂਰੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ ..

ਛੋਟੇ ਹੁੰਦਿਆਂ ਨੂੰ ਮਾਪੇ ਖੁਆਉਂਦੇ ਨੇ
ਸਾਨੂੰ ਬੋਲਣਾ ਤੱਕ ਸਿਖਾਉਂਦੇ ਨੇ
ਮਾਪੇ ਤੱਕਦੇ ਆਪਾਂ ਪੜ੍ਹ ਜਾਈਏ
ਸਾਨੂੰ ਵਿਚ ਸਕੂਲਾਂ ਪਾਉਂਦੇ ਨੇ
ਉਦੋਂ ਫਿੱਕੇ ਰੰਗਾਂ ਦਾ ਨਹੀਂ ਪਤਾ ਹੁੰਦਾ
ਤੇ ਰੰਗ ਲੱਗਦੇ ਸਾਰੇ ਹੀ ਗੂੜ੍ਹੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਕਦੇ ਫਿੱਕੇ, ਕਦੇ ਇਹ ਗੂੜ੍ਹੇ ਨੇ।

ਫਿਰ ਪੈਰ ਅੱਗੇ ਨੂੰ ਧਰਦੇ ਆਂ
ਕੰਮਕਾਰ ਵੀ ਆਪਾਂ ਕਰਦੇ ਆਂ
ਜ਼ਿੰਮੇਵਾਰੀਆਂ ਸਿਰ 'ਤੇ ਆਉਂਦੀਆਂ ਨੇ
ਜਿਹੜੀਆਂ ਸਾਨੂੰ ਤੇਜ ਦੁੜਾਉਂਦੀਆਂ ਨੇ
ਕਦੇ ਕਦੇ ਫੇ ਜ਼ਿੰਦਗੀ ਚਾਨਣ ਵਰਗੀ
ਤੇ ਕਦੇ ਘੁੱਪ ਹਨੇਰੇ ਗੂੜ੍ਹੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਕਦੇ ਫਿੱਕੇ, ਕਦੇ ਇਹ ਗੂੜ੍ਹੇ ਨੇ।

ਫੇ ਇਕ ਦਿਨ ਮਾਪੇ ਤੁਰ ਜਾਂਦੇ
ਹੰਝੂ ਲੱਖ ਕਰੋੜਾਂ ਰੁੜ੍ਹ ਜਾਂਦੇ
ਗੂੜ੍ਹੇ ਰੰਗ ਫਿੱਕੇ ਫੇ ਪੈ ਜਾਂਦੇ
ਕੰਮ ਧਰੇ ਧਰਾਏ ਰਹਿ ਜਾਂਦੇ
ਉਦੋਂ ਗੱਲ ਬੰਦੇ ਨੂੰ ਸਮਝ ਆਉਂਦੀ
ਬਿਨ ਮਾਪਿਆਂ ਦੇ ਬੱਚੇ ਅਧੂਰੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਕਦੇ ਫਿੱਕੇ, ਕਦੇ ਇਹ ਗੂੜ੍ਹੇ ਨੇ।

ਫੇ ਹੱਡ ਕਮਜ਼ੋਰ ਜਿਹੇ ਪੈ ਜਾਂਦੇ
ਕੁਝ ਆਪਣੇ ਦੂਰ ਹੋ ਬਹਿ ਜਾਂਦੇ
ਆਸਾਂ ਜਿਹਨਾਂ ਤੇ ਪੱਕੀਆਂ ਰੱਖੀਆਂ ਸੀ
ਕਈ ਉਹ ਵੀ ਅਲਵਿਦਾ ਕਹਿ ਜਾਂਦੇ
ਪੱਕੇ ਰੰਗ ਗੂੜ੍ਹੇ ਜਦ ਪੈਣ ਫਿੱਕੇ
ਫੇ ਅੱਖਾਂ ਲੱਭਦੀਆਂ ਕਿੱਥੇ ਰੰਗ ਗੂੜ੍ਹੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਕਦੇ ਫਿੱਕੇ, ਕਦੇ ਇਹ ਗੂੜ੍ਹੇ ਨੇ।

'ਧਾਮੀ' ਗੱਲ ਰੰਗਾਂ ਦੀ ਕਰਦਾ ਏ
ਪਰ ਫਿੱਕੇ ਰੰਗਾਂ ਤੋਂ ਡਰਦਾ ਏ
ਸ਼ਾਇਦ ਸਭ ਨੂੰ ਡਰ ਸਤਾਉਂਦਾ ਹੋਊ
ਐਵੇਂ ਲੱਗਦਾ ਇਹ ਇਕ ਪੜਦਾ ਏ
ਮਿਹਰਾਂਵਾਲਾ ਜੇ ਮਿਹਰਾਂ ਕਰੀ ਰੱਖੇ
ਫੇ ਰੰਗ ਜ਼ਿੰਦਗੀ ਦੇ ਸਾਰੇ ਹੀ ਗੂੜ੍ਹੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ
ਅਕਸਰ ਲੱਗਦਾ ਰਹਿੰਦਾ ਜ਼ਿੰਦਗੀ 'ਚ
ਕੰਮ ਅਜੇ ਵੀ ਬੜੇ ਅਧੂਰੇ ਨੇ
ਜ਼ਿੰਦਗੀ ਦੇ ਰੰਗਾਂ ਦੀ ਕੀ ਗੱਲ ਕਰੀਏ।

**-ਜੁਗਿੰਦਰ ਧਾਮੀ 'ਪਿੱਪਲਾਂਵਾਲੀਆ'**
530-844-0987



# ਵਫ਼ਾਦਾਰੀ ਕਿ ਭੇਡ-ਚਾਲ?

ਸੁੱਤੇ ਪਏ ਹਲੂਣੇ ਤੋਂ ਉਠ ਪੈਂਦੇ
ਹੁੱਝਾਂ ਮਾਰਨ ਦਾ ਫਾਇਦਾ ਕੀ ਮੁਰਦਿਆਂ ਨੂੰ।

ਲਿਖਿਆ ਕੰਧ 'ਤੇ ਮੂਲੋਂ ਨਾ ਨਜ਼ਰ ਆਵੇ
ਲੋਕ-ਮਨਾਂ 'ਚੋਂ ਦਿਨੋ ਦਿਨ ਖੁਰਦਿਆਂ ਨੂੰ।

'ਵਕਤੀ ਲਾਭ' ਦੇ ਹੇਠਾਂ ਹੀ ਦੱਬ ਲੈਂਦੇ
ਸੱਚ ਹੱਕ ਦੇ ਫੁਰਨਿਆਂ ਫੁਰਦਿਆਂ ਨੂੰ।



**ਤਰਲੋਚਨ ਸਿੰਘ ਦੁਪਾਲਪੁਰ**
001-408-915-1268

ਮੂਰਖ ਸਿਰੇ ਦੇ ਕਹੇ ਜਹਾਨ ਸਾਰਾ
ਵੇਲਾ ਬੀਤੇ ਤੋਂ ਬਾਅਦ ਵਿਚ ਝੁਰਦਿਆਂ ਨੂੰ।

ਸਮਾਂ ਦੇਖਦਾ ਨਦੀ ਵਿਚ ਗਰਕ ਹੁੰਦੇ
ਕੱਚੀ ਮਿੱਟੀ ਦੇ ਕੰਢਿਆਂ ਖੁਰਦਿਆਂ ਨੂੰ।

ਵਫਾਦਾਰ ਜਾਂ 'ਹੋਰ ਕੁਝ' ਆਖੀਏ ਜੀ
ਭੇਡਾਂ ਵਾਂਗ ਸਿਰ ਸੁੱਟ ਕੇ ਤੁਰਦਿਆਂ ਨੂੰ!

# ਪਗੜੀ ਸੰਭਾਲ ਜੱਟਾ.

**ਗੁਰਦੀਸ਼ ਕੌਰ ਗਰੇਵਾਲ**

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਲੁੱਟ ਲਈ ਜਵਾਨੀ ਤੇਰੀ, ਨਸ਼ਿਆਂ ਦੇ ਮਾਲ ਓਏ।
ਨਸ਼ੇ ਦੇ ਵਪਾਰੀ ਅੱਜ, ਚੋਗਾ ਹੈ ਖਲਾਰਿਆ।
ਤੇਰੇ ਜਹੇ ਭੋਲਿਆਂ ਲਈ, ਜਾਲ ਹੈ ਪਸਾਰਿਆ।
ਚੂਸ ਲਿਆ ਰੱਤ ਤੇਰਾ, ਜੁੱਸਾ ਦਿੱਤਾ ਗਾਲ਼ ਓਏ
ਪਗੜੀ.....
ਦੁੱਧ ਘਿਓ ਨਾਲ ਪਲੀ, ਤੇਰੀ ਇਹ ਜਵਾਨੀ ਸੀ।
ਦੁਨੀਆਂ 'ਚ ਤੇਰਾ ਕੋਈ, ਹੋਰ ਨਹੀਉਂ ਸਾਨੀ ਸੀ।
ਮੇਲਿਆਂ ਤੇ ਛਿੰਜਾਂ ਵਿੱਚ, ਪਾਉਂਦਾ ਸੈਂ ਧਮਾਲ ਓਏ
ਪਗੜੀ.....
ਤੇਰੇ ਉੱਤੇ ਦੇਸ਼ ਨੂੰ ਤਾਂ, ਸਦਾ ਰਿਹਾ ਮਾਣ ਓਏ।
ਜੱਗ ਵਿੱਚ ਰਹੀ ਤੇਰੀ, ਵੱਖਰੀ ਪਛਾਣ ਓਏ।
ਚਿਹਰੇ ਉੱਤੇ ਫੱਬਦਾ ਸੀ, ਤੇਰੇ ਤਾਂ ਜਲਾਲ ਓਏ
ਪਗੜੀ.....
ਅੰਨ ਦਾਤਾ ਜੱਗ ਦਾ ਤੂੰ, ਬਣਿਆਂ ਸੈਂ ਸੋਹਣਿਆਂ।
ਧੰਨ ਤੇਰੀ ਮਾਤਾ ਜਿਸ, ਜਣਿਆਂ ਸੈਂ ਸੋਹਣਿਆਂ।
ਭੁੱਖ ਨਾਲ ਵਿਲਕਦੇ ਨੇ, ਅੱਜ ਤੇਰੇ ਬਾਲ ਓਏ
ਪਗੜੀ.....
ਧਾੜਵੀ ਵਿਦੇਸ਼ੀਆਂ ਨੂੰ, ਠੱਲ੍ਹ ਤੂੰਹੀਂਓ ਪਾਉਂਦਾ ਸੈਂ।
'ਦੀਸ਼' ਜਹੀਆਂ ਭੈਣਾਂ ਦੀ ਤੂੰ, ਪੱਤ ਵੀ ਬਚਾਉਂਦਾ ਸੈਂ।
ਜੱਗ ਦੇ ਲਈ ਬਣ ਜਾ ਤੂੰ, ਫਿਰ ਤੋਂ ਮਿਸਾਲ ਓਏ
ਪਗੜੀ......

## ਪੁਸਤਕ ਸਮੀਖਿਆ

# ਲੋਕ ਗੀਤ ਸੰਗ੍ਰਹਿ "ਬਾਬਲ ਕਾਜ ਰਚਾਇਆ"- ਸਤਿੰਦਰ ਕੌਰ ਕਾਹਲੋਂ

ਬਾਬਲ ਕਾਜ ਰਚਾਇਆ
ਨੀ ਤੂੰ ਜਾਹ , ਜਾਹ ਬੀਬੀ ਬਾਬਲ ਵੇਹੜੇ
ਬਾਬਲ ਕਾਜ ਰਚਾਇਆ
ਨੀ ਤੂੰ ਦੇ , ਮਾਏਂ ਚਾਵਲੜੇ
ਖੰਡ ਰਸ ਮੇਵੇ ਦੀਆਂ ਪੁੜੀਆਂ।
ਖੰਡ ਰਸ ਥੋੜੀ, ਸੱਜਣ ਬਹੁਤੇ ਆਏ
ਬਾਬਲ ਦੋ ਦਿਲਾ ਹੋਇਆ ।
ਵੇ ਨਾ ਹੋ , ਹੋ ਬਾਬਲ ਦੋ ਦਿਲਾ
ਸਤਿਗੁਰੂ ਕਾਜ ਰਚਾਇਆ ।

ਲੋਕ ਗੀਤ ਲੋਕ ਮਨ ਦਾ ਪ੍ਰਗਟਾਅ ਹੈ ਵਿਆਹ ਸ਼ਾਦੀਆਂ ਸਮੇਂ ਔਰਤਾਂ ਆਪਣੇ ਮਨ ਦੀਆਂ ਗੁੰਝਲਾਂ ਦਾ ਪ੍ਰਗਟਾਅ ਲੋਕ ਗੀਤਾਂ ਦੇ ਕਿਸੇ ਨਾ ਕਿਸੇ ਰੂਪ ਵਿੱਚ ਕਰਦੀਆਂ ਹਨ,ਪੰਜਾਬ ਲੋਕ-ਗੀਤਾਂ ਦੀ ਧਰਤੀ ਹੈ, ਇੱਥੋਂ ਦਾ ਹਰ ਇੱਕ ਵਾਸੀ ਗੀਤਾਂ ਵਿਚ ਜਨਮ ਲੈਂਦਾ ਹੈ, ਗੀਤਾਂ ਵਿੱਚ ਬਚਪਨ ਗੁਜ਼ਾਰਦਾ, ਗੀਤਾਂ ਵਿੱਚ ਹੀ ਪਲ ਕੇ ਜਵਾਨ ਹੁੰਦਾ, ਗੀਤਾਂ ਵਿੱਚ ਵਿਆਹਿਆ ਜਾਂਦਾ ਗੀਤਾਂ ਵਿੱਚ ਗ੍ਰਹਿਸਤੀ ਜੀਵਨ ਭੋਗਦਾ ਅਤੇ ਅੰਤ ਗੀਤਾਂ ਵਿਚ ਹੀ ਮਰ ਜਾਂਦਾ ਹੈ।ਇਸ ਪ੍ਰਕਾਰ ਲੋਕ-ਗੀਤਾਂ ਦਾ ਸੰਬੰਧ ਦੇ ਸਮੁੱਚੇ ਸੱਭਿਆਚਾਰਕ ਜੀਵਨ ਹੈ। ਲੋਕ-ਗੀਤ ਲੋਕ-ਦਿਲਾਂ ਵਿੱਚੋਂ ਆਪ ਮੁਹਾਰੇ ਫੁੱਟਦੇ ਹਨ। ਲੋਕ ਗੀਤਾਂ ਦੇ ਕਈ ਰੂਪ ਹਨ ਜਿਨ੍ਹਾਂ ਦਾ ਸੰਬੰਧ ਵੱਖ ਵੱਖ ਖ਼ੁਸ਼ੀ ਤੇ ਗਮੀ ਦੇ ਮੌਕਿਆਂ, ਖੇਡਾਂ ਤੇ ਰਸਮਾਂ ਰੀਤਾਂ ਨਾਲ ਹੈ ।

ਸਤਿੰਦਰ ਕੌਰ ਕਾਹਲੋਂ ਜੀ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲੇ ਸ਼ਹਿਰ ਦੇ ਰਹਿਣ ਵਾਲੇ ਹੈ ਅਤੇ ਕਿਤੇ ਵਜੋਂ ਅੰਗਰੇਜ਼ੀ ਲੈਕਚਰਾਰ ਦੀ ਸੇਵਾ ਨਿਭਾ ਰਹੇ ਹਨ ਸਤਿੰਦਰ ਕੌਰ ਕਾਹਲੋਂ ਜੀ ਨੂੰ ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਲਾਘਾਯੋਗ ਸੇਵਾਵਾਂ ਦੇਣ ਲਈ ਉੱਤਮ ਅਧਿਆਪਕ ਵਜੋਂ ਰਾਜ ਪੁਰਸਕਾਰ ਵੀ ਮਿਲ ਚੁੱਕਿਆ ਹੈ ।ਅੰਤਰਰਾਸ਼ਟਰੀ ਪੱਧਰ ਤੇ ਸਾਰਕ, ਏਕਤਾ ਐਵਾਰਡ, ਮਹਿਲਾ ਦਿਵਸ ਤੇ ਸ਼ੋਮਣੀ ਸ਼ਕਤੀ ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ ਸਭਿਆਚਾਰ ਪ੍ਰੋਗਰਾਮਾਂ ਦੇ ਜ਼ਿਲ੍ਹਾ ਕੋਆਰਡੀਨੇਟਰ ਵੀ ਹਨ । ਲੰਮੇ ਸਮੇਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਮੁਕਾਬਲਿਆਂ, ਯੂਥ ਫੈਸਟੀਵਲ ਅਤੇ ਹੋਰ ਵਿਰਾਸਤੀ ਮੁਕਾਬਲਿਆਂ ਵਿੱਚ ਜੱਜ ਵਜੋਂ ਜਾਣ ਦਾ ਮੌਕਾ ਮਿਲਿਆ ਹੈ ਸਤਿੰਦਰ ਕੌਰ ਕਾਹਲੋਂ ਜੀ ਕਹਿੰਦੇ ਹਨ ਕਿ ਮੈਨੂੰ ਉਦੋਂ ਬੜੀ ਨਿਰਾਸ਼ਾ ਹੁੰਦੀ ਹੈ ਜਦੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਲੋਕ ਗੀਤ ਦੇ ਅਸਲੇ ਦਾ ਹੀ ਪਤਾ ਨਹੀਂ ਹੁੰਦਾ ਹੈ। ਲੰਮੇ ਗੀਤਾਂ ਵਿੱਚ ਮਾਡਰਨ ਗੀਤਾਂ ਦੀ ਮਿਲਾਵਟ ਕੀਤੀ ਹੁੰਦੀ ਹੈ। ਸਤਿੰਦਰ ਕੌਰ ਕਾਹਲੋਂ ਜੀ ਨੇ ਪੁਸਤਕ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ।

ਸੁਹਾਗ, ਘੋੜੀਆਂ ਅਤੇ ਲੰਮੀ ਹੇਕ ਵਾਲੇ ਗੀਤ ਹੈ ਉਨ੍ਹਾਂ ਨੇ ਲੋਕ ਗੀਤ ਆਪਣੀ ਮਾਂ, ਮਾਸੀਆਂ ਮਾਮੀਆਂ ਭੈਣਾਂ ਭਰਜਾਈਆਂ ਕੋਲੋਂ ਖ਼ੁਦ ਸੁਣੇ ਹਨ ।ਅਤੇ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ।

ਇਸ ਤੋਂ ਪਹਿਲਾਂ ਸਤਿੰਦਰ ਕੌਰ ਕਾਹਲੋਂ ਜੀ




ਸਬਰ ਦਾ ਫਲ ਮਿੱਠਾ (ਬਾਲ ਕਹਾਣੀਆਂ ) ਸਿਆਣਾ ਕਾਂ (ਬਾਲ ਕਹਾਣੀਆਂ), ਲੋਕ ਬੋਲਿਆਂ, ਬਾਲ ਕਾਵਿ ਕਿਆਰੀ, ਸਫ਼ਰ -ਏ-ਸ਼ਹਾਦਤ (ਬੱਚਿਆਂ ਲਈ) ਪਾਠਕਾਂ ਦੀ ਝੋਲੀ ਪਾ ਚੁੱਕੇ ਹਨ।

ਅੰਤ ਵਿੱਚ ਸ਼ੁੱਭ ਕਾਮਨਾਵਾਂ ਦੇ ਨਾਲ ''ਬਾਬਲ ਕਾਜ ਰਚ-ਇਆ'' ਚੋਂ ਨਜ਼ਰ ਕਰਦੀ ਹਾਂ

**ਸੁਹਾਗ, ਕਣਕ ਛੋਲਿਆਂ ਦਾ ਖੇਤ**

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿੱਸਰ ਗਿਆ ।
ਬਾਬਲ ਧਰਮੀ ਦਾ ਦੇਸ ਹੌਲੀ ਹੌਲੀ ਵਿੱਸਰ ਗਿਆ
ਮਾਤਾ ਔਂਡੜੇ ਬੋਲ ਨਾ ਬੋਲ ਅਸੀਂ ਤੇਰੇ ਨਾ ਆਵਾਂਗੇ
ਬਾਬਲ ਧਰਮੀ ਦੇ ਦੇਸ ਕਦੀ ਫੇਰਾ ਪਾ ਜਾਵਾਂਗੇ ।

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿੱਸਰ ਗਿਆ ।
ਵੀਰੇ ਧਰਮੀ ਦਾ ਦੇਸ ਹੌਲੀ ਹੌਲੀ ਵਿੱਸਰ ਗਿਆ
ਭਾਬੋ ਔਂਡੜੇ ਬੋਲ ਨਾ ਬੋਲ ਅਸੀਂ ਤੇਰੇ ਨਾ ਆਵਾਂਗੇ
ਵੀਰੇ ਧਰਮੀ ਦੇ ਦੇਸ ਕਦੀ ਫੇਰਾ ਪਾ ਜਾਵਾਂਗੇ ।

ਕਣਕ ਛੋਲਿਆਂ ਦਾ ਖੇਤ ਹੌਲੀ ਹੌਲੀ ਨਿੱਸਰ ਗਿਆ ।
ਚਾਚੇ ਧਰਮੀ ਦਾ ਦੇਸ ਹੌਲੀ ਹੌਲੀ ਵਿੱਸਰ ਗਿਆ
ਚਾਚੀ ਔਂਡੜੇ ਬੋਲ ਨਾ ਬੋਲ ਅਸੀਂ ਤੇਰੇ ਨਾ ਆਵਾਂਗੇ
ਚਾਚੇ ਧਰਮੀ ਦੇ ਦੇਸ ਕਦੀ
ਫੇਰਾ ਪਾ ਜਾਵਾਂਗੇ ।



**ਅਰਵਿੰਦਰ ਸੰਧੂ**
**ਸਿਰਸਾ (ਹਰਿਆਣਾ)**




## Thinking of Buying or Selling Houses or Businesses within Sacramento to Bay Area?

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




2 bdrm, 2.0 full bath
1,116 sq ft
Lot size: 436
Current Rent: $1450.00
Listing Price: $149,000




3 bdrm, 1.0 full bath
1,000 sq ft
Lot size: 5,998
Listing Price: $259,000





4 bdrm, 2.0 full bath
1,596 sq ft
Lot size: 6,098
Listing Price: $289,900




3-4 bdrm, 2.0 full bath
1,492 sq ft
Lot size: 6,469
Listing Price: $319,000




5 bdrm, 2.5 full bath
2,504 sq ft
Lot size: 6,574
Listing Price: $419,000




Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




BERKSHIRE HATHAWAY Home Services

76 · Comfort Inn & Suites · ARCO ampm · Hampton Inn & Suites by Hilton · Holiday Inn Express & Suites · Chevron · Mobil · Courtyard Marriott · Shell

## Buying or Selling Hotels and Gas Stations? Call Now- 916-271-5404




## OFFICE: 7412 ELSIE AVE., SACRAMENTO, CA 95828


TOTAL ENTERTAINMENT, POC MEDICAL SYSTEM &
Kashmir Bhatia, Zack Ram, Paul Ram and Ashwani Bhakhri
Proudly Presents
LOPOKE BROTHERS
(FOLK SINGER)
AFSANA KHAN
(RISING STAR)
RANJIT RANA
(PUNJABI SINGER)
SUNIL SAJAL
(GAZALKAAR)
Bol PUNJAB De
BLESSINGS
MASTER DEEPAK JI
ਬੋਲ ਪੰਜਾਬ ਦੇ
Tour 2018
USA TOUR
For more Information:
AVTAR LAKHA- 209 200 0818 & 925 365 6410 VIJAY SINGH- 650 400 5156
VIJAY VIJ- 707 631 7665 ASHOK BHAURA- 510 415 3315 SIKANDER GREWAL- 916 613 6728
EMAIL:- totalentinc@gmail.com
AUGUST, SEPTEMBER & OCTOBER IN YOUR CITY.
POWERED BY
GAKHAL BROTHERS, TUT BROTHERS, A HHH CARE, PUNJABI DHABA DIWON, ASHWANI K BHAKRI LAW OFFICE, MIRAGE4 U, TANDOOR HAYWARD, SAKOON FREMONT, RAJA SWEET BAINS BROTHERS, TAJ E CHAAT, BAY AREA PCA, VIXI CUCINA ITALIAN, IKIK ENTERTAINMENT, JASWANT SINGH SHAAD (PAUL'S TRUCK WASH FERNLEY), MIKE BOPARAI BROS., DHARMINDER SINGH (GOLDEN STATE TRUCK SALES INC:), SURINDER SINGH SHERGILL.
PUBLICITY DESIGNS LAB ART MEDIA WORKS